
Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook. rajasweetsandcatering
Follow us on Twitter rajasweets


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com



## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਹੋਣ ਵਾਲੇ ਜੂਨ ਮਹੀਨੇ ਦੇ ਸਮਾਗਮ

**June 30, 2018. Blood Drive**

**at SRI GURU RAVIDASS TEMPLE on Saturday**

**Please register for donating blood, it is a noble cause. For more information regarding eligibility, you can click on the link below:**

**https://www.redcrossblood.org/faq.html#eligibility**

# ਇਵਾਂਕਾ ਟਰੰਪ ਤੇ ਜੇਅਰਡ ਕੁਸ਼ਨਰ ਦੀ ਕਮਾਈ ਦੇ ਵੇਰਵੇ ਜਨਤਕ

**ਵਾਸ਼ਿੰਗਟਨ–** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਧੀ ਤੇ ਜਵਾਈ ਨੇ ਪਿਛਲੇ ਸਾਲ ਵਾਈਟ ਹਾਊਸ ਵਿੱਚ ਸੇਵਾ ਨਿਭਾਉਂਦਿਆਂ ਬਾਹਰੀ ਸਰੋਤਾਂ ਤੋਂ 8.2 ਕਰੋੜ ਡਾਲਰ ਦੀ ਕਮਾਈ ਕੀਤੀ ਹੈ। ਵਾਸ਼ਿੰਗਟਨ ਪੋਸਟ ਦੀ ਰਿਪੋਰਟ ਮੁਤਾਬਕ ਅੱਜ ਜਾਰੀ ਹੋਏ ਵਿੱਤੀ ਖੁਲਾਸਿਆਂ ਤੋਂ ਪਤਾ ਚੱਲਿਆ ਹੈ ਕਿ ਇਵਾਂਕਾ ਟਰੰਪ ਨੂੰ ਵਾਸ਼ਿੰਗਟਨ ਵਿੱਚ ਟਰੰਪ ਇੰਟਰਨੈਸ਼ਨਲ ਹੋਟਲ ਦੀ ਹਿੱਸਾਪੱਤੀ ਤੋਂ 39 ਲੱਖ ਡਾਲਰ ਅਤੇ ਟਰੰਪ ਆਰਗੇਨਾਈਜੇਸ਼ਨ ਤੋਂ 20 ਲੱਖ ਡਾਲਰ ਦੀ ਤਨਖ਼ਾਹ ਦੇ ਰੂਪ ਵਿੱਚ ਮਿਲੇ ਹਨ। ਉਸ ਦੇ ਪਤੀ ਜੇਅਰਡ ਕੁਸ਼ਨਰ ਨੂੰ ਨਿਊ ਜਰਸੀ ਵਿੱਚ ਕੁਏਲ ਰਿਜ ਕੁਸ਼ਨਰ ਕੰਪਨੀਜ਼ ਅਪਾਰਟਮੈਂਟ ਕੰਪਲੈਕਸ ਤੋਂ 50 ਲੱਖ ਡਾਲਰ ਮਿਲੇ ਸਨ। ਕੁਸ਼ਨਰ ਨੇ ਆਪਣੇ ਪਰਿਵਾਰ ਦੀ ਰੀਅਲ ਅਸਟੇਟ ਕੰਪਨੀ ਨਾਲ ਜੁੜੀਆਂ ਦਰਜਨ ਭਰ ਕੰਪਨੀਆਂ ਤੋਂ ਹੋਈ ਲਗਪਗ 7 ਕਰੋੜ ਡਾਲਰ ਦੀ ਆਮਦਨ ਦਾ ਖ਼ੁਲਾਸਾ ਕੀਤਾ ਹੈ। ਕੁਸ਼ਨਰ ਤੇ ਇਵਾਂਕਾ ਨੇ ਵਾਈਟ ਹਾਊਸ ਵਿੱਚ ਸੇਵਾ ਨਿਭਾਉਣ ਕਰ ਕੇ ਆਪੋ ਆਪਣੀਆਂ ਕੰਪਨੀਆਂ ਦੀ ਦੇਖ ਰੇਖ ਦਾ ਜ਼ਿੰਮਾ ਫਿਲਹਾਲ ਛੱਡਿਆ ਹੋਇਆ ਹੈ। ਅਖ਼ਬਾਰ ਦੀ ਰਿਪੋਰਟ ਮੁਤਾਬਕ ਕੁਸ਼ਨਰ ਦੇ ਅਸਾਸੇ ਪਿਛਲੇ ਸਾਲ 17.9 ਕਰੋੜ ਡਾਲਰ ਤੋਂ ਵਧ ਕੇ 73.5 ਕਰੋੜ ਡਾਲਰ ਹੋ ਗਏ ਸਨ ਜਦਕਿ ਇਵਾਂਕਾ ਦੇ ਅਸਾਸੇ 5.53 ਕਰੋੜ ਡਾਲਰ ਤੋਂ ਵਧ ਕੇ 7.56 ਕਰੋੜ ਡਾਲਰ ਹੋ ਗਏ ਹਨ।



## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਹੋਣ ਵਾਲੇ ਜੂਨ ਮਹੀਨੇ ਦੇ ਸਮਾਗਮ

15 ਜੂਨ ਸ਼ੁੱਕਰਵਾਰ ਸੰਗਰਾਂਦ ਮਹੀਨਾ ਹਾੜ। ਸਮਾਂ ਸ਼ਾਮ 6 ਵਜੇ ਤੋਂ 8 ਵਜੇ ਤੱਕ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਸ. ਜਸਵੀਰ ਸਿੰਘ ਢਿੱਲੋਂ, ਬੀਬੀ ਨਰਿੰਦਰ ਕੌਰ ਢਿੱਲੋਂ ਪਰਿਵਾਰ ਵੱਲੋਂ ਕੀਤੀ ਜਾਵੇਗੀ ਜੀ।

ਸ਼ਹੀਦੀ ਜੋੜ ਮੇਲਾ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਮਿਤੀ 15, 16, 17 ਜੂਨ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ।

**15 ਜੂਨ 2018 ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**

**17 ਜੂਨ 2018 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ**

ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਢਾਡੀ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਜੀ।

16 ਜੂਨ 2018 ਸ੍ਰੀ ਸੁਖਮਨੀ ਸਾਬਿ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਸ. ਸੁਰਿੰਦਰਜੀਤ ਸਿੰਘ ਬੀਬੀ ਪਵਨ ਕੌਰ ਜੀ ਪਰਿਵਾਰ ਵੱਲੋਂ ਕੀਤੀ ਜਾਵੇਗੀ।

ਪ੍ਰਕਾਸ਼ ਉਤਸਵ ਸਤਿਗੁਰੂ ਕਬੀਰ ਮਹਾਰਾਜ ਜੀ ਮਿਤੀ 28, 29, 30 ਜੂਨ

28 ਜੂਨ 2018 ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ

30 ਜੂਨ 2018 ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।

ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ–ਢਾਡੀ ਹਰ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਜੀ।



## ਗੁਰੂ ਘਰ ਟਾਇਰਾ ਬਿਊਨਾ ਯੂਬਾ ਸਿਟੀ ਦੇ ਜੂਨ ਮਹੀਨੇ ਦੇ ਪ੍ਰੋਗਰਾਮ

13 ਜੂਨ ਬੁੱਧਵਾਰ ਤੋਂ 15 ਜੂਨ ਸ਼ੁੱਕਰਵਾਰ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਸੇਵਾ ਵੱਲੋਂ ਸਰਦਾਰ ਬਲਵਿੰਦਰ ਸਿੰਘ ਅਤੇ ਪਰਿਵਾਰ।

15 ਜੂਨ ਸ਼ੁੱਕਰਵਾਰ ਤੋਂ 17 ਜੂਨ ਐਤਵਾਰ ਸ੍ਰੀ ਅਖੰਡ ਪਾਠ ਸਾਹਿਬ ਸੇਵਾ ਅਤੇ ਲੰਗਰ ਸੇਵਾ ਵੱਲੋਂ ਸਰਦਾਰ ਹਰਮੇਸ਼ ਸਿੰਘ ਬੈਂਸ ਅਤੇ ਪਰਿਵਾਰ ਵੱਲੋਂ।

15 ਜੂਨ ਸ਼ੁੱਕਰਵਾਰ ਸੰਗਰਾਂਦ ਸਪੈਸ਼ਲ ਸਵੇਰ ਅਤੇ ਸ਼ਾਮ ਦੇ ਦੀਵਾਨ ਅਤੇ ਲੰਗਰ ਸੇਵਾ ਸਮੂਹ ਸਾਧ ਸੰਗਤ ਵੱਲੋਂ।

16 ਜੂਨ ਸ਼ਨਿਚਰਵਾਰ ਸ਼ਾਮ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਅਤੇ ਲੰਗਰ ਸੇਵਾ ਵੱਲੋਂ ਸ. ਹਰਵਿੰਦਰ ਸਿੰਘ ਬਿੱਲਾ, ਪਰਮਿੰਦਰ ਸਿੰਘ ਸਰਾਈ ਅਤੇ ਪਰਿਵਾਰ ਵੱਲੋਂ।

16 ਜੂਨ ਸ਼ਨਿਚਰਵਾਰ ਨੂ ਵਿਆਹ ਬੇਟੀ ਜਸਪ੍ਰੀਤ ਕੌਰ ਪੁੱਤਰੀ ਸ. ਨਰਿੰਦਰ ਸਿੰਘ ਮਾਨ।

17 ਜੂਨ ਐਤਵਾਰ ਸਵੇਰੇ ਦੀਵਾਨ (ਸ਼ਹੀਦੀ ਦੀਵਾਨ ਸ੍ਰੀ ਗੁਰੂ ਅਰਜਨ ਦੇਵ ਜੀ) ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ, ਕਥਾ ਕੀਰਤਨ ਦੀਵਾਨ ਅਤੇ ਲੰਗਰ ਦੀ ਸੇਵਾ ਵੱਲੋਂ ਸ. ਹਰਮੇਸ਼ ਸਿੰਘ ਬੈਂਸ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਏ.ਜੀ.ਪੀ.ਸੀ. ਨੇ ਭਾਰਤ 'ਚ ਲੰਗਰ ਲਈ ਕੇਂਦਰੀ ਸਹਾਇਤਾ ਨੂੰ ਕੀਤਾ ਅਸਵੀਕਾਰ

**ਸਾਨ ਫਰਾਂਸਿਸਕੋ (ਹੁਸਨ ਲੜੋਆ ਬੰਗਾ)–** ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੱਜ ਗੰਭੀਰ ਇਤਰਾਜ਼ ਪ੍ਰਗਟ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ. ਜੀ. ਪੀ. ਸੀ.) ਨੂੰ ਕਿਹਾ ਹੈ ਕਿ ਉਹ ਭਾਰਤ ਵਿਚਲੇ ਲੰਗਰ 'ਤੇ ਜੀ. ਐਸ. ਟੀ. ਦੀ ਛੋਟ ਦੇ ਬਦਲੇ ਕੇਂਦਰੀ ਵਿੱਤੀ ਸਹਾਇਤਾ ਤੋਂ ਗੁਰੇਜ਼ ਕਰਨ। ਉਨਾਂ ਕਿਹਾ ਕਿ ਅਜਿਹੀ ਸਹਾਇਤਾ ਸਿੱਖ ਸਿਧਾਂਤਾਂ ਅਤੇ ਦਰਸ਼ਨ ਦੇ ਵਿਰੁੱਧ ਹੈ ਅਤੇ ਲੰਗਰ ਦੀ ਸੇਵਾ ਲਈ ਕਿਸੇ ਵੀ ਅਨੁਦਾਨ ਤੋਂ ਇਨਕਾਰ ਕਰ ਦਿੱਤਾ ਜਾਣਾ ਚਾਹੀਦਾ ਹੈ।

ਇੱਥੇ ਜਾਰੀ ਇਕ ਬਿਆਨ 'ਚ ਏਜੀਪੀਸੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਸਾਂਝੇ ਤੌਰ 'ਤੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਨੇ 1 ਜੂਨ ਨੂੰ ਲੰਗਰ ਦੀ ਖਰੀਦ ਲਈ ਜੀ. ਐਸ. ਟੀ. ਬੰਦ ਕਰਨ ਦੀ ਘੋਸ਼ਣਾ ਕੀਤੀ ਸੀ, ਜਿਸ ਸਬੰਧੀ ਮਾਲੀ ਸਾਹਇਤਾ ਦਿੱਤੀ ਜਾਂਦੀ ਹੈ। ਜੋ ਕਿ ਸਿੱਖ ਸੰਗਤ ਨੂੰ ਮੰਨਣਯੋਗ ਨਹੀਂ ਹੈ। ਉਨਾਂ ਕਿਹਾ ਕਿ ਸਿੱਖ ਪੰਥ ਦਾ ਵੱਡਾ ਹਿੱਸਾ ਅਜਿਹੀ ਸਹਾਇਤਾ ਪ੍ਰਾਪਤ ਕਰਨ ਦੇ ਵਿਰੁੱਧ ਹੈ ਕਿਉਂਕਿ ਲੰਗਰ ਸੰਗਤ ਤੋਂ ਇਕੱਤਰ ਕੀਤੇ ਗਏ ਦਾਨ ਤੋਂ ਚੱਲਦਾ ਹੈ, ਨਾ ਕਿ ਸਰਕਾਰੀ ਮਦਦ ਨਾਲ।

ਉਨਾਂ ਕਿਹਾ ਕਿ ਜੀ. ਐਸ. ਟੀ. ਦੀ ਮੁੜ-ਵਸੀਲੇ ਲਈ 'ਵਿੱਤੀ ਸਹਾਇਤਾ' 'ਤੇ ਉਨਾਂ ਨੂੰ ਇਤਰਾਜ਼ ਹੈ। ਉਨਾਂ ਕਿਹਾ ਕਿ ਕੇਂਦਰ ਨੇ ਲੰਗਰ ਲਈ ਖਰੀਦੀਆਂ ਵਿਸ਼ੇਸ਼ ਵਸਤਾਂ 'ਤੇ ਕੇਂਦਰੀ ਵਸਤਾਂ ਅਤੇ ਸੇਵਾਵਾਂ ਟੈਕਸ (ਸੀ. ਜੀ. ਐਸ. ਟੀ.) ਅਤੇ ਇੰਟੈਗ੍ਰੇਟਿਡ ਗੁੱਡਜ਼ ਐਂਡ ਸਰਵਿਸਿਜ਼ ਟੈਕਸ (ਆਈ. ਜੀ. ਐਸ. ਟੀ.) ਦੇ ਹਿੱਸੇ ਦੀ ਅਦਾਇਗੀ ਕਰਨ ਦੀ ਘੋਸ਼ਣਾ ਕੀਤੀ ਸੀ ਪਰ ਅਜਿਹੀ ਸਹਾਇਤਾ ਸਾਡੇ ਲਈ ਸਵੀਕਾਰਨਯੋਗ ਨਹੀਂ ਹੈ। ਉਨਾਂ ਕਿਹਾ ਕਿ ਐਸ. ਜੀ. ਪੀ. ਸੀ. ਨੂੰ ਤੁਰੰਤ ਇਸ ਤਰਾਂ ਦੀ ਮਦਦ ਤੋਂ ਇਨਕਾਰ ਕਰ ਦੇਣਾ ਚਾਹੀਦਾ ਹੈ।

ਅਮਰੀਕੀ ਸਿੱਖ ਲੀਡਰਾਂ ਨੇ ਕਿਹਾ ਕਿ ਭਾਜਪਾ, ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਅਜਿਹੀਆਂ ਘੋਸ਼ਨਾਵਾਂ ਕਰਕੇ ਸਿੱਖਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਹੀ ਹੈ। ਉਨਾਂ ਕਿਹਾ ਕਿ ਲੰਗਰ ਦੀ ਸੇਵਾ ਹਮੇਸ਼ਾਂ ਕੌਮ ਦੁਆਰਾ ਕੀਤੀ ਜਾਂਦੀ ਹੈ ਅਤੇ ਇਸ ਤਰਾਂ ਕੋਈ ਸਰਕਾਰੀ ਮਦਦ ਪ੍ਰਾਪਤ ਨਹੀਂ ਕੀਤੀ ਜਾਂਦੀ। ਉਨਾਂ ਕਿਹਾ ਕਿ ਸਰਕਾਰ ਵਿੱਤੀ ਸਹਾਇਤਾ ਲਈ ਕੱਲ ਨੂੰ ਉਪਯੋਗਤਾ ਸਰਟੀਫਿਕੇਟ ਬਾਰੇ ਪੁੱਛ ਸਕਦੀ ਹੈ, ਜੋ ਕਿ ਸਿੱਖ ਦੇ ਵਿਸ਼ਵਾਸਾਂ ਦੇ ਉਲਟ ਹੈ। ਉਨਾਂ ਕਿਹਾ ਕਿ ਇਹ ਧਾਰਨਾ ਕਿ 'ਲੰਗਰ' ਇਕ 'ਮੁਫਤ ਭੋਜਨ' ਹੈ, ਉਹ ਸਹੀ ਨਹੀਂ ਹੈ। ਏਜੀਪੀਸੀ ਦੇ ਉਕਤ ਆਗੂਆਂ ਨੇ ਕਿਹਾ ਕਿ 'ਲੰਗਰ' ਆਮ ਜਨਤਾ ਦੁਆਰਾ ਖਾਣੇ ਦੀਆਂ ਚੀਜ਼ਾਂ 'ਚ ਦਖਲ ਅੰਦਾਜ਼ੀ ਜਾਂ ਯੋਗਦਾਨ ਦੁਆਰਾ ਚਲਾਇਆ ਜਾਂਦਾ ਹੈ, ਇਸ ਲਈ ਇਹ ਗੁਰੂਆਂ ਦੁਆਰਾ ਸ਼ੁਰੂ ਕੀਤੀ ਗਈ ਭਾਈਚਾਰਕ ਗਤੀਵਿਧੀ ਹੈ ਅਤੇ ਨਿਮਰਤਾ ਅਤੇ ਇਕਜੁਟਤਾ ਦੇ ਅੰਦਰੂਨੀ ਮੁੱਲ ਇਸ ਦੇ ਖ਼ਾਸ ਹਨ ਹਨ ਜੋ ਕਿ ਪਹਿਲਕਦਮੀ ਦੇ ਰੂਪ 'ਚ ਨਹੀਂ ਖਰੀਦਿਆ ਜਾ ਸਕਦਾ ਹੈ।

# ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ 2 ਸਤੰਬਰ ਨੂੰ ਹੋਵੇਗਾ

**ਸੈਕਰਾਮੈਂਟੋ (ਬਿਊਰੋ)–** ਬੀਤੇ ਦਿਨੀਂ ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੀ ਮੀਟਿੰਗ ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਦੀ ਪ੍ਰਧਾਨਗੀ ਹੇਠ ਹੋਈ।

ਮੀਟਿੰਗ ਦੇ ਆਰੰਭ ਵਿਚ ਪ੍ਰਸਿੱਧ ਦੇਸ਼ ਭਗਤ ਅਤੇ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਦੇ ਸਾਬਕਾ ਸਕੱਤਰ ਸ੍ਰੀ ਗਧਰਵ ਸੈਨ ਕੋਛੜ ਅਤੇ ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੇ ਮੈਂਬਰ ਸ੍ਰੀ ਹਰਪਾਲ ਸਿੰਘ ਸੰਘਾ ਦੇ ਦੇਹਾਂਤ 'ਤੇ ਅਫਸੋਸ ਪ੍ਰਗਟ ਕੀਤਾ ਗਿਆ।

ਜਥੇਬੰਦੀ ਵੱਲੋਂ ਸਰਬ ਸੰਮਤੀ ਨਾਲ ਇਸ ਸਾਲ ਮੇਲਾ ਸਤੰਬਰ ਦੇ ਪਹਿਲੇ ਹਫਤੇ ਸੈਕਰਾਮੈਂਟੋ ਵਿਚ ਕਰਵਾਉਣ ਦਾ ਫੈਸਲਾ ਕੀਤਾ ਗਿਆ। ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਮਹਾਨ ਗਦਰੀ ਸੂਰਬੀਰਾਂ ਪ੍ਰਤੀ ਸਮਰਪਿਤ ਹੈ। ਮਹਾਨ ਗਦਰੀ ਸੂਰਬੀਰਾਂ ਜਿਹਨਾਂ ਭਾਰਤੀ ਉਪ ਮਹਾਂਦੀਪ ਦੀ ਆਜ਼ਾਦੀ ਲਈ ਲਹੂ ਵੀਟਵੇਂ ਸੰਘਰਸ਼ ਕੀਤੇ, ਫਾਂਸੀਆਂ ਦੇ ਰੱਸੇ ਚੁੰਮੇ ਅਤੇ ਅੰਡੇਮਾਨ ਨਿਕੋਬਾਲ ਦੀਆਂ ਕੁੰਭੀ ਨਰਕ ਜੇਲ੍ਹਾਂ ਵਿਚ ਅਸਹਿ ਤਸੀਹੇ ਝੱਲੇ, ਸਿਰੜ ਨਹੀਂ ਹਾਰਿਆ। ਜਿਹਨਾਂ ਦੀਆਂ ਕੁਰਬਾਨੀਆਂ ਸਦਕਾ ਭਾਰਤ ਆਜ਼ਾਦ ਹੋ ਗਿਆ। ਆਜ਼ਾਦੀ ਆਈ ਅਤੇ ਵਕਤ ਦੀਆਂ ਸਰਕਾਰਾਂ ਨੇ ਉਹਨਾਂ ਦੀਆਂ ਕੁਰਬਾਨੀਆਂ ਨੂੰ ਵਿਸਾਰ ਦਿੱਤਾ ਗਿਆ। ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦਾ ਉਪਰਾਲਾ ਉਹਨਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨਾ ਅਤੇ ਘਰ-ਘਰ ਪਹੁੰਚਾਉਣਾ ਹੈ। ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਮਹਾਨ ਸ਼ਹੀਦ ਸ. ਕਰਤਾਰ ਸਿੰਘ ਸਰਾਭਾ ਦਾ ਜਨਮ ਦਿਨ 24 ਜੂਨ ਦਿਨ ਐਤਵਾਰ ਪਹਿਲਾਂ ਦੀ ਤਰ੍ਹਾਂ ਗੁਰੂ ਘਰ ਦਸਮੇਸ਼ ਦਰਬਾਰ ਸੈਕਰਾਮੈਂਟੋ ਵਿਚ ਮਨਾਇਆ ਜਾਵੇਗਾ। ਇਹ ਉਪਰਾਲਾ ਸੁਰਿੰਦਰ ਸਿੰਘ ਬਿੰਦਰਾ ਦੇ ਸਪੁੱਤਰ ਵਕੀਲ ਪ੍ਰਮਪ੍ਰੀਤ ਸਿੰਘ ਬਿੰਦਰਾ ਅਤੇ ਗਗਨ ਬਿੰਦਰਾ ਵੱਲੋਂ ਕੀਤਾ ਜਾਂਦਾ ਹੈ।



ਫਾਇਲ ਚਿੱਤਰ



ਜਥੇਦਾਰ ਸੁਖਦੇਵ ਸਿੰਘ ਭੌਰ ਕਨਵੀਨਰ ਪੰਥਕ ਫਰੰਟ ਅਤੇ ਸਾਬਕਾ ਕਾਰਜਕਾਰੀ ਪ੍ਰਧਾਨ ਤੇ ਜਨਰਲ ਸਕੱਤਰ ਸ਼੍ਰੋਮਣੀ ਕਮੇਟੀ, ਜੋ ਅਜਕਲ ਆਪਣੀ ਪ੍ਰਵਾਰਿਕ ਫੇਰੀ ਹਿਤ ਕੈਲੇਫੋਰਨੀਆਂ ਪਹੁੰਚੇ ਹੋਏ ਹਨ ! 18 ਜੂਨ ਤੱਕ ਸੰਪਰਕ ਨੰਬਰ 530-407-4406

**ਫੋਟੋ ਤੇ ਵੇਰਵਾ– ਤਰਲੋਚਨ ਸਿੰਘ ਦੁਪਾਲ ਪੁਰ**

## ਪੈਸਾ ਖੋਟਾ ਆਪਣਾ!

ਸਿੱਧੇ ਸਾਦੇ ਰਾਹ ਤਾਂਈਂ ਛੱਡ ਕੇ ਅਜੋਕਾ ਸਿੱਖ
ਡਿੱਗਣੇ ਲਈ ਡੇਰਿਆਂ ਦੇ ਖੂਹ ਨੂੰ ਜਾਵੇ ਨੱਸਿਆ।

ਚੰਗੇ-ਮਾੜੇ ਦਿਨਾਂ ਦੀ ਵਿਚਾਰ ਭੋਂਦੂ ਕਰੀ ਜਾਵੇ
ਪੁੰਨਿਆਂ ਤੇ ਮੱਸਿਆ ਦੀ ਪਾ ਲਈ ਐ ਸਮੱਸਿਆ।

ਸਹਿਜ ਸਬਰ ਤੇ ਸੰਤੋਖ ਕੱਢ ਜ਼ਿੰਦਗੀ 'ਚੋਂ
ਵਹਿਮ ਤੇ ਕਰਮ-ਕਾਂਡਾਂ ਨਾਲ ਇਹਨੂੰ ਕੱਸਿਆ।

ਜਿਹੜੀਆਂ ਅਲਾਮਤਾਂ ਤੋਂ ਦੂਰ ਰਹਿਣਾ ਆਖਿਆ ਸੀ
ਉਨ੍ਹਾਂ ਹੀ ਬਿਮਾਰੀਆਂ ਦੇ ਵਿਚ ਪਿਆ ਧੱਸਿਆ।

ਪੈਸਾ ਖੋਟਾ ਆਪਣਾ ਤੇ ਦੋਸ਼ ਦੇਈਏ ਬਾਣੀਏਂ ਨੂੰ
ਆਪੇ ਨੂੰ ਸੁਧਾਰਨਾ ਨਹੀਂ ਸਾਨੂੰ ਕਿਹਨੇ ਦੱਸਿਆ।

ਇਕ ਦਾ ਪੁਜਾਰੀ ਪੰਥ ਸਾਜਿਆ ਸੀ ਗੁਰੂ ਜੀ ਨੇ
ਸੈਂਕੜੇ ਪੁਜਾਰੀਆਂ ਦੇ ਜਾਲ ਵਿਚ ਫੱਸਿਆ!



**ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268

# ਭਾਰਤ ਵੱਲੋਂ 'ਇਕ ਪੱਟੀ ਇਕ ਸੜਕ' ਪ੍ਰਾਜੈਕਟ ਦਾ ਸਿੱਧਾ ਵਿਰੋਧ

**ਕਿੰਗਦਾਓ–** ਅੱਠ ਮੁਲਕਾਂ ਦੇ ਸ਼ੰਘਾਈ ਸਹਿਯੋਗ ਸੰਗਠਨ (ਐਸਸੀਓ) 'ਚ ਭਾਰਤ ਇਕਲੌਤਾ ਮੁਲਕ ਰਿਹਾ ਜਿਸ ਨੇ ਚੀਨ ਦੀ ਮਨ ਇੱਛਤ ਪੱਟੀ ਅਤੇ ਸੜਕ ਪਹਿਲ (ਬੀਆਰਆਈ) ਦਾ ਵਿਰੋਧ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਪੱਸ਼ਟ ਸ਼ਬਦਾਂ 'ਚ ਕਿਹਾ ਕਿ ਕਿਸੇ ਵੀ ਜੋੜਨ ਵਾਲੇ ਵੱਡੇ ਪ੍ਰਾਜੈਕਟ ਨੂੰ ਮੁਲਕਾਂ ਦੀ ਖੁਦਮੁਖਤਿਆਰੀ ਅਤੇ ਇਲਾਕਾਈ ਅਖੰਡਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ। ਦੋ ਦਿਨੀ ਸਿਖਰ ਸੰਮੇਲਨ ਦੀ ਸਮਾਪਤੀ 'ਤੇ ਅੱਜ ਸ੍ਰੀ ਮੋਦੀ ਸਮੇਤ ਸ਼ੰਘਾਈ ਸਹਿਯੋਗ ਸੰਗਠਨ ਦੇ ਆਗੂਆਂ ਨੇ ਐਲਾਨਨਾਮੇ 'ਤੇ ਦਸਤਖ਼ਤ ਕੀਤੇ। ਉਂਜ ਰੂਸ, ਪਾਕਿਸਤਾਨ, ਕਜ਼ਾਖ਼ਸਤਾਨ, ਉਜ਼ਬੇਕਿਸਤਾਨ, ਕਿਰਗਿਜ਼ਸਤਾਨ ਅਤੇ ਤਾਜਿਕਿਸਤਾਨ ਨੇ ਚੀਨ ਦੀ ਪੱਟੀ ਅਤੇ ਸੜਕ ਪਹਿਲ ਲਈ ਆਪਣੀ ਹਮਾਇਤ ਦਿੱਤੀ। ਸੰਮੇਲਨ ਦੌਰਾਨ ਆਪਣੇ ਸੰਬੋਧਨ 'ਚ ਸ੍ਰੀ ਮੋਦੀ ਨੇ ਬੀਆਰਆਈ ਦਾ ਸਿੱਧੇ ਤੌਰ 'ਤੇ ਹਵਾਲਾ ਦਿੰਦਿਆਂ ਭਰੋਸਾ ਦਿੱਤਾ ਕਿ ਭਾਰਤ ਅਜਿਹੇ ਪ੍ਰਾਜੈਕਟਾਂ ਨੂੰ ਹਮਾਇਤ ਦੇਵੇਗਾ ਜੋ ਸਮੁੱਚਤਾ ਨੂੰ ਯਕੀਨੀ ਬਣਾਉਂਦੇ ਹਨ। ਸ੍ਰੀ ਮੋਦੀ ਨੇ ਕਿਹਾ,''ਗੁਆਂਢੀ ਮੁਲਕਾਂ ਨਾਲ ਸੰਪਰਕ ਮਾਰਗਾਂ ਰਾਹੀਂ ਜੁੜਨਾ ਭਾਰਤ ਦੀ ਪ੍ਰਾਥਮਿਕਤਾ ਹੈ। ਅਸੀਂ ਉਨ੍ਹਾਂ ਕੁਨੈਕਟੀਵਿਟੀ ਪ੍ਰਾਜੈਕਟਾਂ ਦਾ ਸਵਾਗਤ ਕਰਾਂਗੇ ਜਿਹੜੇ ਸਥਾਈ ਤੇ ਢੁਕਵੇਂ ਹਨ ਅਤੇ ਜੋ ਮੁਲਕਾਂ ਦੀ ਇਲਾਕਾਈ ਅਖੰਡਤਾ ਤੇ ਖੁਦਮੁਖਤਿਆਰੀ ਦਾ ਸਤਿਕਾਰ ਕਰਦੇ ਹਨ।''



ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਪ੍ਰਾਜੈਕਟ ਦਾ ਭਾਰਤ ਸਖ਼ਤ ਵਿਰੋਧੀ ਰਿਹਾ ਹੈ ਕਿਉਂਕਿ 50 ਅਰਬ ਡਾਲਰ ਦਾ ਚੀਨ ਪਾਕਿਸਤਾਨ ਆਰਥਿਕ ਲਾਂਘਾ, ਜੋ ਬੀਆਰਆਈ ਦਾ ਹਿੱਸਾ ਹੈ, ਮਕਬੂਜ਼ਾ ਕਸ਼ਮੀਰ (ਪੀਓਕੇ) 'ਚੋਂ ਗੁਜ਼ਰਦਾ ਹੈ। ਸ੍ਰੀ ਮੋਦੀ ਨੇ ਸ਼ੀ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ ਹਾਜ਼ਰੀ 'ਚ ਕਿਹਾ ਕਿ ਕੌਮਾਂਤਰੀ ਉੱਤਰ ਦੱਖਣ ਲਾਂਘਾ ਪ੍ਰਾਜੈਕਟ 'ਚ ਸ਼ਮੂਲੀਅਤ, ਚਾਹਬਹਾਰ ਬੰਦਰਗਾਹ ਦੇ ਵਿਕਾਸ ਅਤੇ ਅਸ਼ਗਾਬਾਤ ਸਮਝੌਤਿਆਂ ਨਾਲ ਭਾਰਤ ਦੀ ਜੋੜਨ ਵਾਲੇ ਪ੍ਰਾਜੈਕਟਾਂ 'ਚ ਵਚਨਬੱਧਤਾ ਦਿਖਾਈ ਦਿੰਦੀ ਹੈ। ਆਪਣੇ ਸੰਬੋਧਨ 'ਚ ਪਾਕਿਸਤਾਨ ਦੇ ਰਾਸ਼ਟਰਪਤੀ ਮਮਨੂਨ ਹੁਸੈਨ ਨੇ ਖੁਲ੍ਹ ਦਿਲੀ ਨਾਲ ਬੀਆਰਆਈ ਦੀ ਹਮਾਇਤ ਕਰਦਿਆਂ ਕਿਹਾ ਕਿ ਇਸ ਨਾਲ ਪਾਕਿਸਤਾਨ ਦੇ ਅਰਥਚਾਰੇ 'ਚ ਸੁਧਾਰ ਆ ਰਿਹਾ ਹੈ। ਸ਼ੰਘਾਈ ਸਹਿਯੋਗ ਸੰਗਠਨ ਦੇ ਐਲਾਨਨਾਮੇ 'ਚ ਕਿਹਾ ਗਿਆ ਕਿ ਮੈਂਬਰ ਮੁਲਕਾਂ ਨੇ ਬੀਆਰਆਈ ਅਤੇ ਯੂਰੇਸ਼ੀਅਨ ਆਰਥਿਕ ਯੂਨੀਅਨ ਦੇ ਵਿਕਾਸ 'ਚ ਸਹਿਯੋਗ ਦੀਆਂ ਕੋਸ਼ਿਸ਼ਾਂ ਸਮੇਤ ਇਨ੍ਹਾਂ ਨੂੰ ਲਾਗੂ ਕਰਨ ਦੀ ਸ਼ਲਾਘਾ ਕੀਤੀ ਹੈ। ਐਸਸੀਓ ਮੈਂਬਰ ਮੁਲਕਾਂ ਨੇ ਕੌਮਾਂਤਰੀ, ਖੇਤਰੀ ਅਤੇ ਕੌਮੀ ਵਿਕਾਸ ਦੇ ਪ੍ਰਾਜੈਕਟਾਂ ਅਤੇ ਰਣਨੀਤੀਆਂ 'ਚ ਸਹਿਯੋਗ ਦੀ ਸਮਰੱਥਾ ਬਾਰੇ ਵੀ ਸੰਕੇਤ ਦਿੱਤੇ ਹਨ। ਪ੍ਰਧਾਨ ਮੰਤਰੀ ਨੇ 'ਸਕਿਓਰ' ਦਾ ਜ਼ਿਕਰ ਕੀਤਾ ਅਤੇ ਇਸ ਬਾਰੇ ਵਿਸਥਾਰ ਨਾਲ ਸਮਝਾਉਂਦਿਆਂ ਕਿਹਾ,''ਐਸ ਤੋਂ ਭਾਵ ਨਾਗਰਿਕਾਂ ਲਈ ਸੁਰੱਖਿਆ, ਈ ਤੋਂ ਮਤਲਬ ਆਰਥਿਕ ਵਿਕਾਸ, ਸੀ ਤੋਂ ਖੇਤਰ 'ਚ ਕੁਨੈਕਟੀਵਿਟੀ, ਯੂ ਤੋਂ ਏਕਤਾ, ਆਰ ਤੋਂ ਅਖੰਡਤਾ ਅਤੇ ਖੁਦਮੁਖਤਿਆਰੀ ਅਤੇ ਈ ਤੋਂ ਭਾਵ ਵਾਤਾਵਾਰਨ ਸੁਰੱਖਿਆ ਹੈ।''

'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

# ਗਿਆਨੀ ਅਮਰੀਕ ਸਿੰਘ ਜੀ ਦੀ ਨਵੀ ਕਿਤਾਬ "ਦਸਤਾਰ" ਸੰਗਤਾਂ ਦੇ ਸਨਮੁੱਖ ਕੀਤੀ ਗਈ





**ਫਰਿਜਨੋ–** ਗੁਰੂ ਹਰਗੋਬਿੰਦ ਪਾਤਸ਼ਾਹ ਜੀ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਤ ਸਨ। ਇਸ ਮੌਕੇ ਤੇ ਵਿਸ਼ੇਸ ਤੌਰ ਤੇ ਪਹੁੰਚੇ ਸਰਦਾਰ ਨਿਰਮਲ ਸਿੰਘ (ਸਾਬਕਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਗੁਰਦਵਾਰਾ ਨਿਊ ਯਾਰਕ) ਜੀ ਨੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ, ਬਾਅਦ ਵਿੱਚ ਉਹਨਾਂ ਨੂੰ ਸਿਰਿਪਾਓ ਨਾਲ ਸਨਮਾਨਤ ਕੀਤਾ ਗਿਆ। ਨਾਲ ਹੀ PTC Channel ਤੋਂ ਪਹੁੰਚੇ ਸੰਜੀਵ ਜੀ ਨੂੰ ਵੀ ਸਿਰਿਪਾਓ ਨਾਲ ਸਨਮਾਨਤ ਕੀਤਾ ਗਿਆ। ਪੰਥ ਦੇ ਮਹਾਨ ਕਥਾਵਾਚਕ ਭਾਈ ਸਾਹਬ ਗਿਆਨੀ ਅਮਰੀਕ ਸਿੰਘ ਜੀ ਨੂੰ ਗੁਰੂਘਰ ਪ੍ਰਬੰਧਕ ਕਮੇਟੀ ਅਤੇ ਸਮੂਹ ਫਰਿਜਨੋਂ ਦੀ ਸੰਗਤ ਵਲੋਂ ਉਹਨਾਂ ਦੀ ਨਵੀਂ ਕਿਤਾਬ "ਦਸਤਾਰ" ਦੀ ਵਧਾਈ ਦਿੱਤੀ ਗਈ ਤੇ ਨਾਲ ਹੀ ਉਹਨਾਂ ਪੰਥ ਦੇ ਦੋਖੀਆਂ ਨੂੰ ਚੇਤਾਵਨੀਂ ਵੀ ਦਿੱਤੀ ਗਈ, ਜਿਹਨਾਂ ਨੇ ਪਿਛਲੇ ਦਿਨੀਂ ਸ੍ਰੀ ਗੁਰੂ ਸਿੰਘ ਸਭਾ ਸਾਊਥ ਹਾਲ ਲੰਡਨ ਵਿਖੇ ਭਾਈ ਸਾਹਬ ਨੂੰ ਵਿਚਾਰ ਕਰਨ ਦੇ ਬਹਾਨੇ ਸਾਈਡ ਤੇ ਲਿਜਾ ਕੇ ਉਹਨਾਂ ਦੀ ਦਸਤਾਰ ਉਤਾਰੀ ਅਤੇ ਕੇਸਾਂ ਦੀ ਬੇਅਦਬੀ ਕੀਤੀ ਕੇ ਉਹ ਆਪਣੀਆਂ ਕੋਝੀਆਂ ਹਰਕਤਾਂ ਤੋ ਬਾਜ ਆ ਜਾਣ। ਪ੍ਰਬੰਧਕ ਕਮੇਟੀ ਵਲੋਂ ਇਸ ਘਟਨਾਂ ਦੀ ਕਰੜੇ ਸ਼ਬਦਾਂ 'ਚ ਨਿੰਦਿਆ ਕੀਤੀ ਗਈ। ਗਿਆਨੀ ਅਮਰੀਕ ਸਿੰਘ ਜੀ ਹੁਣ ਤੱਕ ਤੇਰਾਂ ਕਿਤਾਬਾਂ ਸੰਗਤ ਦੀ ਝੋਲੀ ਚ ਪਾ ਚੁੱਕੇ ਹਨ ਅਤੇ ਇਹ ਕਿਤਾਬ ਉਹਨਾਂ ਦੀ 'ਦਸਤਾਰ' 'ਤੇ ਹੈ।

**ਅਗਲੇ ਐਤਵਾਰ ਜੂਨ 17, 2018 ਨੂੰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੂਰਬ ਮਨਾਇਆ ਜਾਵੇਗਾ। ਜੁਲਾਈ 1, 2018 ਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਜਾਵੇਗਾ।**

# ਸੈਂਟਰ ਆਫ ਮਨਾਸਸ ਦੇ ਗੁਰੂ ਘਰ ਵਿਖੇ ਸੰਤ ਬਾਬਾ ਪ੍ਰੇਮ ਸਿੰਘ ਦੀ ਬਰਸੀ ਬੜੀ ਸ਼ਰਧਾ ਨਾਲ ਮਨਾਈ ਗਈ









**ਵਰਜੀਨੀਆ (ਰਾਜ ਗੋਗਨਾ)–** ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲ਼ਿਆਂ ਦੀ ਯਾਦ ਨੂੰ ਸਮਰਪਿਤ ਉਹਨਾਂ ਦੀ ਸਲਾਨਾ ਬਰਸੀ ਗੁਰੂ ਘਰ ਮਨਾਸਸ (ਵਰਜੀਨੀਆ ) ਵਿਖੇਂ ਬੀਤੇ ਦਿਨ ਮਨਾਈ ਗਈ । ਇਸ ਮੌਕੇ ਪਿਛਲੇ ਤਿੰਨ ਦਿਨਾਂ ਤੋਂ ਚਲ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਖੰਡ ਪਾਠ ਦੇ ਭੋਗ ਪਾਏ ਗਏ। ਜਿਸ ਵਿੱਚ ਇਲਾਕੇ ਦੀਆਂ ਸੰਗਤਾਂ ਨੇ ਹੁੰਮ-ਹੁਮਾਂ ਕੇ ਭਾਰੀ ਗਿਣਤੀ ਵਿੱਚ ਸ਼ਾਮਲ ਹੋਈਆ। ਇਸ ਮੌਕੇ ਬਲਵਿੰਦਰ ਸਿੰਘ ਸੁਜਲਾਨਾ ਨੇ ਸੰਗਤਾਂ ਨੂੰ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆ ਦੀ ਜ਼ਿੰਦਗੀ ਬਾਰੇ ਭਰਪੂਰ ਜਾਣਕਾਰੀ ਸਾਂਝੀ ਕੀਤੀ । ਜਿਸ ਵਿੱਚ ਉਹਨਾਂ ਨੇ ਅਜੋਕੇ ਬਾਬਿਆਂ ਦੇ ਡੇਰਿਆਂ ਅਤੇ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲ਼ਿਆਂ ਦੇ ਫਰਕ ਬਾਰੇ ਭਰਪੂਰ ਜਾਣਕਾਰੀ ਸਾਂਝੀ ਕੀਤੀ ਅਤੇ ਦੱਸਿਆ ਕਿ ਬਾਬਾ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਆਪਣਾ ਜੀਵਨ ਕੌਮ ਦੇ ਲੇਖੇ ਲਾਇਆ ਅਤੇ ਨਨਕਾਣਾ ਸਾਹਿਬ ਵਿੱਚ ਸੰਗਤਾਂ ਦੀ ਦੇਖ ਰੇਖ ਅਤੇ ਲੁਬਾਣਾ ਬੁੰਗਾ ਬਣਾਉਣ ਤੋਂ ਲੈ ਕੇ ਹੋਰ ਵੀ ਬਹੁਤ ਸਾਰੇ ਗੁਰੂ-ਘਰਾਂ ਦੀ ਉਹਨਾ ਬਹੁਤ ਸੇਵਾ ਕੀਤੀ ।ਉਹਨਾਂ ਲੋਕਾਂ ਨੂੰ ਲੋਕ ਦਿਖਾਵਿਆਂ ਤੋਂ ਦੂਰ ਰਹਿ ਕੇ ਸਾਦੇ ਢੰਗ ਦਾ ਜੀਵਨ ਬਿਤਾਉਣ ਦਾ ਵੀ ਉਪਦੇਸ਼ ਦਿੱਤਾ ਜੋ ਕਿ ਸਮਾਜ ਸੇਵਾ ਵਿੱਚ ਇੱਕ ਅਹਿਮ ਹਿੱਸਾ ਸੀ। ਬੁਲਾਰਿਆਂ ਨੇ ਕਿਹਾ ਕਿ ਉਸ ਸਮੇਂ ਦੇ ਦੌਰ ਵਿੱਚ ਜ਼ਿਆਦਾ ਲੋਕ ਖੇਤੀ ਬਾੜੀ ਤੇ ਹੀ ਨਿਰਭਰ ਸਨ ਜਿਸ ਕਰਕੇ ਲੋਕ ਬੱਚਿਆਂ ਦੀ ਪੜਾਈ ਲਿਖਾਈ ਲਈ ਇੰਨਾਂ ਜ਼ਿਆਦਾ ਸੰਜੀਦਾ ਨਹੀਂ ਸਨ। ਬਾਬਾ ਜੀ ਨੇ ਲੋਕਾਂ ਨੂੰ ਬੱਚਿਆ ਦੀ ਪੜਾਈ ਲਿਖਾਈ ਲਈ ਲੋਕਾਂ ਨੂੰ ਸਿਰਫ਼ ਜਾਗ੍ਰਿਤ ਹੀ ਨਹੀਂ ਕੀਤਾ ਸਗੋ ਅਣਗਿਣਤ ਸਕੂਲ ਵੀ ਖੁਲਵ੍ਹਾਏ ।ਉਸ ਵੇਲੇ ਐਸ .ਜੀ .ਪੀ. ਸੀ ਵੱਲੋਂ ਬਾਬਾ ਪ੍ਰੇਮ ਸਿੰਘ ਜੀ ਨੂੰ ਚੋਣਾਂ ਵਿੱਚ ਹਿੱਸਾ ਲੈ ਕੇ ਸਮਾਜ ਸੁਧਾਰਕ ਕੰਮਾਂ ਵਿੱਚ ਵਾਧਾ ਕਰਵਾਉਣ ਲਈ ਬੇਨਤੀ ਕੀਤੀ ਜਿਸ ਨਾਲ ਬਾਬਾ ਜੀ ਨੇ 68 ਸਾਲ ਦੀ ਉਮਰ ਤੱਕ ਸਿਰਫ਼ ਸਿੱਖ ਕੋਮ ਦੀ ਹੀ ਨਹੀਂ ਬਲਕਿ ਸਾਰੇ ਧਰਮਾਂ ਦੇ ਭਲੇ ਲਈ ਬੇਹੱਦ। ਸੇਵਾ ਕੀਤੀ। ਇਸ ਮੌਕੇ ਸ. ਦਵਿੰਦਰ ਸਿੰਘ ਨੇ ਐਸ .ਜੀ .ਪੀ .ਸੀ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਸ਼ਹੀਦੀ ਪੁਰਬ ਤੇ ਸੰਗਤਾਂ ਦੇ ਜੱਥੇ ਨੂੰ ਪਾਕਿਸਤਾਨ ਨਾ ਭੇਜਣ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਐਸ ਜੀ ਪੀ ਸੀ ਦੇ ਕਿਸੇ ਵੀ ਆਹੁਦੇਦਾਰ ਵੱਲੋਂ ਅਮਰੀਕਾ ਆਉਣ ਤੇ ਇੰਨਾਂ ਸਵਾਲਾਂ ਦਾ ਜਵਾਬ ਵੀ ਮੰਗਿਆਂ ਜਾਵੇਗਾ। ਸਿੱਖ ਸੈਂਟਰ ਆਫ ਵਰਜੀਨੀਆ ਦੀ ਕਮੇਟੀ ਨੇ ਆਈ ਸਾਰੀ ਸੰਗਤ ਦਾ ਦਿਲੋਂ ਧੰਨਵਾਦ ਕੀਤਾ ।

# ਸਾਬਕਾ ਐਮ.ਪੀ. ਸ: ਹਰਭਜਨ ਸਿੰਘ ਲਾਖਾ ਜੀ ਦੀ ਚੌਥੀ ਬਰਸੀ 16 ਨੂੰ- ਤਿਆਰੀਆਂ ਮੁਕੰਮਲ

## ਵੱਖ-ਵੱਖ ਸ਼ਖਸ਼ੀਅਤਾਂ ਦਾ ਕੀਤਾ ਜਾਵੇਗਾ ਵਿਸ਼ੇਸ਼ ਸਨਮਾਨ

**ਵੈਨਕੂਵਰ, (ਬਿਊਰੋ)–** ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਵਲੋਂ ਬਹੁਜਨ ਸਮਾਜ ਲਈ ਚਲਾਈ ਗਈ ਸਮਾਜਿਕ ਪਰਿਵਰਤਨ ਅਤੇ ਆਰਥਿਕ ਮੁਕਤੀ ਅੰਦੋਲਨ ਦੀ ਲਹਿਰ ਦੇ ਸੱਚੇ ਸਿਪਾਹੀ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਨਾਲ ਮੋਢੇ ਨਾਲ ਮੋਢਾ ਲਗਾ ਕੇ ਚੱਲਣ ਵਾਲੇ ਬਹੁਜਨ ਸਮਾਜ ਦੇ ਬਾਬਾ ਬੋਹੜ ਅਤੇ ਬਹੁਜਨ ਸਮਾਜ ਪਾਰਟੀ ਦੇ ਪਹਿਲੇ ਮੈਂਬਰ ਪਾਰਲੀਮੈਂਟ ਬਣੇ ਸਤਿਕਾਰਯੋਗ ਸ: ਹਰਭਜਨ ਸਿੰਘ ਲਾਖਾ ਜੀ ਦੀ ਚੌਥੀ ਬਰਸੀ ਮਿਤੀ 16 ਜੂਨ ਦਿਨ ਸ਼ਨੀਵਾਰ ਨੂੰ ਸਥਾਨਕ ਰਿਵਰਸਾਈਡ ਗਰੈਂਡ ਬਾਲਰੂਮ ਵਿਖੇ ਮਨਾਈ ਜਾ ਰਹੀ ਹੈ, ਜਿਸਦੀਆਂ ਤਿਆਰੀਆਂ ਲਗਭਗ ਮੁਕੰਮਲ ਹੋ ਗਈਆਂ ਹਨ। ਇਸ ਸਬੰਧੀ ਹੋਈ ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਐਸਰੋ ਦੇ ਡਾਇਰੈਕਟਰ ਤੇ ਪਾਵਰ ਕੂਲ ਕੰਪਨੀ ਕੈਨੇਡਾ ਦੇ ਮਾਲਕ ਸ੍ਰੀ ਪਰਮਜੀਤ ਲਾਖਾ ਨੇ ਦੱਸਿਆ ਕਿ ਇਸ ਬਰਸੀ ਸਮਾਗਮ ਵਿੱਚ ਭਾਰਤ ਤੋਂ ਵਿਸ਼ੇਸ਼ ਤੌਰ 'ਤੇ ਸਵ: ਕਾਂਸ਼ੀ ਰਾਮ ਜੀ ਦੀ ਛੋਟੀ ਭੈਣ ਬੀਬੀ ਬੀਬੀ ਸਵਰਨ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣਗੇ ਜਦੋਂਕਿ ਉਨ੍ਹਾਂ ਨਾਲ ਮਿਸ਼ਨਰੀ ਗੀਤਕਾਰ ਵਿਜੈ ਗੁਣਾਚੌਰ, ਪੱਤਰਕਾਰ ਹਰਨੇਕ ਸਿੰਘ ਵਿਰਦੀ ਵੀ ਇਸ ਬਰਸੀ ਸਮਾਗਮ ਵਿੱਚ ਸ਼ਿਰਕਤ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਮੌਕੇ ਡਾ. ਹਰਚੰਦ ਸਿੰਘ ਯੂ.ਐਸ.ਏ., ਸ੍ਰੀ ਦਿਲਬਾਗ ਸਿੰਘ ਯੂ.ਐਸ.ਏ., ਇੰਦਰਜੀਤ ਸਿੰਘ ਬੱਲੋਵਾਲੀਆ, ਰੂਪ ਲਾਲ ਗੱਡੂ ਆਦਿ ਬੁਲਾਰੇ ਸਵ: ਹਰਭਜਨ ਲਾਖਾ ਜੀ ਦੇ ਜੀਵਨ ਬਾਰੇ ਵਿਸਥਾਰਪੂਰਵਕ ਚਾਨਣਾ ਪਾਉਣਗੇ। ਇਸ ਮੌਕੇ ਮੀਟਿੰਗ ਵਿੱਚ ਹਰਜੀਤ ਸੋਹਪਾਲ, ਅਮਰਜੀਤ ਲੀਹਲ, ਸੋਢੀ ਦਦਰਾਲ, ਪ੍ਰਮੋਟਰ ਬਲਵੀਰ ਬੈਂਸ ਕੈਨੇਡਾ, ਰੂਪ ਚੰਦਰ, ਰਛਪਾਲ ਲਾਖਾ, ਕੁਲਵੰਤ ਮੰਮਣ, ਗੁਰਮੇਲ ਰੌਲੀਆ, ਰਤਨਪਾਲ, ਰਛਪਾਲ ਭਾਰਦਵਾਜ, ਸੁਰਿੰਦਰ ਗਾਟ, ਸਤਨਾਮ ਸਰੋਆ, ਹਰਦੇਵ ਸਰੋਆ, ਮੱਖਣ ਚੰਬਾ, ਪਰਮਜੀਤ ਸਰੋਆ ਆਦਿ ਤੋਂ ਇਲਾਵਾ ਹੋਰ ਸ਼ਖਸ਼ੀਅਤਾਂ ਹਾਜ਼ਰ ਸਨ।



# ਇਨਕਲਾਬੀ ਆਗੂ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ


ਬਾਬੂ ਮੰਗੂ ਰਾਮ ਮੁੱਗੋਵਾਲੀਆ


ਡਾ. ਜੀ. ਸੀ. ਕੌਲ
91-94632-23223

ਬਚਪਨ ਵਿਚ ਜਦੋਂ ਕਦੀ ਇਨਕਲਾਬੀ ਰਹਿਨੁਮਾ ਗੁਰੂ ਰਵਿਦਾਸ ਅਤੇ ਮਹਾਨ ਡਾ. ਅੰਬੇਡਕਰ ਦੇ ਸੰਘਰਸ਼ ਦਾ ਜ਼ਿਕਰ ਘਰ ਵਿਚ ਚੱਲਦਾ ਤਾਂ ਬਜ਼ੁਰਗਾਂ ਦੇ ਮੂੰਹੋਂ ਇਹ ਸ਼ਬਦ ਵੀ ਸੁਣਦਾ ਸਾਂ, 'ਬੱਲੇ, ਮੰਗੂ ਰਾਮ ਕਿਤੇ ਘਰ-ਘਰ ਜੰਮਣਾ, ਉਹਦੀਆਂ ਕੀ ਰੀਸਾਂ।' ਬਚਪਨ ਵਿਚ ਹੀ ਮੇਰੇ ਕੋਮਲ ਮਨ ਦੇ ਚਿੱਤਰ-ਪਟ 'ਤੇ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਵੱਲੋਂ ਪੰਜਾਬ ਦੇ ਦਲਿਤ ਵਰਗ ਲਈ ਕੀਤੇ ਸੰਘਰਸ਼ ਦੀਆਂ ਕਈ ਕਾਲਪਨਿਕ ਤਸਵੀਰਾਂ ਉਲੀਕੀਆਂ ਜਾਂਦੀਆਂ। ਦਿਲ ਵਿਚ ਸੱਧਰ ਜਾਗਦੀ, ਕਾਸ਼! ਇਹ ਮਹਾਨ ਵਿਅਕਤੀ ਸਾਡੇ ਜੀਵਨ ਵਿਚ ਹੁੰਦਾ। ਸਮਾਂ ਬੀਤਣ ਦੇ ਨਾਲ ਗੱਲ ਆਈ-ਗਈ ਹੋ ਜਾਂਦੀ।

1970 ਈ: ਵਿਚ ਜਲੰਧਰ ਤੋਂ ਵੀਕਲੀ 'ਰਵਿਦਾਸ ਪੱਤ੍ਰਿਕਾ' ਜਾਰੀ ਹੋਇਆ ਤਾਂ ਹੈਰਾਨੀ ਭਰੀ ਅਸਲੀਅਤ ਤੋਂ ਪਰਦਾ ਉਠਿਆ ਕਿ ਮੰਗੂ ਰਾਮ ਜਿਸ ਨੂੰ ਪਿਆਰ ਨਾਲ ਲੋਕ ਬਾਬੂ ਮੰਗੂ ਰਾਮ ਕਹਿੰਦੇ ਸਨ, ਹਾਲੇ ਜਿਉਂਦੇ ਹਨ। ਗੱਲ ਮੰਨਣ ਵਿਚ ਨਾ ਆਵੇ, ਘਰ ਵਿਚ ਜ਼ਿਕਰ ਚੱਲਿਆ ਤਾਂ ਇਸ ਗੱਲ ਨੂੰ ਕੋਈ ਮੰਨੇ ਹੀ ਨਾ। ਖੈਰ, ਕੁਝ ਅਰਸੇ ਬਾਅਦ ਇਹ ਹੈਰਾਨੀ ਹਕੀਕਤ ਵਿਚ ਬਦਲ ਗਈ ਜਦੋਂ 'ਰਵਿਦਾਸ ਪੱਤ੍ਰਿਕਾ' ਦੇ ਦਫਤਰ ਵਿਚ ਸ਼ਾਖਸਾਤ ਰੂਪ ਵਿਚ ਉਸ ਮਹਾਨ ਸ਼ਖਸੀਅਤ ਦੇ ਦਰਸ਼ਨ ਕੀਤੇ।

ਇਕ ਮਧਰੇ ਕੱਦ ਦਾ, ਗੋਰਾ-ਚਿੱਟਾ, ਵਧੇਰੇ ਉਮਰ ਪਰ ਚੰਗੀ ਸਿਹਤ ਵਾਲਾ, ਸਿਰ ਉਪਰ ਉਨ ਵਾਲੀ ਕਸ਼ਮੀਰੀ ਟੋਪੀ ਅਤੇ ਬੰਦ ਗਲੇ ਵਾਲਾ ਕੋਟ ਪਾਈ ਆਕਰਸ਼ਕ ਵਿਅਕਤੀਤਵ ਦਾ ਮਾਲਕ- ਬਾਬੂ ਮੰਗੂ ਰਾਮ ਮੁੱਗੋਵਾਲੀਆ 'ਰਵਿਦਾਸ ਪੱਤ੍ਰਿਕਾ' ਉਪਰ ਬਿਰਾਜਮਾਨ ਸੀ। ਪਰ ਮੈਨੂੰ ਯਕੀਨ ਫਿਰ ਵੀ ਨਹੀਂ ਸੀ ਆ ਰਿਹਾ ਕਿ ਇਹ ਉਹੋ ਮੰਗੂ ਰਾਮ ਹੈ ਜੋ ਮੇਰੇ ਬਚਪਨ ਦੀਆਂ ਯਾਦਾਂ ਦੇ ਬੇਤਾਜ਼ ਬਾਦਸ਼ਾਹ ਸੀ। ਉਸ ਨੂੰ ਮਿਲ ਕੇ, ਉਸ ਦਾ ਦੀਦਾਰ ਕਰਕੇ ਐਨਾ ਚਾਅ ਸੀ, ਕਲਮ ਬਿਆਨ ਕਰਨ ਤੋਂ ਅਸਮਰੱਥ ਹੈ। ਕਈ ਵਾਰੀ ਇਹ ਪਹਿਲੀ ਮਿਲਣੀ ਇਕ ਫਿਲਮ ਦੀ ਰੀਲ ਲੱਗਦੀ ਪਰ, ਨਹੀਂ, ਸੱਚਮੁਚ ਹੀ ਬਾਬੂ ਮੰਗੂ ਰਾਮ ਮੇਰੇ ਸਾਹਮਣੇ ਸਨ ਅਤੇ ਬੜੀ ਧੀਮੀ ਆਵਾਜ਼ ਵਿਚ ਮੇਰੇ ਸੁਆਲਾਂ ਦੇ ਜੁਆਬ ਦੇ ਰਹੇ ਸਨ। ਲੱਗਭੱਗ 85 ਸਾਲ ਦੀ ਉਮਰ ਵਿਚ ਵੀ ਉਹਨਾਂ ਦੀਆਂ ਅੱਖਾਂ ਦਲਿਤ ਲੋਕਾਂ ਦੇ ਰੌਸ਼ਨ ਭਵਿੱਖ ਦੀਆਂ ਆਸ਼ਾਵਾਂ ਨਾਲ ਚਮਕ ਰਹੀਆਂ ਸਨ।

ਇਸ ਤੋਂ ਬਾਅਦ ਬਾਊ ਜੀ ਨੂੰ ਕਈ ਵਾਰ ਮਿਲਣ ਅਤੇ ਉਹਨਾਂ ਨਾਲ ਵਿਚਾਰ ਵਟਾਂਦਰਾ ਕਰਨ ਦਾ ਅਵਸਰ ਮਿਲਿਆ। ਉਹਨਾਂ ਦਾ ਜੀਵਨ ਕਹਾਣੀ ਅਤੇ ਉਹਨਾਂ ਵੱਲੋਂ ਆਰੰਭਿਆ ਘੋਲ ਜਿੱਥੇ ਅੱਜ ਵੀ ਮੈਨੂੰ ਜੀਵਨ ਵਿਚ ਸੰਘਰਸ਼ ਕਰਨ ਦੀ ਪ੍ਰੇਰਨਾ ਦਿੰਦਾ ਹੈ, ਉਥੇ ਬਾਊ ਜੀ ਨੂੰ ਗੁੰਮਨਾਮੀ ਭਰਿਆ ਜੀਵਨ ਬਤੀਤ ਕਰਨ ਲਈ ਬੇਵੱਸ ਕਰਨ ਵਾਲੇ ਕੁਝ ਇਕ ਸਵਾਰਥੀ ਲੋਕਾਂ ਦੀਆਂ ਲੂੰਬੜ-ਚਾਲਾਂ ਨੂੰ ਨੰਗਿਆਂ ਕਰਨ ਲਈ ਵੀ ਮੇਰੀ ਕਲਮ ਬਹਿਬਲ ਹੋ ਰਹੀ ਹੈ- ਪਰ ਇਸ ਲੇਖ ਰਾਹੀਂ ਉਨ੍ਹਾ ਖੁਦਗਰਜ਼, ਕੁਰਸੀ ਦੇ ਭੁੱਖੇ ਚੌਧਰੀਆਂ ਦਾ ਭਾਂਡਾ ਭੰਨਣਾ ਸਾਡਾ ਉਪਦੇਸ਼ ਨਹੀਂ ਹੈ।

1925 ਈ: ਵਿਚ ਅਮਰੀਕਾ ਤੋਂ ਵਾਪਸ ਆ ਕੇ ਉਹਨਾਂ ਨੇ ਪੰਜਾਬ ਦੇ ਦਲਿਤ ਵਰਗ ਨੂੰ ਆਦਿ ਧਰਮ ਮੰਡਲ, ਪੰਜਾਬ ਦੇ ਝੰਡੇ ਹੇਠ ਸੰਗਠਿਤ ਕਰਨ ਦਾ ਅਤਿ-ਕਠਿਨ ਕੰਮ ਸ਼ੁਰੂ ਕੀਤਾ। ਬਾਊ ਜੀ ਨੇ ਅਣਥੱਕ ਯਤਨਾਂ ਨਾਲ ਆਪਣੇ ਬਹੁਤ ਸਾਰੇ ਸੁਚੱਜੇ, ਸੂਝਵਾਨ ਅਤੇ ਦੂਰ-ਅੰਦੇਸ਼ ਸਾਥੀਆਂ ਨਾਲ ਮਿਲ ਕੇ ਪੰਜਾਬ ਦੇ ਦਲਿਤਾਂ ਵਿਚ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਇਕ ਅਜਿਹੀ ਚਿਣਗ ਬਾਲੀ ਜੋ ਅੱਗ ਦਾ ਭਾਂਬੜ ਬਣ ਗਈ। ਜਿੱਥੇ ਆਦਿ ਧਰਮ ਮੰਡਲ ਦੇ ਆਗੂ ਪੰਜਾਬ ਵਿਚ ਦਲਿਤ ਵਰਗ ਦੀ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਅਵਸਥਾ ਬਦਲਣ ਲਈ ਸੰਘਰਸ਼ਸ਼ੀਲ ਸਨ, ਉਥੇ ਉਹ ਦਲਿਤਾਂ ਦੇ ਮਸੀਹਾ ਮਹਾਨ ਡਾ: ਅੰਬੇਡਕਰ ਦੇ ਸੰਘਰਸ਼ ਭਰੇ ਘੋਲ ਵਿਚ ਵੀ ਪੂਰਾ ਸਹਿਯੋਗ ਦੇ ਰਹੇ ਸਨ। ਆਦਿ ਧਰਮ ਮੰਡਲ, ਪੰਜਾਬ ਦੀ ਅਗਰਗਾਮੀ ਵਿਚਾਰਧਾਰਾ ਜਾਣਨ ਲਈ ਇਸ ਸੰਸਥਾ ਵੱਲੋਂ 1931 ਵਿਚ ਜਾਰੀ ਕੀਤੀ ਗਈ ਪਹਿਲੀ ਰਿਪੋਰਟ ਦੀਆਂ ਹੇਠ ਲਿਖੀਆਂ ਕੁਝ ਧਾਰਾਵਾਂ ਵਰਣਨਯੋਗ ਹਨ-

(ੳ) ਇਹ ਜਨ-ਸਭਾ ਸਰਬਸੰਮਤੀ ਨਾਲ ਸਰਕਾਰ ਨੂੰ ਬੇਨਤੀ ਕਰਦੀ ਹੈ ਕਿ ਅਛੂਤਾਂ ਦੀ ਹਿੰਦੂ ਧਰਮ ਜਾਂ ਹਿੰਦੂ ਆਬਾਦੀ ਵਿਚ ਗਿਣਤੀ ਨਾ ਕੀਤੀ ਜਾਵੇ, ਸਗੋਂ ਉਹਨਾਂ ਨੂੰ ਆਦਿ-ਧਰਮ ਮਜ਼ਹਬ ਵਿਚ ਗਿਣਿਆ ਜਾਵੇ। ਅਸੀਂ ਨਾ ਹਿੰਦੂ ਹਾਂ ਅਤੇ ਨਾ ਹੀ ਹਿੰਦੂ ਸਾਡੇ ਵਿਚੋਂ ਹਨ।

(ਅ) ਇਹ ਜਨ-ਸਭਾ ਸਰਕਾਰ ਨੂੰ ਬੇਨਤੀ ਕਰਦੀ ਹੈ ਕਿ ਜਿਹਨਾਂ ਸ਼ਾਸਤਰਾਂ ਅਰਥਾਤ ਮਨੂ-ਸਿਮਰਤੀਆਂ ਆਦਿ ਵਿਚ ਅਛੂਤਾਂ ਨੂੰ ਦਾਸ ਬਣਾ ਕੇ ਰੱਖਣ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਜਿਹਨਾਂ ਵਿਚ ਅਛੂਤਾਂ ਨੂੰ ਉਨਤ ਹੋਣ ਤੋਂ ਰੋਕਿਆ ਗਿਆ ਹੈ, ਉਹਨਾਂ ਉਪਰ ਕਾਨੂੰਨੀ ਪ੍ਰਤੀਬੰਧ ਲਾਇਆ ਜਾਵੇ।

(ੲ) ਆਦਿ ਧਰਮ ਵਿਚ ਲੜਕੇ ਅਤੇ ਲੜਕੀ ਦਾ ਪਰਿਵਾਰਕ ਜਾਇਦਾਦ ਵਿਚ ਬਰਾਬਰ ਦਾ ਹਿੱਸਾ ਹੋਣਾ ਚਾਹੀਦਾ ਹੈ।

(ਸ) ਜਾਤ-ਪਾਤ ਤਿਆਗ ਕੇ ਸਮੁੱਚੇ ਆਦਿ-ਧਰਮੀ ਆਪਸ ਵਿਚ ਸਹਿਯੋਗ ਕਰਕੇ ਆਪਸੀ ਏਕਤਾ, ਤਾਕਤ ਅਤੇ ਪ੍ਰੇਮ ਪਿਆਰ ਵਿਚ ਵਾਧਾ ਕਰਨਾ।

(ਹ) ਮੂਰਤੀ ਪੂਜਾ ਦਾ ਤਿਆਗ ਕਰੋ। ਜਾਣੂ-ਟੂਣਿਆਂ, ਵਹਿਮਾਂ ਭਰਮਾਂ ਅਤੇ ਭੂਤਾਂ-ਪ੍ਰੇਤਾਂ ਤੇ ਹਰ ਪ੍ਰਕਾਰ ਦੇ ਪਾਖੰਡਾਂ ਤੋਂ ਦੂਰ ਰਹੋ।

ਉਪਰੋਕਤ ਪ੍ਰਸਤਾਵਾਂ ਨੂੰ ਵਾਚ ਕੇ ਇਹ ਪਤਾ ਲੱਗਦਾ ਹੈ ਕਿ ਜੋ ਬੁਰਾਈਆਂ ਅੱਜ ਵੀ ਸਾਡੇ ਸਮਾਜ ਵਿਚ ਪ੍ਰਚੱਲਿਤ ਹਨ, ਉਹਨਾਂ ਨੂੰ ਦੂਰ ਕਰਨ ਲਈ ਅੱਜ ਤੋਂ ਲੱਗਭੱਗ 90 ਸਾਲ ਪਹਿਲਾਂ ਸੋਚਣਾ ਕਿੰਨੀ ਦੂਰ-ਅੰਦੇਸ਼ੀ ਅਤੇ ਸਮਾਜਿਕ ਉਥਾਨ ਵਾਲੀ ਗੱਲ ਸੀ।

ਮਹਾਨ ਡਾ: ਅੰਬੇਡਕਰ ਦੀ ਰਹਿਨੁਮਾਈ ਹੇਠ ਆਦਿ ਧਰਮ ਮੰਡਲ, ਪੰਜਾਬ ਨੇ ਭਾਰਤ ਦੀ ਅੰਗਰੇਜ਼ੀ ਹਕੂਮਤ ਨੂੰ ਇਸ ਵਿਚਾਰਧਾਰਾ ਨਾਲ ਸਹਿਮਤ ਕੀਤਾ ਕਿ ਅਸੀਂ ਸਦੀਆਂ ਤੋਂ ਮਿੱਧੇ-ਕੁਚਲੇ ਕਰੋੜਾਂ ਦਲਿਤ ਲੋਕ ਹਿੰਦੂ ਨਹੀਂ, ਬਾਹਰੋਂ ਆਏ ਆਰੀਏ ਨਹੀਂ, ਸਗੋਂ ਭਾਰਤ ਦੇ ਆਦਿ ਵਾਸੀ ਹਾਂ ਅਤੇ ਆਦਿ ਧਰਮ ਸਾਡਾ ਮਜ਼ਹਬ ਹੈ। 1931 ਈ: ਵਿਚ ਬਾਊ ਜੀ ਦੀ ਜੱਦੋ-ਜਹਿਦ ਨਾਲ ਹੀ ਪੰਜਾਬ ਵਿਚ ਆਦਿ ਧਰਮ ਨੂੰ ਇਕ ਵੱਖਰੇ ਧਰਮ ਵਜੋਂ ਮਾਨਤਾ ਮਿਲੀ। ਉਹਨਾਂ ਦੀ ਇਹ ਪ੍ਰਾਪਤੀ ਕੋਈ ਸਾਧਾਰਨ ਤੇ ਮਾਮੂਲੀ ਪ੍ਰਾਪਤੀ ਨਹੀਂ ਸੀ। 1932 ਈ: ਵਿਚ ਬਾਬਾ ਸਾਹਿਬ ਡਾ: ਅੰਬੇਡਕਰ ਅਤੇ ਸ੍ਰੀ ਗਾਂਧੀ ਵਿਚਕਾਰ ਹੋਏ ਪੂਨਾ ਪੈਕਨ ਦੇ ਤਹਿਤ 1936-37 ਵਿਚ ਭਾਰਤ ਵਿਚ ਹੋਈਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਪੰਜਾਬ ਪ੍ਰਾਂਤ ਵਿਚ ਦਲਿਤਾਂ ਲਈ 8 ਸੀਟਾਂ ਰਿਜ਼ਰਵ ਕੀਤੀਆਂ ਗਈਆਂ। ਇਨ੍ਹਾਂ 8 ਸੀਟਾਂ ਵਿਚੋਂ 7 ਸੀਟਾਂ 'ਤੇ ਆਦਿ ਧਰਮ ਮੰਡਲ ਦੇ ਨੁਮਾਇੰਦੇ ਪੰਜਾਬ ਵਿਧਾਨ ਸਭਾ, ਲਾਹੌਰ ਲਈ ਚੁਣੇ ਗਏ। ਬਾਬਾ ਸਾਹਿਬ ਦੇ ਸਹਿਯੋਗ ਨਾਲ ਆਦਿ ਧਰਮ ਮੰਡਲ ਦੇ ਬਾਨੀ ਦੀ ਇਹ ਇਕ ਮਹਾਨ ਜਿੱਤ ਸੀ।

ਬਾਬੂ ਜੀ ਨੇ ਜਲੰਧਰ ਨੂੰ ਆਪਣੀਆਂ ਗਤੀਵਿਧੀਆਂ ਦਾ ਕੇਂਦਰ ਬਣਾਇਆ ਅਤੇ ਇੱਥੇ ਹੀ ਉਨ੍ਹਾ ਨੇ ਬੜੀਆਂ ਬੋਝਲ ਆਰਥਿਕ ਕਠਿਨਾਈਆਂ ਦੇ ਬਾਵਜੂਦ ਸੇਠ ਕਿਸ਼ਨ ਦਾਸ, ਬੂਟਾ ਮੰਡੀ ਜਲੰਧਰ ਦੇ ਸਹਿਯੋਗ ਨਾਲ ਆਦਿ-ਧਰਮ ਮੰਡਲ, ਪੰਜਬ ਦੇ ਨਾਂ ਅਧੀਨ ਜਗ੍ਹਾ ਖਰੀਦ ਕੇ ਸੰਸਥਾ ਦਾ ਕੇਂਦਰੀ ਦਫਤਰ ਕਾਇਮ ਕੀਤਾ। ਪਰ ਕੁਝ ਚਾਲਾਕ ਤੇ ਸਵਾਰਥੀ ਸਿਆਸਤਦਾਨਾਂ ਨੇ ਆਦਿ ਧਰਮ ਮੰਡਲ ਰਾਹੀਂ ਸਿਆਸੀ ਤਾਕਤ ਪ੍ਰਾਪਤ ਕਰਕੇ, ਨਿੱਜੀ ਚੌਧਰ ਲਈ, ਪੰਜਾਬ ਭਰ ਵਿਚ ਇਸ ਸੰਸਥਾ ਅਧੀਨ ਸੰਗਠਿਤ ਹੋ ਰਹੇ ਦਲਿਤ ਲੋਕਾਂ ਨਾਲ ਗੱਦਾਰੀ ਕੀਤੀ, ਸੰਸਥਾ ਦੀ ਪਿੱਠ ਵਿਚ ਛੁਰਾ ਮਾਰਿਆ, ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ ਗੁੰਮਨਾਮੀ ਵਾਲਾ ਜੀਵਨ ਜਿਊਣ ਲਈ ਮਜਬੂਰ ਕੀਤਾ ਅਤੇ ਨਵੀਂ ਪੀੜ੍ਹੀ ਦੇ ਲੋਕਾਂ ਨੂੰ ਆਦਿ ਧਰਮ ਮੰਡਲ ਦੀਆਂ ਸ਼ਾਨਦਾਰ ਪ੍ਰਾਪਤੀਆਂ ਤੋਂ ਦੂਰ ਰੱਖਣ ਲਈ ਇਹ ਪ੍ਰਚਾਰ ਵੀ ਕਰਵਾਇਆ ਕਿ ਬਾਬੂ ਮੰਗੂ ਰਾਮ ਤਾਂ ਚੜ੍ਹਾਈ ਕਰ ਗਿਆ ਹੈ। ਸਿੱਟੇ ਵਜੋਂ ਹੌਲੀ-ਹੌਲੀ ਲੋਕ ਇਸ ਮਹਾਨ ਯੋਧੇ ਦੀਆਂ ਕੁਰਬਾਨੀਆਂ ਭੁੱਲ ਗਏ।

ਪਰ 1970 ਈ: ਵਿਚ ਜਲੰਧਰ ਤੋਂ ਵੀਕਲੀ 'ਰਵਿਦਾਸ ਪੱਤ੍ਰਿਕਾ' ਜਾਰੀ ਹੋਇਆ ਤਾਂ ਬਾਊ ਜੀ ਇਕ ਵਾਰ ਫਿਰ ਮੌਤ ਵਰਗੀ ਗੁੰਮਨਾਮੀ 'ਚੋਂ ਬਾਹਰ ਆਏ। 'ਰਵਿਦਾਸ ਪੱਤ੍ਰਿਕਾ' ਦੇ ਐਡੀਟਰ ਹੋਣ ਦੇ ਨਾਤੇ ਮੈਨੂੰ ਉਹਨਾਂ ਨਾਲ ਕਈ ਵਾਰ ਵਿਚਾਰ ਸਾਂਝੇ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ- ਅੱਜ ਜਦੋਂ ਮੈਂ ਉਹਨਾਂ ਨਾਲ ਮਿਲਾਪ ਦੀਆਂ ਯਾਦਾਂ ਨੂੰ ਫਰੋਲਦਾ ਹਾਂ ਤਾਂ ਦੇਖਦਾ ਹਾਂ ਕਿ ਆਖਰੀ ਸਮੇਂ ਤੱਕ ਵੀ ਦਲਿਤਾਂ ਨੂੰ ਸੰਗਠਿਤ ਕਰਨ ਲਈ ਉਹਨਾਂ ਦੇ ਮਨ ਵਿਚ ਕਿੰਨੀ ਲਗਨ ਸੀ, ਕਿੰਨੀ ਤੜਪ ਸੀ, ਕਿੰਨੀ ਤੀਬਰ-ਇੱਛਾ ਸੀ ਕਿ ਅਸੀਂ ਸਾਰੇਇਕ ਝੰਡੇ ਥੱਲੇ ਇਕੱਠੇ ਹੋ ਜਾਈਏ। ਮੈਨੂੰ ਯਾਦ ਹੈ ਕਿ 14 ਅਪ੍ਰੈਲ 1974 ਈ: ਨੂੰ ਜਦੋਂ ਸ੍ਰੀ ਮੰਗੂ ਰਾਮ 'ਜਸਪਾਲ' (ਚੀਫ ਐਡੀਟਰ, ਰਵਿਦਾਸ ਪੱਤ੍ਰਿਕਾ) ਨਾਲ ਮੈਂ ਉਹਨਾਂ ਨੂੰ ਗੜ੍ਹਸ਼ੰਕਰ ਵਿਖੇ ਉਹਨਾਂ ਦੀ ਸਿਹਤਯਾਬੀ ਲਈ ਪਤਾ ਕਰਨ ਲਈ ਗਿਆ ਤਾਂ ਆਪਣੀ ਬਿਮਾਰੀ ਬਾਰੇ ਦੋ-ਚਾਰ ਮਿੰਟ ਗੱਲ ਕਰਨ ਤੋਂ ਬਾਅਦ ਉਹ ਮੇਰੇ ਨਾਲ ਆਦਿ-ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਨੂੰ ਪੁਨਰ-ਸੁਰਜੀਤ ਕਰਨ ਬਾਰੇ ਹੀ ਵਿਚਾਰ-ਵਟਾਂ-ਦਰਾ ਕਰਦੇ ਰਹੇ ਅਤੇ ਫਿਰ 23 ਅਪ੍ਰੈਲ 1974 ਨੂੰ ਉਹਨਾਂ ਦਾ ਬਿਆਨ 'ਅਪੀਲ ਅਤੇ ਐਲਾਨ' ਸਿਰਲੇਖ ਹੇਠ 'ਰਵਿਦਾਸ ਪੱਤ੍ਰਿਕਾ' ਵਿਚ ਛਪਿਆ, ਜਿਸ ਵਿਚ ਉਹਨਾਂ ਨੇ ਇਸ ਸੰਸਥਾ ਦੀ ਪੰਜਾਬ ਪੱਧਰ ਦੀ ਐਡਹਾਕ ਕਮੇਟੀ ਕਾਇਮ ਕਰਕੇ ਨਵੇਂ ਸਿਰਿਉਂ ਇਸ ਨੂੰ ਜਥੇਬੰਦ ਕਰਨ ਦਾ ਉਪਰਾਲਾ ਸ਼ੁਰੂ ਕੀਤਾ।

1975 ਵਿਚ ਆਦਿ-ਧਰਮ ਮੰਡਲ ਦੀ 50ਵੀਂ ਵਰ੍ਹੇਗੰਢ ਉਪਰ ਪ੍ਰਕਾਸ਼ਿਤ ਕੀਤੇ ਗਏ ਇਕ ਸੋਵੀਨਰ ਲਈ, ਵੱਡੇ-ਵੱਡੇ ਸਿਆਸੀ ਆਗੂਆਂ ਵੱਲੋਂ ਮੰਗਵਾਏ ਗਏ ਸੰਦੇਸ਼ਾਂ ਰਾਹੀਂ ਇਕ ਵਾਰ ਫਿਰ ਬਾਊ ਜੀ ਨੂੰ 'ਚੜ੍ਹਾਈ' ਕਰ ਗਿਆ ਘੋਸ਼ਿਤ ਕੀਤਾ, ਹਾਲਾਂਕਿ ਜਿਸ ਸਮਾਗਮ 'ਤੇ ਇਹ ਸੋਵੀਨਰ ਰਿਲੀਜ਼ ਕੀਤਾ ਗਿਆ, ਉਥੇ ਖੁਦ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਵੀ ਮੌਜੂਦ ਸਨ। ਮੈਨੂੰ ਇਸ ਗੱਲ ਦਾ ਵੀ ਵਿਸ਼ੇਸ਼ ਦੁੱਖ ਹੈ ਕਿ 1980 ਈ: ਵਿਚ ਬਾਬੂ ਜੀ ਦੀ ਅੰਤਿਮ ਸ਼ੋਕ ਸਭਾ 'ਤੇ ਵਿਸ਼ੇਸ਼ ਸੱਦਾ-ਪੱਤਰ ਭੇਜੇ ਜਾਣ ਦੇ ਬਾਵਜੂਦ ਵੀ ਆਦਿ ਧਰਮ ਮੰਡਲ ਰਾਹੀਂ ਸਿਆਸੀ ਤਾਕਤ ਹਾਸਲ ਕਰਨ ਵਾਲਿਆਂ ਵਿਚੋਂ ਕੋਈ ਵੀ ਘੜੰਮ ਚੌਧਰੀ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਉਨ੍ਹਾਂ ਦੇ ਨਿਵਾਸ-ਸਥਾਨ, ਗੜ੍ਹਸ਼ੰਕਰ ਵਿਖੇ ਨਹੀਂ ਪਹੁੰਚਿਆ।

ਪਰ ਮੈਨੂੰ ਇਸ ਗੱਲ ਦੀ ਤਸੱਲੀ ਅੱਜ ਇਹ ਹੈ ਕਿ ਬਾਬੂ ਜੀ ਦੀਆਂ ਪ੍ਰਾਪਤੀਆਂ ਨੂੰ ਪੁਨਰ ਸੁਰਜੀਤ ਕਰਨ ਦੇ ਮਹਾਨ ਉਪਰਾਲੇ ਕੀਤੇ ਜਾ ਰਹੇ ਹਨ। ਮੈਂ ਉਸ ਮਹਾਨ ਯੋਧੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ 11, 12 ਜੂਨ 'ਤੇ ਲੱਖ-ਲੱਖ ਪ੍ਰਣਾਮ ਕਰਦਾ ਹਾਂ।


Bharat Rattan Babasaheb Dr Ambedkar & Great Ghadri Baba Babu Mangu Muggowalia pictures presented to Shri Guru Ravidass Temple Yuba City & Sacramento by Prem Kumar Chumber Editor of Ambedkar Times & Desh Doaba weekly Newspapers




www.deshdoaba.com
www.ambedkartimes.com

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

 Vol- 7, Issue- 9 ਜੂਨ 13, 2018

# ਬਰਗਾੜੀ ਕਾਂਡ: ਪੁਲਿਸ ਨੇ ਜਾਂਚ ਨੂੰ ਦਿੱਤੀ ਆਖਰੀ ਛੋਹ

**ਬਠਿੰਡਾ (ਬਿਊਰੋ)–** ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਨੇ ਬਰਗਾੜੀ ਕਾਂਡ ਦੀ ਜਾਂਚ ਨੂੰ ਅੰਤਿਮ ਛੋਹ ਦੇ ਦਿੱਤੀ ਹੈ। ਟੀਮ ਵੱਲੋਂ ਭਲਕੇ ਕਰੀਬ ਇੱਕ ਦਰਜਨ ਡੇਰਾ ਪੈਰੋਕਾਰਾਂ ਨੂੰ ਅਦਾਲਤ ’ਚ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ। ਜਾਂਚ ਟੀਮ ਨੇ ਕਾਂਡ ਦੇ ਮਾਸਟਰਮਾਈਂਡ ਮਹਿੰਦਰਪਾਲ ਬਿੱਟੂ ਨੂੰ ਮੋਗਾ ਅਦਾਲਤ ਵਿੱਚ ਪੇਸ਼ ਕਰ ਦਿੱਤਾ ਹੈ। ਵਿਸ਼ੇਸ਼ ਜਾਂਚ ਟੀਮ ਨੇ ਅੱਜ ਪੂਰੀ ਜਾਂਚ ਨੂੰ ਸਮੇਟਦਿਆਂ ਬੇਕਸੂਰ ਅੱਧੀ ਦਰਜਨ ਡੇਰਾ ਪ੍ਰੇਮੀਆਂ ਨੂੰ ਰਿਹਾਅ ਵੀ ਕਰ ਦਿੱਤਾ। ਸੂਤਰਾਂ ਅਨੁਸਾਰ ਪੁਲੀਸ ਦੀ ਤਫ਼ਤੀਸ਼ ’ਚ ਇਹ ਗੱਲ ਸਾਹਮਣੇ ਆਈ ਹੈ ਕਿ ਗੁਰੂ ਘਰ ’ਚੋਂ ਚੋਰੀ ਕੀਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਡੇਰਾ ਸਿਰਸਾ ਦੀ ਗਿਆਰਾਂ ਮੈਂਬਰੀ ਟੀਮ ਵੱਲੋਂ ਨਸ਼ਟ ਕਰ ਦਿੱਤੇ ਗਏ ਜਾਪਦੇ ਹਨ। ਪੰਜਾਬ ਪੁਲੀਸ ਵੱਲੋਂ ਇਸ ਮਾਮਲੇ ਨੂੰ ਭਲਕੇ ਜਨਤਕ ਕੀਤੇ ਜਾਣ ਦੀ ਪੂਰੀ ਸੰਭਾਵਨਾ ਬਣ ਗਈ ਹੈ। ਸੂਤਰਾਂ ਅਨੁਸਾਰ ਡੇਰਾ ਸਿਰਸਾ ਦੀ ਗਿਆਰਾਂ ਮੈਂਬਰੀ ਟੀਮ ਨੂੰ ਮੋਗਾ ਜ਼ਿਲ੍ਹੇ ਦੀ ਅਦਾਲਤ ਵਿੱਚ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਉਥੇ ਦਰਜ ਇੱਕ ਪੁਰਾਣੇ ਕੇਸ ਵਿੱਚ ਉਨ੍ਹਾਂ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਜਾਵੇਗਾ। ਸੂਤਰਾਂ ਅਨੁਸਾਰ ਵਿਸ਼ੇਸ਼ ਜਾਂਚ ਟੀਮ ਨੇ ਬਰਗਾੜੀ ਕਾਂਡ ਵਿੱਚ ਕਰੀਬ 12 ਡੇਰਾ ਪੈਰੋਕਾਰਾਂ ਦੀ ਸ਼ਨਾਖ਼ਤ



ਕਰ ਲਈ ਹੈ ਜੋ ਬਲਾਕ ਕੋਟਕਪੂਰਾ ਨਾਲ ਸਬੰਧਤ ਹਨ। ਪੁਲੀਸ ਹੁਣ ਬਿਨਾਂ ਗ੍ਰਿਫ਼ਤਾਰੀ ਪਾਏ ਇਨ੍ਹਾਂ ਪੈਰੋਕਾਰਾਂ ਨੂੰ ਜ਼ਿਆਦਾ ਸਮੇਂ ਤਕ ਹਿਰਾਸਤ ਵਿੱਚ ਰੱਖ ਕੇ ਖ਼ਤਰਾ ਮੁੱਲ ਲੈਣ ਤੋਂ ਡਰ ਰਹੀ ਹੈ। ਪੁਲੀਸ ਪੁੱਛ ਪੜਤਾਲ ’ਚ ਸਾਹ-ਮਣੇ ਆਇਆ ਹੈ ਕਿ ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਮੈਂਬਰ ਮਹਿੰਦਰਪਾਲ ਬਿੱਟੂ ਉਰਫ਼ ਬਿੱਟੂ ਬਾਈ ਨੇ ਇੱਕ ਮੁਤਵਾਜ਼ੀ ਜਥੇਦਾਰ ਦੀ ਅੜ ਭੰਨਣ ਲਈ ਇਹ ਯੋਜਨਾ ਉਲੀਕੀ ਸੀ। ਪੁੱਛ ਪੜਤਾਲ ਅਨੁਸਾਰ ’ਬਿੱਟੂ ਬਾਈ’ ਨੇ ਆਪਣੇ ਨੇੜਲਿਆਂ ਦੀ ਟੀਮ ਤਿਆਰ ਕੀਤੀ ਅਤੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰੂ ਘਰ ’ਚੋਂ ਸਰੂਪ ਚੋਰੀ ਕਰਨ ਤੋਂ ਪਹਿਲਾਂ ਤਿੰਨ-ਚਾਰ ਪਿੰਡਾਂ ਦੇ ਗੁਰੂ ਘਰਾਂ ਵਿੱਚ ਰੇਕੀ ਕੀਤੀ। ਅਖੀਰ ਦੋ ਮੋਟਰਸਾਈਕਲ ਸਵਾਰਾਂ ਨੇ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰੂ ਘਰ ’ਚੋਂ ਸਰੂਪ ਚੋਰੀ ਕੀਤਾ। ਸੂਤਰਾਂ ਅਨੁਸਾਰ ਚੋਰੀ ਕੀਤੇ ਸਰੂਪ ਦੇ ਅੱਧੇ ਪੱਤਰੇ ਖਿਲਾਰਨ ਲਈ ਸ਼ਨੀ ਅਤੇ ਸ਼ਕਤੀ ਦੀ ਡਿਊਟੀ ਲਗਾਈ ਗਈ। ਇੱਕ ਮਹਿਲਾ ਪੁਲੀਸ ਮੁਲਾਜ਼ਮ ਦੇ ਪਤੀ ਨੇ ਪੋਸਟਰ ਲਿਖੇ ਅਤੇ ਬਰਗਾੜੀ ਵਿੱਚ ਰਾਤੋਂ ਰਾਤ ਲਗਾ ਦਿੱਤੇ।

ਸੂਤਰਾਂ ਅਨੁਸਾਰ ਇਸ ਮਗਰੋਂ ਬਾਕੀ ਪ੍ਰੇਮੀਆਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਵੰਡ ਦਿੱਤੇ ਗਏ। ਪੁਲੀਸ ਦੀ ਥਿਊਰੀ ਹੈ ਕਿ ਇਹ ਪੱਤਰੇ ਨਸ਼ਟ ਕਰ ਦਿੱਤੇ ਗਏ ਹਨ ਕਿਉਂਕਿ ਪੁਲੀਸ ਨੂੰ ਕਿਤੋਂ ਵੀ ਸਰੂਪ ਬਰਾਮਦ ਨਹੀਂ ਹੋ ਸਕੇ ਹਨ। ਸੂਤਰ ਦੱਸਦੇ ਹਨ ਕਿ ਸੀਬੀਆਈ ਟੀਮ ਵੱਲੋਂ ਬਾਜਾਖਾਨਾ ਵਿੱਚ ਦਰਜ ਕੇਸਾਂ ਦੀ ਜਾਂਚ ਕੀਤੀ ਜਾ ਰਹੀ ਹੈ। ਵਿਸ਼ੇਸ਼ ਜਾਂਚ ਟੀਮ ਦੀ ਜਾਂਚ ਮੁਕੰਮਲ ਹੋਣ ਮਗਰੋਂ ਇਨ੍ਹਾਂ ਡੇਰਾ ਪੈਰੋਕਾਰਾਂ ਨੂੰ ਸੀਬੀਆਈ ਪ੍ਰੋਡਕਸ਼ਨ ਵਾਰੰਟ ’ਤੇ ਲੈ ਕੇ ਜਾਵੇਗੀ।

## ਸ਼ਿਲਾਂਗ ਵਿੱਚ ਕੁਝ ਦਿਨਾਂ ਲਈ ਕਰਫਿਊ ਵਧਾਇਆ

ਸ਼ਿਲਾਂਗ (ਬਿਊਰੋ)– ਮੇਘਾਲਿਆ ਸਰਕਾਰ ਨੇ ਹਿੰਸਾ ਪ੍ਰਭਾਵਿਤ ਇਲਾਕਿਆਂ ਵਿੱਚ ਰਾਤ ਦਾ ਕਰਫਿਊ ਕੁਝ ਹੋਰ ਦਿਨਾਂ ਲਈ ਵਧਾਉਣ ਦਾ ਫੈਸਲਾ ਕੀਤਾ ਹੈ। ਸਰਕਾਰ ਨੇ ਇੰਟਰਨੈੱਟ ਸੇਵਾਵਾਂ ਮੁਅੱਤਲ ਕਰਨ ਦੇ ਫੈਸਲੇ ’ਤੇ 24 ਘੰਟਿਆਂ ਮਗਰੋਂ ਮੁੜ ਨਜ਼ਰਸਾਨੀ ਕਰਨ ਦਾ ਭਰੋਸਾ ਦਿੱਤਾ ਹੈ। ਇਹ ਜਾਣਕਾਰੀ ਇਕ ਉੱਚ ਅਧਿਕਾਰੀ ਨੇ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਹਿੰਸਾ ਪ੍ਰਭਾਵਿਤ 14 ਥਾਵਾਂ ’ਤੇ ਕੱਲ੍ਹ ਸ਼ਾਮ 6 ਵਜੇ ਤੋਂ ਸਵੇਰੇ 7 ਵਜੇ ਤਕ ਅਤੇ ਸ਼ਿਲਾਂਗ ਦੇ ਹੋਰਨਾਂ ਇਲਾਕਿਆਂ



ਵਿੱਚ ਰਾਤ 9 ਵਜੇ ਤੋਂ ਸਵੇਰੇ 5 ਵਜੇ ਤਕ ਕਰਫਿਊ ਰਹੇਗਾ। ਉਨ੍ਹਾਂ ਕਿਹਾ ਕਿ ਸਰਕਾਰ ਕਿਸੇ ਤਰ੍ਹਾਂ ਦਾ ਖ਼ਤਰਾ ਨਹੀਂ ਲੈਣਾ ਚਾਹੁੰਦੀ। ਪੂਰਵੀ ਖਾਸੀ ਹਿੱਲਜ਼ ਦੇ ਡਿਪਟੀ ਕਮਿਸ਼ਨਰ ਪੀਐਸ ਡਖ਼ਾਰ ਨੇ ਕਿਹਾ ਕਿ ਗ੍ਰਹਿ ਵਿਭਾਗ ਨੇ ਅੱਜ ਸੂਬਾਈ ਰਾਜਧਾਨੀ ਵਿੱਚ ਹਾਲਾਤ ਦੀ ਸਮੀਖਿਆ ਕੀਤੀ ਅਤੇ ਕੁਝ ਦਿਨਾਂ ਲਈ ਰਾਤ ਦਾ ਕਰਫਿਊ ਜਾਰੀ ਰੱਖਣ ਦਾ ਫੈਸਲਾ ਕੀਤਾ। ਉਨ੍ਹਾਂ ਕਿਹਾ ਕਿ ਅਗਾਮੀ 24 ਘੰਟਿਆਂ ਲਈ ਇੰਟਰਨੈੱਟ ਸੇਵਾਵਾਂ ਮੁਅੱਤਲ ਰਹਿਣਗੀਆਂ।

## ਕੈਪਟਨ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਲਈ ਵਿਸ਼ੇਸ਼ ਗਰਾਂਟ ਮੰਗੀ

**ਚੰਡੀਗੜ੍ਹ–** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਗਲੇ ਸਾਲ ਸ਼ਾਨਦਾਰ ਤਰੀਕੇ ਨਾਲ ਮਨਾਏ ਜਾ ਰਹੇ 550ਵੇਂ ਪ੍ਰਕਾਸ਼ ਪੁਰਬ ਸਮਾਰੋਹ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੱਖ-ਵੱਖ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਤੇ ਵੱਖ-ਵੱਖ ਕਸਬਿਆਂ ਤੇ ਸ਼ਹਿਰਾਂ ’ਚ ਵਿਸ਼ੇਸ਼ ਪ੍ਰੋਗਰਾਮ ਮਨਾਉਣ ਲਈ ਭਾਰਤ ਸਰਕਾਰ ਤੋਂ 2145.31 ਕਰੋੜ ਰੁਪਏ ਦੀ ਸਹਾਇਤਾ ਦੀ ਮੰਗ ਕੀਤੀ ਹੈ । ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੇ ਇਕ ਪੱਤਰ ’ਚ ਮੁੱਖ ਮੰਤਰੀ, ਜੋ ਸੂਬਾ ਪੱਧਰੀ ਸਮਾਰੋਹ ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਸੁਝਾਅ ਦਿੱਤਾ ਹੈ ਕਿ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਇਕ ਰਾਸ਼ਟਰੀ ਸਮਾਰੋਹ ਆਯੋਜਿਤ ਕਮੇਟੀ ਬਣਾਈ ਜਾਵੇ ਜੋ ਦੇਸ਼ ਭਰ ’ਚ ਮਨਾਏ ਜਾ ਰਹੇ ਇਨ੍ਹਾਂ ਇਤਿਹਾਸਕ ਸਮਾਰੋਹਾਂ ’ਤੇ ਨਿਗਰਾਨੀ ਰੱਖੇ।



ਇਸ ਪੱਤਰ ਦੇ ਨਾਲ ਇਕ ਵਿਸਤ੍ਰਿਤ ਯਾਦ-ਪੱਤਰ ਵੀ ਭੇਜਿਆ ਗਿਆ ਹੈ, ਜਿਸ ’ਚ ਮੁੱਖ ਮੰਤਰੀ ਨੇ ਸੁਲਤਾਨਪੁਰ ਲੋਧੀ, ਡੇਰਾ ਬਾਬਾ ਨਾਨਕ, ਬਟਾਲਾ ਤੇ ਗੁਰੂਹਰਸਹਾਏ ਵਰਗੇ ਇਤਿਹਾਸਕ ਕਸਬਿਆਂ ਦੇ ਬੁਨਿਆਦੀ ਢਾਂਚੇ ਦਾ ਪੱਧਰ ਉੱਚਾ ਚੁੱਕਣ ਲਈ 875.03 ਕਰੋੜ ਰੁਪਏ ਦੀ ਮੰਗ ਕੀਤੀ ਹੈ । ਮੁੱਖ ਮੰਤਰੀ ਨੇ ਅੰਮ੍ਰਿਤਸਰ ਵਿਖੇ ਅੰਤਰ-ਵਿਸਵਾਸ਼ ਅਧਿਐਨ ਲਈ ਸ੍ਰੀ ਗੁਰੂ ਨਾਨਕ ਦੇਵ ਨੈਸ਼ਨਲ ਇੰਸਟੀਚਿਊਟ ਦੀ ਸਥਾਪਨਾ ਲਈ ਮਾਨਵੀ ਸਰੋਤ ਵਿਕਾਸ ਮੰਤਰਾਲੇ ਤੋਂ 350 ਕਰੋੜ ਰੁਪਏ ਦੀ ਵਿਸ਼ੇਸ਼ ਗ੍ਰਾਂਟ ਵੀ ਮੰਗੀ ਹੈ। ਮੁੱਖ ਮੰਤਰੀ ਨੇ ਗੁਰਦਾਸਪੁਰ ਵਿਖੇ 500 ਬਿਸਤਰਿਆਂ ਦੇ ਸ੍ਰੀ ਗੁਰੂ ਨਾਨਕ ਦੇਵ ਮੈਡੀਕਲ ਕਾਲਜ ਤੇ ਸੁਪਰ ਸਪੈਸ਼ਲਟੀ ਹਸਪਤਾਲ ਦੀ ਸਥਾਪਨਾ ਲਈ 500 ਕਰੋੜ ਰੁਪਏ ਦੀ ਸਹਾਇਤਾ ਦੀ ਵੀ ਮੰਗ ਕੀਤੀ । ਮੁੱਖ ਮੰਤਰੀ ਨੇ ਇਕ ਵਿਰਾਸਤੀ ਪਿੰਡ ’ਪਿੰਡ ਬਾਬੇ ਨਾਨਕ ਦਾ’ ਦੀ ਸਥਾਪਨਾ ਕਰਨ ਲਈ ਸੱਭਿਆਚਾਰਕ ਮੰਤਰਾਲੇ ਕੋਲੋਂ 200 ਕਰੋੜ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦੀ ਮੰਗ ਕੀਤੀ ਹੈ ।

## ‘ਗੁੱਚੀ’ ਫ਼ੈਸ਼ਨ ਬ੍ਰਾਂਡ ਵਲੋਂ ਦਸਤਾਰ ਨੂੰ ਫ਼ੈਸ਼ਨ ਵਜੋਂ ਪੇਸ਼ ਕਰਨ ’ਤੇ ਵਿਵਾਦ

**ਮਿਲਾਨ –** ਵਿਸ਼ਵ ਦੇ ਸਭ ਤੋਂ ਮਸ਼ਹੂਰ ਫ਼ੈਸ਼ਨ ਬ੍ਰਾਂਡਾਂ ਵਿਚੋਂ ਇਕ ਗੁੱਚੀ ਵਲੋਂ ਇਸ ਸਾਲ ਦੇ ਸ਼ੁਰੂ ਵਿਚ ਇਕ ਫ਼ੈਸ਼ਨ ਸ਼ੋਅ ਦੌਰਾਨ ਪੱਗੜੀ ਦੀ ਵਰਤੋਂ ਕੀਤੀ ਗਈ। ਫਰਵਰੀ 2018 ਵਿਚ ਮਿਲਾਨ ਫ਼ੈਸ਼ਨ ਵੀਕ ਵਿਚ ਕਰਵਾਏ ਫ਼ੈਸ਼ਨ ਸ਼ੋਅ ਵਿਚ ਪੱਗੜੀ ਪਹਿਨੇ ਸਿੱਖ ਮਾਡਲ ਸ਼ਾਮਲ ਸਨ ਪਰ ਬਾਅਦ ਵਿਚ ਇਸ ਨੂੰ ਲੈ ਕੇ ਸੋਸ਼ਲ ਮੀਡੀਆ ’ਤੇ ਬਹਿਸ ਸ਼ੁਰੂ ਹੋ ਗਈ ਹੈ। ਸਿੱਖਾਂ ਵਲੋਂ ਦਸਤਾਰ ਨੂੰ ਸਿਰ ਦਾ ਤਾਜ ਕਿਹਾ ਜਾਂਦਾ ਹੈ, ਦਸਤਾਰ ਦੀ ਸਿੱਖ ਧਰਮ ਅੰਦਰ ਬਹੁਤ ਹੀ ਖ਼ਾਸ ਮਹੱਤਤਾ ਹੈ । ਪਰ ਅਜੋਕੇ ਸਮੇਂ ਵਿਚ ਦਸਤਾਰ ਨੂੰ ਫ਼ੈਸ਼ਨ ਦੇ ਰੂਪ ਵਿਚ ਪੇਸ਼ ਕਰਨ ਨੂੰ ਨਵਾਂ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਹੈ । ਵਿਸ਼ਵ ਦੀ ਪ੍ਰਸਿੱਧ ਫ਼ੈਸ਼ਨ ਕੰਪਨੀ ਗੂਚੀ ਨੇ ਮਿਲਾਨ ਵਿਖੇ ਹੋਏ ਇਕ ਫ਼ੈਸ਼ਨ ਸ਼ੋਅ ਦੌਰਾਨ ਮਾਡਲਾਂ ਨੂੰ ਪਗੜੀ ਨਾਲ ਸਟੇਜ ’ਤੇ ਉਤਾਰਿਆ ਸੀ, ਜਿਸ ਦਾ ਭਾਰੀ ਵਿਰੋਧ ਹੋਇਆ ਸੀ ਪਰ ਹੁਣ ਬਰਤਾਨੀਆ ਦੇ ਸ਼ਹਿਜ਼ਾਦੇ ਚਾਰਲਸ ਅਤੇ ਰਾਜਕੁਮਾਰ ਵਿਲੀਅਮ ਦੀ ਪਤਨੀ ਕੇਟ ਮਿਲਡਟਨ ਦੇ ਕੱਪੜੇ ਤਿਆਰ ਕਰਨ ਵਾਲੀ ਡਿਜ਼ਾਈਨਰ ਜੇਨ ਟੇਲਰ ਨੇ ਦਸਤਾਰ ਬਾਰੇ ਬਿਆਨ ਦੇ ਕੇ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ ਹੈ । ਜੇਨ ਟੇਲਰ ਨੇ ਕਿਹਾ ਹੈ ਕਿ ਫ਼ੈਸ਼ਨ ਸਮਾਗਮਾਂ ਵਿਚ ਪਗੜੀ ਨਵਾਂ ਫ਼ੈਸ਼ਨ ਹੈ । ਜੇਨ ਟੇਲਰ ਖ਼ੁਦ ਸਿਰ ਢੱਕਣ ਲਈ ਵਧੀਆ ਟੋਪੀਆਂ ਬਣਾਉਣ ਦੀ ਮਾਹਿਰ ਹੈ । ਜੇਨ ਟੇਲਰ ਦੇ ਬਿਆਨ ਤੋਂ ਬਾਅਦ ਸਿੱਖ ਆਗੂਆਂ ਦੇ ਇਸ ਬਾਰੇ ਵੱਖੋ-ਵੱਖਰੇ ਬਿਆਨ ਸਾਹਮਣੇ ਆਏ ਹਨ । ਬਰਤਾਨਵੀ ਬੀ.ਬੀ.ਸੀ. ਐਂਕਰ ਟੀਨਾ ਦੁਹੇਲੇ ਨੇ ਕਿਹਾ ਹੈ ਕਿ ਦਸਤਾਰ ਸਿੱਖਾਂ ਦੀ ਧਾਰਮਿਕ ਨਿਸ਼ਾਨੀ ਹੈ, ਇਸ ਨੂੰ ਫ਼ੈਸ਼ਨ ਵਜੋਂ ਨਹੀਂ ਲਿਆ ਜਾ ਸਕਦਾ । ਦਸਤਾਰ ਨੂੰ ਲੈ ਕੇ ਸਿੱਖਾਂ ’ਤੇ ਨਸਲੀ ਹਮਲੇ ਹੋਏ ਹਨ । ਬਰਤਾਨੀਆ ਦੇ ਪਹਿਲੇ ਦਸਤਾਰਧਾਰੀ ਲਾਰਡ ਇੰਦਰਜੀਤ ਸਿੰਘ ਨੇ ਕਿਹਾ ਹੈ ਕਿ ਉਹ ਪਗੜੀ ਦੇ ਫ਼ੈਸ਼ਨ ਤੋਂ ਨਰਾਜ਼ ਨਹੀਂ ਹਨ ਪਰ ਉਹ ਚਾਹੁੰਦੇ ਹਨ ਕਿ ਪਗੜੀ ਦੀ ਮਹੱਤਤਾ ਤੋਂ ਜਾਣੂ ਕਰਵਾਉਣ ਲਈ ਸਿਧਾਂਤਾਂ ਤੋਂ ਜਾਣੂ ਤਜਰਬੇਕਾਰ ਲੋਕਾਂ ਨੂੰ ਨਾਲ ਲਿਆ ਜਾਵੇ, ਤਾਂ ਕਿ ਆਮ ਲੋਕਾਂ ਨੂੰ ਦਸਤਾਰ ਦੀ ਮਹੱਤਤਾ ਤੋਂ ਜਾਣੂ ਕਰਵਾਇਆ ਜਾ ਸਕੇ । ਸਿੱਖ ਮੀਡੀਆਂ ਮਾਨਿੰਟਰਿੰਗ ਗਰੁੱਪ ਦੇ ਅਸ਼ੀਸ਼ ਜੋਸ਼ੀ ਨੇ ਕਿਹਾ ਕਿ ਦਸਤਾਰ ਦਾ ਅੱਗੇ ਆਉਣਾ ਚੰਗੀ ਗੱਲ ਹੈ, ਇਸ ਨੂੰ ਪ੍ਰਚਾਰਨਾ ਚਾਹੀਦਾ ਹੈ। ਕੁਝ ਹੋਰ ਟਿੱਪਣੀਕਾਰਾਂ ਦਾ ਕਹਿਣਾ ਹੈ ਕਿ ਪਗੜੀ ਸਿਰਫ਼ ਸਿੱਖਾਂ ਦੀ ਹੀ ਨਹੀਂ ਹੈ ਇਸ ਨੂੰ ਮੁਸਲਮਾਨ, ਹਿੰਦੂ ਅਤੇ ਕਈ ਅਫ਼ਰੀਕੀ ਲੋਕ ਵੀ ਪਹਿਨਦੇ ਹਨ, ਜਦਕਿ ਬਹੁਤੇ ਸਿੱਖ ਹੋ ਕੇ ਵੀ ਪਗੜੀ ਨਹੀਂ ਪਹਿਨਦੇ । ਉਨ੍ਹਾਂ ਕਿਹਾ ਕਿ ਹੁਣ ਬਹੁਤ ਸਾਰੀਆਂ ਬੀਬੀਆਂ ਨੇ ਵੀ ਦਸਤਾਰ ਸਜਾਉਣੀ ਸ਼ੁਰੂ ਕਰ ਦਿੱਤੀ ਹੈ । ਕੇਟ ਮਿਡਲਟਨ ਦੀ ਡਿਜ਼ਾਈਨਰ ਜੇਨ ਟੇਲਰ ਨੇ ਇਹ ਵੀ ਕਿਹਾ ਹੈ ਕਿ ਅਸੀਂ ਇਸ ਦੇ ਕੱਪੜੇ ਦੀ ਪੂਰੀ ਤਰ੍ਹਾਂ ਪੜਤਾਲ ਕਰਕੇ ਪਗੜੀ ਬਣਾਉਂਦੇ ਹਾਂ, ਜੋ ਅੱਜ ਦੇ ਸਮੇਂ ਵਿਚ ਬਹੁਤ ਮਕਬੂਲ ਹੋ ਰਹੀ ਹੈ।



ਇਸੇ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫ਼ੈਸ਼ਨ ਬ੍ਰਾਂਡ ਗੁੱਚੀ ਵਲੋਂ ਪੱਗੜੀ ਦੀ ਵਰਤੋਂ ਕਰਨ ’ਤੇ ਸਖ਼ਤ ਇਤਰਾਜ਼ ਜਤਾਇਆ ਹੈ । ਉਸ ਨੇ ਕਿਹਾ ਸੀ ਕਿ ਗੁੱਚੀ ਨੇ ਦਸਤਾਰ ਨੂੰ ਅਪਣੇ ਬ੍ਰਾਂਡ ਦੇ ਉਤਪਾਦ ਦੇ ਤੌਰ ’ਤੇ ਇਸਤੇਮਾਲ ਕਰਕੇ ਦਸਤਾਰ ਦੀ ਕੀਮਤ ਲਗਾਉਣ ਦੀ ਗੁਸਤਾਖ਼ੀ ਕੀਤੀ ਹੈ। ਸਿੱਖ ਦੀ ਪੱਗੜੀ ਦੀ ਕੀਮਤ ਕੋਈ ਨਹੀਂ ਲਗਾ ਸਕਦਾ। ਸਿੱਖ ਦੇ ਸਿਰ ’ਤੇ ਸਜੀ ਹੋਈ ਪੱਗੜੀ ਲੋਕਾਂ ਦੇ ਲਈ ਇਨਸਾਫ਼ ਜਾਂ ਇਨਸਾਨੀਅਤ ਦੀ ਗਰੰਟੀ ਹੈ ਅਤੇ ਦੁਸ਼ਮਣਾਂ ਲਈ ਸਿਰ ’ਤੇ ਬੰਨ੍ਹੇ ਕੱਫਣ ਵਰਗੀ ਹੈ। ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਫੈਸ਼ਨ ਕਾਰਨ ਅਪਣੇ ਸਿਰ ’ਤੇ ਗੁੱਚੀ ਦੀ ਟੋਪੀ ਪਾਉਣ ਵਾਲੇ ਨੌਜਵਾਨਾਂ ਨੂੰ ਸਮਝਾਉਂਦੇ ਹੋਏ ਕਿਹਾ ਕਿ ਹੁਣ ਇਕ ਵੱਡੇ ਫੈਸ਼ਨ ਬ੍ਰਾਂਡ ਨੇ ਵੀ ਮੰਨ ਲਿਆ ਹੈ ਕਿ ਦਸਤਾਰ ਫ਼ੈਸ਼ਨ ਦਾ ਹਿੱਸਾ ਹੈ। ਉਨ੍ਹਾਂ ਕਿਹਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਸਰਦਾਰੀ ਦੇ ਰੂਪ ਵਿਚ ਦਸਤਾਰ ਬੰਨ੍ਹਣ ਦਾ ਹੁਕਮ ਦਿਤਾ ਸੀ, ਜਿਸ ਨੂੰ ਹੁਣ ਗੁੱਚੀ ਪ੍ਰਮਾਣਤ ਕਰ ਰਿਹਾ ਹੈ। ਉਨ੍ਹਾਂ ਇਸ ਸਬੰਧੀ ਗੁੱਚੀ ਨੂੰ ਦਸਤਾਰ ਨੂੰ ਫੈਸ਼ਨ ਉਤਪਾਦ ਦੇ ਰੂਪ ਵਿਚ ਨਾ ਵਰਤਣ ਦੀ ਚਿਤਾਵਨੀ ਵੀ ਦਿਤੀ ਹੈ।

## ਮਿੱਟੀ ਦੇ ਭਾਂਡਿਆਂ ਦੀ ਮੰਗ ’ਚ ਭਾਰੀ ਵਾਧਾ

**ਅੰਮ੍ਰਿਤਸਰ–** ਲੰਬੇ ਅਰਸੇ ਤੋਂ ਲੋਕਾਂ ਵਲੋਂ ਨਕਾਰੇ ਗਏ ਮਿੱਟੀ ਦੇ ਭਾਂਡਿਆਂ ਦੀ ਮੰਗ ਕਰੀਬ 4 ਦਹਾਕਿਆਂ ਬਾਅਦ ਮੁੜ ਵਧਣੀ ਸ਼ੁਰੂ ਹੋ ਗਈ ਹੈ। ਫ਼ਰਿੱਜ ਤੇ ਹੋਰ ਮਸ਼ੀਨਾਂ ਰਾਹੀਂ ਠੰਡੇ ਹੋਏ ਪਾਣੀ ਨਾਲੋਂ ਮਿੱਟੀ ਦੇ ਘੜਿਆਂ ’ਚ ਕੁਦਰਤੀ ਢੰਗ ਨਾਲ ਠੰਡੇ ਹੋਏ ਪਾਣੀ ਨੂੰ ਸੁਰੱਖਿਅਤ ਤੇ ਲਾਹੇਵੰਦ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਆਰ.ਓ. ਫ਼ਿਲਟਰ ਵਾਲੇ ਪਾਣੀ ਨਾਲੋਂ ਵੀ ਘੜਿਆ ਦਾ ਪਾਣੀ ਸਿਹਤ ਲਈ ਸੁਰੱਖਿਅਤ ਤੇ ਸਿਹਤਮੰਦ ਦੱਸਿਆ ਜਾ ਰਿਹਾ ਹੈ। ਕਿਸੇ ਸਮੇਂ ਸਿਰਫ਼ ਗਰੀਬਾਂ ਦੀ ਲੋੜ ਬਣ ਚੁੱਕੇ ਮਿੱਟੀ ਦੇ ਘੜੇ ਅੱਜ ਹਰ ਕਿਸੇ ਦੀ ਜ਼ਰੂਰਤ ਬਣਦੇ ਜਾ ਰਹੇ ਹਨ।



ਅੰਮ੍ਰਿਤਸਰ ਦੇ ਛੋਟਾ ਹਰੀਪੁਰਾ ਇਲਾਕੇ ’ਚ ਸਥਿਤ ਪ੍ਰਜਾਪਤ ਮੁਹੱਲੇ ’ਚ 100 ਤੋਂ ਵਧੇਰੇ ਪਰਿਵਾਰ ਮਿੱਟੀ ਦੇ ਭਾਂਡੇ ਤੇ ਹੋਰ ਸਾਮਾਨ ਬਣਾਉਂਦੇ ਹਨ ਤੇ ਇਨ੍ਹਾਂ ਦੇ ਭਾਂਡੇ ਪੰਜਾਬ ਦੇ ਵੱਖ-ਵੱਖ ਸ਼ਹਿਰਾ ਤੋਂ ਇਲਾਵਾ ਹਿਮਾਚਲ ਤੇ ਜੰਮੂ-ਕਸ਼ਮੀਰ ’ਚ ਜਾਂਦੇ ਹਨ, ਜਿਸ ਦੀ ਕੀਮਤ 45 ਤੋਂ ਸ਼ੁਰੂ ਹੋ ਕੇ 200 ਰੁਪਏ ਤੱਕ ਚੱਲੀ ਜਾਂਦੀ ਹੈ । ਕਾਰੀਗਰ ਨਰੇਸ਼ ਕੁਮਾਰ ਤੇ ਸ਼ੁਭਾਸ਼ ਨੇ ਕਿਹਾ ਕਿ ਉਹ 45 ਤੋਂ 50 ਸਾਲ ਦੇ ਅਰਸੇ ਤੋਂ ਇਸ ਕੰਮ ਨੂੰ ਕਰਦੇ ਆ ਰਹੇ ਹਨ ।

# ਕਿਮ ਜੌਂਗ ਉੱਨ ਵੱਲੋਂ ਮੁਕੰਮਲ ਨਿਸ਼ਸਤਰੀਕਰਨ ਦਾ ਵਾਅਦਾ

(ਸਫਾ 1 ਦੀ ਬਾਕੀ)

ਕੋਰੀਅਨ ਪ੍ਰਾਈਦੀਪ ਵਿੱਚ ਮੁਕੰਮਲ ਨਿਸ਼ਸਤਰੀਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਹਮਾਇਤ ਕਰਨ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਚਾਰ ਘੰਟਿਆਂ ਤੋਂ ਵੱਧ ਸਮਾਂ ਚੱਲੀ ਪ੍ਰਬਲ ਗੱਲਬਾਤ ਮਗਰੋਂ ਕਿਹਾ, ’ਬੀਤੇ ਦੇ ਝਗੜੇ ਝੇੜੇ ਨੂੰ ਆਉਣ ਵਾਲੇ ਕੱਲ੍ਹ ਦੀ ਜੰਗ ਨਹੀਂ ਬਣਨ ਦਿੱਤਾ ਜਾ ਸਕਦਾ।’ ਅਮਰੀਕੀ ਸਦਰ ਨੇ ਗੱਲਬਾਤ ਨੂੰ ’ਇਮਾਨਦਾਰ, ਸਿੱਧੀ ਤੇ ਸਪਸ਼ਟ ਅਤੇ ਰਚਨਾਤਮਕ ਦੱਸਿਆ। ਟਰੰਪ ਨੇ ਕਿਹਾ ਕਿ ਕਿਮ ਨੇ ਕੋਰੀਅਨ ਪ੍ਰਾਇਦੀਪ ਦੇ ਨਿ-ਸ਼ਸਤਰੀਕਰਨ ਦੀ ਵਚਨਬੱਧਤਾ ਨੂੰ ਮੁੜ ਦੁਹਰਾਉਂਦਿਆਂ ਮਿਜ਼ਾਈਲ ਇੰਜਨ ਟੈਸਟ ਸਾਈਟ ਨੂੰ ਤਬਾਹ ਕਰਨ ਦੀ ਸਹਿ-ਮਤੀ ਵੀ ਦਿੱਤੀ ਹੈ।

ਉੱਤਰੀ ਕੋਰੀਆ ਦੇ ਆਗੂ ਨਾਲ ਆਪਣੀ ਪਲੇਠੀ ਮੀਟਿੰਗ ਮਗਰੋਂ ਟਰੰਪ ਨੇ ਪੱਤਰਕਾਰਾਂ ਨੂੰ ਦੱਸਿਆ ਕਿ ’ਅਸੀਂ ਦੋਵਾਂ ਮੁਲਕਾਂ ਵਿਚਾਲੇ ਨਵਾਂ ਅਧਿਆਏ ਲਿਖਣ ਲਈ ਤਿਆਰ ਹਾਂ।’

ਟਰੰਪ ਨੇ ਹਾਲਾਂਕਿ ਸਾਫ਼ ਕਰ ਦਿੱਤਾ ਕਿ ਉੱਤਰੀ ਕੋਰੀਆ ’ਤੇ ਲੱਗੀਆਂ ਪਾਬੰਦੀਆਂ ਜਾਰੀ ਰਹਿਣਗੀਆਂ। ਨਿਸ਼ਸਤਰੀਕਰਨ ਦੇ ਅਮਲ ਬਾਰੇ ਪੁੱਛੇ ਜਾਣ ’ਤੇ ਟਰੰਪ ਨੇ ਕਿਹਾ , ’ਅਸੀਂ ਜਲਦੀ ਹੀ ਅਮਲ ਸ਼ੁਰੂ ਕਰਾਂਗੇ...ਬਹੁਤ ਜਲਦੀ।’ ਟਰੰਪ ਨੇ ਕਿਹਾ ਕਿ ਇਸ ਸਬੰਧ ਵਿੱਚ ਅਗਲੇ ਹਫ਼ਤੇ ਮੀਟਿੰਗ ਹੋਵੇਗੀ ਤੇ ਸਮਝੌਤੇ ਨੂੰ ਸਿਰੇ ਚਾੜ੍ਹਨ ਲਈ ਖੇਤਰੀ ਮੁਲਕਾਂ ਨਾਲ ਮਿਲ ਕੇ ਕੰਮ ਕੀਤਾ ਜਾ ਰਿਹਾ ਹੈ। ਦੋਵਾਂ ਆਗੂਆਂ ਨੇ ਇਕ ਦੂਜੇ ਨਾਲ ਆਹਮੋ-ਸਾਹਮਣੀ ਮੀਟਿੰਗ ਮਗਰੋਂ ਸਾਂਝੇ ਬਿਆਨ ’ਤੇ ਸਹੀ ਪਾਈ।

ਇਸ ਮੀਟਿੰਗ ਵਿੱਚ ਅਨੁਵਾਦਕ ਹੀ ਮੌਜੂਦ ਸਨ। ਮਗਰੋਂ ਇਸ ਮੀਟਿੰਗ ਦਾ ਘੇਰਾ ਵਧਾਉਂਦਿਆਂ ਦੋਵਾਂ ਮੁਲਕਾਂ ਦੇ ਸਿਖਰਲੇ ਆਗੂਆਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ।

# ਹੈਰੋਇਨ ਦਾ ਟੀਕਾ ਲਗਾਉਣ ਨਾਲ ਪਿੰਡ ਬਲ੍ਹੇਰ ਦੇ ਨੌਜਵਾਨ ਦੀ ਮੌਤ

## ਪਿਤਾ ਦੇ ਬਿਆਨਾਂ 'ਤੇ ਪੁਲਿਸ ਨੇ ਤਿੰਨ ਖਿਲਾਫ ਕੇਸ ਕੀਤਾ ਦਰਜ

**ਭਿੱਖੀਵਿੰਡ (ਭੁਪਿੰਦਰ ਸਿੰਘ)–** ਪੰਜਾਬ ਵਿਚ ਮਾਰੂ ਨਸ਼ਿਆਂ ਨੂੰ ਖਤਮ ਕਰਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬੀਤੇਂ ਦਿਨੀ ਤਰਨ ਤਾਰਨ ਵਿਖੇ ਸੂਬਾ ਪੱਧਰੀ ਡੈਪੋ ਪ੍ਰੋਗਰਾਮ ਦੀ ਸ਼ੁਰੂਆਤ ਕਰਕੇ ਮਾਰੂ ਨਸ਼ਿਆਂ ਦੇ ਖਾਤਮੇ ਲਈ ਲੱਖ ਦਾਅਵੇ ਕੀਤੇ ਸਨ, ਪਰ ਮੁੱਖ ਮੰਤਰੀ ਦੇ ਦਾਅਵੇ ਖੋਖਲੇ ਨਜ਼ਰ ਆ ਰਹੇ ਹਨ ਤੇ ਡੈਪੋ ਪ੍ਰੋਗਰਾਮ ਨਾਕਾਮ ਸਾਬਤ ਹੋ ਰਿਹਾ ਹੈ, ਜਿਸ ਦੀ ਪ੍ਰਤੱਖ ਮਿਸਾਲ ਵਿਧਾਨ ਸਭਾ ਹਲਕਾ ਖੇਮਕਰਨ ਅਧੀਨ ਆਉਦੇਂ ਪਿੰਡ ਬਲ੍ਹੇਰ ਤੋਂ ਮਿਲਦੀ ਹੈ, ਜਿਥੇ ਇਕ ਨੌਜਵਾਨ ਨਸ਼ੇ ਦੀ ਪੂਰਤੀ ਲਈ ਹੈਰੋਇਨ ਦਾ ਨਸ਼ੀਲਾ ਟੀਕਾ ਲਗਾਉਣ ਸਮੇਂ ਹੀ ਮੌਤ ਦੇ ਮੂੰਹ ਵਿਚ ਚਲਾ ਗਿਆ। ਪੁਲਿਸ ਨੇ ਮ੍ਰਿਤਕ ਨੌਜਵਾਨ ਗੁਰਜੀਤ ਸਿੰਘ ਦੇ ਪਿਤਾ ਵਿਰਸਾ ਸਿੰਘ ਦੇ ਬਿਆਨਾ 'ਤੇ ਤਿੰਨ ਨੌਜਵਾਨਾਂ ਖਿਲਾਫ ਧਾਰਾ 302, 34 ਆਈ.ਪੀ.ਸੀ ਦਾ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਿਸ ਥਾਣਾ ਭਿੱਖੀਵਿੰਡ ਨੂੰ ਦਿੱਤੀ ਲਿਖਤੀ ਰਿਪੋਰਟ ਵਿਚ ਮ੍ਰਿਤਕ ਦੇ ਪਿਤਾ ਵਿਰਸਾ ਸਿੰਘ ਪੁੱਤਰ ਹਜੂਰਾ ਸਿੰਘ ਵਾਸੀ ਪਿੰਡ ਬਲ੍ਹੇਰ ਨੇ ਦੋਸ਼ ਲਗਾਉਦਿਆਂ ਦੱਸਿਆ ਕਿ ਕੱਲ ਸ਼ਾਮ 5 ਵਜੇ ਦੇ ਕਰੀਬ ਪਿੰਡ ਦਾ ਹੀ ਦਲਬੀਰ ਸਿੰਘ ਪੁੱਤਰ ਬਚਨ ਸਿੰਘ ਮੇਰੇ ਲੜਕੇ ਨੂੰ ਘਰੋਂ ਆਵਾਜ ਮਾਰ ਕੇ





ਭਿੱਖੀਵਿੰਡ ਵੱਲ ਨੂੰ ਲੈ ਗਿਆ। ਇਕ ਘੰਟੇ ਬਾਅਦ ਮੈਨੂੰ ਪਤਾ ਲੱਗਾ ਕਿ ਦਲਬੀਰ ਸਿੰਘ, ਹਰਬੀਰ ਸਿੰਘ ਪੁੱਤਰ ਦਿਆਲ ਸਿੰਘ ਵਾਸੀ ਭਿੱਖੀਵਿੰਡ, ਲਵਪੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਭਿੱਖੀਵਿੰਡ ਨੇ ਮੇਰੇ ਲੜਕੇ ਗੁਰਜੀਤ ਸਿੰਘ ਨੂੰ ਨਸ਼ੀਲਾ ਟੀਕਾ ਲਗਾਇਆ, ਜਿਸ ਨਾਲ ਉਸਦੀ ਮੌਤ ਹੋ ਗਈ। ਇਹ ਗੱਲ ਸੁਣ ਕੇ ਜਦੋਂ ਮੈਂ ਤੇ ਮੇਰਾ ਪੋਤਰਾ ਗੁਰਲਾਲ ਸਿੰਘ, ਜਗਤਾਰ ਸਿੰਘ ਰੋਹੀ ਵੱਲ ਗਏ ਤਾਂ ਅੱਗੋ ਉਕਤ ਤਿੰਨੇ ਨੌਜਵਾਨ ਮੇਰੇ ਲੜਕੇ ਨੂੰ ਮੋਟਰਸਾਈਕਲ ਦੇ ਪਿੱਛੇ ਬਿਠਾ ਕੇ ਪਿੰਡ ਵੱਲ ਨੂੰ ਲਿਜਾ ਰਹੇ ਸਨ, ਜੋ ਸਾਨੂੰ ਵੇਖ ਗੁਰਜੀਤ ਸਿੰਘ ਨੂੰ ਸੁੱਟ ਕੇ ਮੋਟਰਸਾਈਕਲ ਰਾਂਹੀ ਫਰਾਰ ਹੋ ਗਏ। ਮ੍ਰਿਤਕ ਦੇ ਪਿਤਾ ਵਿਰਸਾ ਸਿੰਘ ਨੇ ਪੁਲਿਸ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਕਿ ਮੇਰੇ ਲੜਕੇ ਗੁਰਜੀਤ ਸਿੰਘ ਨੂੰ ਨਸ਼ੀਲਾ ਟੀਕਾ ਲਗਾਉਣ ਵਾਲੇ ਤਿੰਨਾਂ ਨੌਜਵਾਨਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਪੁਲਿਸ ਥਾਣਾ ਭਿੱਖੀਵਿੰਡ ਦੇ ਐਸ.ਐਚ.ਓ ਮਨਜਿੰਦਰ ਸਿੰਘ ਨਾਲ ਗੱਲ ਕਰਨ 'ਤੇ ਉਹਨਾਂ ਕਿਹਾ ਕਿ ਦੋਸ਼ੀਆਂ ਨੂੰ ਫੜਣ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

**ਨਸ਼ੇੜੀ ਲੋਕਾਂ ਨੇ ਮੇਰੇ ਪੁੱਤ ਨੂੰ ਮੌਤ ਵੱਲ ਧੱਕਿਆ– ਵਿਰਸਾ ਸਿੰਘ**

ਮ੍ਰਿਤਕ ਦੇ ਪਿਤਾ ਵਿਰਸਾ ਸਿੰਘ ਨੇ ਦੱਸਿਆ ਕਿ ਮੇਰੇ ਵੱਡੇ ਲੜਕੇ ਸਤਨਾਮ ਸਿੰਘ ਦੀ 7 ਸਾਲ ਪਹਿਲਾਂ ਮੌਤ ਹੋ ਚੁੱਕੀ ਹੈ ਅਤੇ ਛੋਟਾ ਲੜਕਾ ਗੁਰਜੀਤ ਸਿੰਘ ਨਸ਼ੀਲੀਆਂ ਗੋਲੀਆਂ ਖਾਣ ਦਾ ਆਦੀ ਸੀ, ਜੋ ਨਸ਼ਾ ਛਡਾਉ ਕੇਂਦਰ ਲੁਧਿਆਣਾ ਵਿਖੇ 2-3 ਮਹੀਨੇ ਦਾਖਲ ਰਹਿਣ ਤੋਂ ਬਾਅਦ ਘਰ ਵਾਪਸ ਆ ਕੇ ਖੇਤੀਬਾੜੀ ਦਾ ਧੰਦਾ ਕਰਦਾ ਰਿਹਾ। ਪਰ ਨਸ਼ਿਆਂ ਦਾ ਸੇਵਨ ਕਰਨ ਵਾਲੇ ਦਲਬੀਰ ਸਿੰਘ, ਹਰਬੀਰ ਸਿੰਘ, ਲਵਪ੍ਰੀਤ ਸਿੰਘ ਦੇ ਢਾਹੇ ਚੜ੍ਹਨ ਕਾਰਨ ਮੇਰਾ ਛੋਟਾ ਲੜਕਾ ਗੁਰਜੀਤ ਸਿੰਘ ਵੀ ਮੌਤ ਦੇ ਮੂੰਹ ਵਿਚ ਚਲਾ ਗਿਆ। ਦੱਸਣਯੋਗ ਹੈ ਕਿ ਮ੍ਰਿਤਕ ਗੁਰਜੀਤ ਸਿੰਘ ਦੇ ਦੋਵੇਂ ਲੜਕੇ ਗੁਰਨੂਰ ਸਿੰਘ (5), ਸੁਖਸਿਮਰਨ ਸਿੰਘ (3) ਅਪੰਗ ਹੋਣ ਦੇ ਨਾਲ ਹੁਣ ਬਾਪ ਤੋਂ ਵਿਰਵੇ ਹੋ ਗਏ ਹਨ।

# 'ਗੱਲ ਭੀਮ ਤੇਰੇ ਉਪਕਾਰਾਂ ਦੀ' ਸਿੰਗਲ ਟਰੈਕ ਜਲਦੀ ਹੀ ਸਰੋਤਿਆਂ ਦੇ ਰੂਬਰੂ




**ਚੰਡੀਗੜ੍ਹ–** ਅਨੇਕਾਂ ਹੀ ਸੁਪਰ-ਸਟਾਰ ਗਾਇਕਾਂ ਨੂੰ ਪੇਸ਼ ਕਰਨ ਵਾਲਾ ਗੀਤਕਾਰ ਰਾਜੂ ਨਾਹਰ ਇੱਕ ਵੱਖਰੀ ਸੋਚ ਵਾਲੀ ਬੁਲੰਦ ਅਵਾਜ਼ ਨੂੰ ਪੰਜਾਬੀ ਸਰੋਤਿਆਂ ਦੇ ਰੂਬਰੂ ਕਰਨ ਜਾ ਰਿਹਾ ਹੈ, ਜਿਸ ਗਾਇਕ ਦਾ ਨਾਮ ਹੈ, ਪ੍ਰੇਮ ਚਮਕੀਲਾ। ਉਹ ਚਮਕੀਲਾ, ਜਿਹੜਾ ਕਿ ਕਾਫੀ ਸਾਲਾਂ ਤੋਂ ਇੰਗਲੈਂਡ ਵਿੱਚ ਰਹਿਕੇ ਵੀ ਪੰਜਾਬੀ ਮਾਂ-ਬੋਲੀ ਅਤੇ ਸਾਡੇ ਸੱਭਿਆਚਾਰ ਦੀ ਸੇਵਾ ਕਰ ਰਿਹਾ ਹੈ। ਇਸ ਗਾਇਕ ਨੇ ਹੁਣ ਸੁਰੀਲੀ ਤੇ ਦਮਦਾਰ ਅਵਾਜ਼ ਵਿੱਚ ਗੀਤ, 'ਗੱਲ ਭੀਮ ਤੇਰੇ ਉਪਕਾਰਾਂ ਦੀ' ਦੁਆਰਾ, ਡਾ: ਭੀਮ ਰਾਉ ਅੰਬੇਦਕਰ ਸਾਹਿਬ ਜੀ ਦੀ ਮਹਿੰਮਾ ਦਾ ਗਾਇਨ ਕੀਤਾ ਹੈ। ਇਸ ਨੂੰ ਕਲਮਬੱਧ ਕੀਤਾ ਹੈ ਗੀਤਕਾਰ ਐਸ ਐਲ ਰੱਤੂ (ਯੂ ਕੇ) ਨੇ ਅਤੇ ਇਸ ਦਾ ਸੰਗੀਤ ਤਿਆਰ ਕੀਤਾ ਹੈ, ਸੰਗੀਤਕਾਰ ਹਰਬੰਸ ਅਜ਼ਾਦ ਇੰਗਲੈਂਡ ਨੇ । ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਪੇਸ਼ਕਰਤਾ ਰਾਜੂ ਨਾਹਰ ਨੇ ਦੱਸਿਆ ਕਿ 'ਜਸ਼ਨ ਐਨ ਰਿਕਾਰਡਜ਼ ਕੰਪਨੀ' ਵੱਲੋਂ ਰਿਲੀਜ਼ ਕੀਤੇ ਜਾ ਰਹੇ ਇਸ ਗੀਤ ਦਾ ਵੀਡੀਉ ਵੀ ਤਿਆਰ ਹੋ ਰਿਹਾ ਹੈ ਜੋ ਕਿ ਜਲਦੀ ਹੀ ਵੱਖ-ਵੱਖ ਚੈਨਲਾਂ ਅਤੇ ਇੰਟਰਨੈਟ ਯੂ-ਟਿਊਬ ਤੇ ਵੀ ਦੇਖਣ ਨੂੰ ਮਿਲੇਗਾ।

**– ਪ੍ਰੀਤਮ ਲੁਧਿਆਣਵੀ**

# ਝੂਠੇ ਕੇਸ ਵਿਚ ਗ੍ਰਿਫ਼ਤਾਰ ਕੀਤੇ ਜਮਹੂਰੀ ਕਾਰਕੁੰਨਾਂ ਨੂੰ ਰਿਹਾਅ ਕੀਤਾ ਜਾਵੇ- ਜਮਹੂਰੀ ਅਧਿਕਾਰ ਸਭਾ

**ਬਠਿੰਡਾ–** ਪ੍ਰੈਸ ਬਿਆਨ ਜਾਰੀ ਕਰਦਿਆਂ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਜਿਲ੍ਹਾ ਬਠਿੰਡਾ ਦੇ ਪ੍ਰਧਾਨ ਪ੍ਰਿੰ ਬੱਗਾ ਸਿੰਘ ਤੇ ਪੰਜਾਬ ਸਕੱਤਰੇਤ ਮੈਂਬਰ ਡਾਕਟਰ ਅਜੀਤਪਾਲ ਸਿੰਘ ਐਮ ਡੀ ਨੇ ਮਹਾਰਾਸ਼ਟਰ ਪੁਲਿਸ ਵਲੋਂ ਪਹਿਲੀ ਜਨਵਰੀ ਨੂੰ ਭੀਮਾ-ਕੋਰੇਗਾਓਂ ਯੁੱਧ ਦੀ ਦੂਜੀ ਸ਼ਤਾਬਦੀ ਸਮੇਂ ਹਿੰਦੂਤਵੀ ਤਾਕਤਾਂ ਵਲੋਂ ਜਥੇਬੰਦ ਕੀਤੇ ਉੱਚਜਾਤੀ ਹਜੂਮ ਦੀ ਹਿੰਸਾ ਨੂੰ ਬਹਾਨਾ ਬਣਾਕੇ ਜਮਹੂਰੀ ਕਾਰਕੁੰਨਾਂ ਉੱਪਰ ਹਿੰਸਾ ਭੜਕਾਉਣ ਦਾ ਝੂਠਾ ਮੁਕੱਦਮਾ ਦਰਜ ਕਰਕੇ ਉਹਨਾਂ ਦੇ ਘਰਾਂ ਵਿਚ ਛਾਪੇ ਮਾਰਨ ਅਤੇ ਉਹਨਾਂ ਨੂੰ ਗ੍ਰਿਫ਼ਤਾਰ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।

ਇਹ ਹਿੰਸਾ ਬਾਕਾਇਦਾ ਸਾਜ਼ਿਸ਼ ਤਹਿਤ ਹਿੰਦੂਤਵ ਫਾਸ਼ੀਵਾਦੀ ਤਾਕਤਾਂ ਵਲੋਂ ਦਲਿਤਾਂ ਦੇ ਖ਼ਿਲਾਫ਼ ਭੜਕਾਈ ਗਈ ਸੀ ਪਰ ਸੱਤਾਧਾਰੀ ਹਿੰਦੂਤਵ ਕੈਂਪ ਦੇ ਇਸ਼ਾਰੇ 'ਤੇ ਪੁਲਿਸ ਨੇ ਹਿੰਸਾ ਦੇ ਯੋਜਨਾਘਾੜੇ ਹਿੰਦੂਤਵ ਆਗੂਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ। ਇਸਦੇ ਉਲਟ ਇਸ ਘਟਨਾ ਦੇ ਬਹਾਨੇ ਜਮਹੂਰੀ ਕਾਰਕੁੰਨਾਂ ਉੱਪਰ ਝੂਠੇ ਇਲਜ਼ਾਮ ਲਗਾਕੇ ਉਹਨਾਂ ਦੇ ਘਰਾਂ ਵਿਚ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ। ਅੱਜ ਤੜਕੇ ਪੁਲਿਸ ਵਲੋਂ ਦੁਬਾਰਾ ਛਾਪੇ ਮਾਰਕੇ ਮਹਾਂਰਾਸ਼ਟਰ ਤੋਂ ਵਿਦਰੋਹੀ ਪੱਤ੍ਰਿਕਾ ਦੇ ਸੰਪਾਦਕ ਸੁਧੀਰ ਢਾਵਲੇ, ਨਾਗਪੁਰ ਤੋਂ ਜਮਹੂਰੀ ਹੱਕਾਂ ਦੇ ਮਸ਼ਹੂਰ ਵਕੀਲ ਐਡਵੋਕੇਟ ਸੁਰਿੰਦਰ ਗਾਡਲਿੰਗ, ਦਿੱਲੀ ਤੋਂ ਸਿਆਸੀ ਕੈਦੀਆਂ ਦੇ ਹੱਕਾਂ ਲਈ ਰਿਹਾਈ ਕਮੇਟੀ ਦੇ ਆਗੂ ਰੋਨਾ ਵਿਲਸਨ, ਨਾਗਪੁਰ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਦੀ ਮੁਖੀ ਅਤੇ ਮਸ਼ਹੂਰ ਕਾਰਕੁੰਨ ਪ੍ਰੋਫੈਸਰ ਸ਼ੋਮਾ ਸੇਨ ਅਤੇ ਟਾਟਾ ਇੰਸਟੀਚਿਊਟ ਸੋਸ਼ਲ ਸਾਇੰਸਿਜ਼ ਮੁੰਬਈ ਨਾਲ ਸਬੰਧਤ ਕਾਰਕੁੰਨ ਮਹੇਸ਼ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਉਹਨਾਂ ਕਿਹਾ ਕਿ ਭੀਮਾ-ਕੋਰੇਗਾਓਂ ਵਿਖੇ ਵਾਪਰੀ ਹਿੰਸਾ ਤਾਂ ਮਹਿਜ਼ ਬਹਾਨਾ ਹੈ ਦਰਅਸਲ ਕੇਂਦਰ ਅਤੇ ਸੂਬਾ ਸਰਕਾਰਾਂ ਵਲੋਂ ਇਹਨਾਂ ਕਾਰਕੁੰਨਾਂ ਨੂੰ ਉਹਨਾਂ ਦੀਆਂ ਲੋਕਪੱਖੀ ਸਰਗਰਮੀਆਂ ਕਰਕੇ ਜੇਲ੍ਹਾਂ ਵਿਚ ਸਾੜਨ ਦੀ ਸਾਜ਼ਿਸ਼ ਘੜੀ ਗਈ ਹੈ। ਕਿਉਂਕਿ ਉਹ ਆਦਿਵਾਸੀ ਸੰਘਰਸ਼ ਦੇ ਇਲਾਕਿਆਂ ਚਲਾਏ ਜਾ ਰਹੇ ਓਪਰੇਸ਼ਨ ਗਰੀਨ ਹੰਟ, ਮਾਓਵਾਦੀ ਕਾਰਕੁੰਨਾਂ ਅਤੇ ਆਦਿਵਾਸੀਆਂ ਦੀਆਂ ਝੂਠੇ ਮੁਕਾਬਲਿਆਂ ਵਿਚ ਹੱਤਿਆਵਾਂ, ਆਪਣੇ ਕੁਦਰਤੀ ਵਸੀਲਿਆਂ ਦੀ ਰਾਖੀ ਲਈ ਸੰਘਰਸ਼ਸ਼ੀਲ ਲੋਕਾਂ ਨੂੰ ਜੇਲ੍ਹਾਂ ਵਿਚ ਸਾੜਨ ਅਤੇ ਕਾਰਪੋਰੇਟ ਤੇ ਹਿੰਦੂਤਵ ਫਾਸ਼ੀਵਾਦ ਦੀ ਦਹਿਸ਼ਤਵਾਦੀ ਮੁਹਿੰਮ ਵਿਰੁੱਧ ਲਗਾਤਾਰ ਆਵਾਜ਼ ਉਠਾ ਰਹੇ ਹਨ ਅਤੇ ਲੋਕਾਂ ਨੂੰ ਆਪਣੇ ਜਮਹੂਰੀ ਹੱਕਾਂ ਲਈ ਜਾਗਰੂਕ ਕਰ ਰਹੇ ਹਨ।

ਲੋਕਪੱਖੀ ਵਕੀਲ ਸਿਆਸੀ ਕੈਦੀਆਂ ਦੀ ਰਿਹਾਈ ਲਈ ਅਦਾਲਤਾਂ ਵਿਚ ਡੱਟਕੇ ਕਾਨੂੰਨੀ ਲੜਾਈ ਲੜ ਰਹੇ ਹਨ। ਹਾਲ ਹੀ ਵਿਚ ਉਹਨਾਂ ਨੇ ਗੜ੍ਹਚਿਰੌਲੀ ਵਿਚ 40 ਮਾਓਵਾਦੀਆਂ ਅਤੇ ਆਦਿਵਾਸੀਆਂ ਨੂੰ ਝੂਠੇ ਮੁਕਾਬਲੇ ਵਿਚ ਮਾਰਨ ਦਾ ਡੱਟਕੇ ਵਿਰੋਧ ਕੀਤਾ ਹੈ।

ਸਭਾ ਦੇ ਆਗੂਆਂ ਨੇ ਮੰਗ ਕੀਤੀ ਕਿ ਗ੍ਰਿਫ਼ਤਾਰ ਕੀਤੇ ਸਾਰੇ ਹੀ ਜਮਹੂਰੀ ਕਾਰਕੁੰਨਾਂ ਅਤੇ ਬੁੱਧੀਜੀਵੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਉਹਨਾਂ ਦੇ ਖ਼ਿਲਾਫ਼ ਦਰਜ਼ ਕੀਤੇ ਝੂਠੇ ਮੁਕੱਦਮੇ ਵਾਪਸ ਲਏ ਜਾਣ ਅਤੇ ਜਮਹੂਰੀ ਕਾਰਕੁੰਨਾਂ ਉੱਪਰ ਫਾਸ਼ੀਵਾਦੀ ਹਮਲੇ ਬੰਦ ਕੀਤੇ ਜਾਣ

**– ਡਾ ਅਜੀਤਪਾਲ ਸਿੰਘ ਐਮ ਡੀ**

# ਰਿਜਨ 7 ਦੇ ਰਿਜਨ ਸੈਕਟਰੀ ਬਣੇ ਲਾਇਨ ਸਦਿਉੜਾ

ਇੰਟਰਨੈਸ਼ਨਲ ਲਾਇਨਜ ਕਲੱਬ ਜਿਲਾ 321 ਐਫ ਦੇ 7 ਰਿਜਨ ਦੇ ਰਿਜਨ ਚੈਅਰਮੈਨ ਲਾਇਨ ਅਰਵਿੰਦਰਪਾਲ ਸਿੰਘ ਬੱਬੂ ਨੇ ਲਾਇਨ ਸੁਖਜੰਤ ਸਿੰਘ ਸਦਿਉੜਾ ਨੂੰ ਆਪਣੇ



ਰਿਜਨ ਦਾ ਰਿਜਨ ਸੈਕਟਰੀ ਨਿਯੁਕਤ ਕੀਤਾ ਇਸ ਸਮੇ ਤੇ ਲਾਇਨ ਬੱਬੂ ਨੇ ਦੱਸਿਆ ਕਿ ਜਿਲ੍ਹਾ ਗਵਰਨਰ ਲਾਇਨ ਬਰਿੰਦਰ ਸਿੰਘ ਸੋਹਲ ਵਲੋ ਅਤੇ ਇੰਟਰਨੈਸ਼ਨਲ ਲਾਇਨਜ ਕਲੱਬ ਵਲੋ ਜੋ ਵੀ ਪਰੋਗਰਾਮ ਉਲੀਕੇ ਜਾਦੇ ਹਨ ਉਹਨਾਂ ਬਾਰੇ ਸਾਰੀ ਜਾਣਕਾਰੀ ਰਿਜਨ ਦੀਆ ਕਲੱਬਾਂ ਨੂੰ ਦੇਣੀ ਸੈਕਟਰੀ ਦਾ ਕੰਮ ਹੁੰਦਾ ਹੈ ਨਿਯੁਕਤੀ ਪੱਤਰ ਦੇਣ ਸਮੇ ਲਾਇਨਜ ਕਲੱਬ ਮੁਕਤਸਰ ਅਨਮੋਲ ਦੇ ਸੀਨੀਅਰ ਮੈਂਬਰ ਲਾਇਨ ਨਿਰੰਜਨ ਸਿੰਘ ਰੱਖਰਾ, ਲਾਇਨ ਰਵਿੰਦਰਪਾਲ ਸਿੰਘ, ਲਾਇਨਜ ਕਲੱਬ ਬਰਗਾੜੀ ਅਨਮੋਲ ਦੇ ਪ੍ਰਧਾਨ ਲਾਇਨ ਹਰਮੀਤ ਸਿੰਘ ਢਿੱਲੋ, ਲਾਇਨ ਡਾ ਬਲਵਿੰਦਰ ਸਿੰਘ ਸਿਵੀਆ,ਲਾਇਨ ਡਾ ਹਰਵਿੰਦਰ ਸਿੰਘ ਧਾਰੀਵਾਲ, ਲਾਇਨ ਡਾ ਜਗਦੇਵ ਸਿੰਘ ਚਹਿਲ, ਲਾਇਨ ਜੋਗਿੰਦਰ ਸਿੰਘ ਦਬੜੀਖਾਨਾ ਮੌਜੂਦ ਸਨ

# ਆਸ਼ੀ ਈਸਪੁਰੀ ਦਾ ਕਾਵਿ ਸੰਗ੍ਰਹਿ 'ਸੁਣ ਉਏ ਆਸ਼ੀ ਕਮਲਿਆ' ਲੋਕ ਅਰਪਣ

**ਅਲਾਵਲਪੁਰ (ਮਦਨ ਬੰਗੜ)–** ਲੰਬੇ ਸਮੇਂ ਤੋਂ ਕਾਵਿ ਸਿਰਜਣਾ ਕਰ ਰਹੇ ਪੰਜਾਬੀ ਦੇ ਸਮਰੱਥ ਸ਼ਾਇਰ ਆਸ਼ੀ ਈਸਪੁਰੀ ਦੀਆਂ ਅੱਠ ਪੁਸਤਕਾਂ ਤੋਂ ਬਾਅਦ ਨੌਵੀਂ ਪੁਸਤਕ ਦੋਹਿਆਂ ਦਾ ਕਾਵਿ ਸੰਗ੍ਰਹਿ 'ਸੁਣ ਉਏ ਆਸੀ ਕਮਲਿਆਂ ਠ ਨੂੰ ਪੰਜਾਬੀ ਸਾਹਿਤ ਸਭਾ ਭੋਗਪੁਰ ਵੱਲੋਂ ਕਰਵਾਏ ਗਏ ਸਾਹਿਤਕ ਸਮਾਗਮ ਦੌਰਾਨ ਲੋਕ ਅਰਪਣ ਕੀਤਾ ਗਿਆ ਸਮਾਗਮ ਦੀ ਆਰੰਭਤਾ ਚ ਸਭਾ ਦੇ ਪ੍ਰਧਾਨ ਪਰਮਵੀਰ ਸਿੰਘ ਬਾਠ ਨੇ ਆਏ ਸਾਹਿਤਕਾਰ ਸਾਹਿਤਕ ਪ੍ਰੇਮੀਆਂ ਨੂੰ ਜੀ ਆਇਆਂ ਆਖਿਆ ਮੰਚ ਸੰਚਾਲਨ ਗੀਤਕਾਰ ਪੱਤਰਕਾਰ ਰਾਣਾ ਭੋਗਪੁਰੀਆ ਨੇ ਬਾਖ਼ੂਬੀ ਨਿਭਾਇਆ ਸਮਾਗਮ ਦੇ ਮੁੱਖ ਮਹਿਮਾਨ ਪ੍ਰਸਿੱਧ ਗਜ਼ਲਗੋ ਰਜਿੰਦਰ ਸਿੰਘ ਪਰਦੇਸੀ ਸਭਾ ਦੇ ਸਰਪ੍ਰਸਤ ਗੁਰਵਿੰਦਰ ਸਿੰਘ ਮਾਣਕ, ਸ਼ਾਇਰ ਆਸ਼ੀ ਈਸਪੁਰੀ, ਨਗੀਨਾ ਸਿੰਘ ਬਲੱਗਣ, ਸੁਰਜੀਤ ਸਿੰਘ ਸਾਜਨ ਨੂੰ ਪ੍ਰਧਾਨਗੀ ਮੰਡਲ ਵਿੱਚ ਬੈਠਣ ਦਾ ਸੱਦਾ ਦਿੱਤਾ ਸਭਾ ਦੇ ਜਨਰਲ ਸਕੱਤਰ ਸੁਮਨ ਘੋੜਾਬਾਹੀ ਨੇ ਪੁਸਤਕ ਤੇ ਪਰਚਾ ਪੜ੍ਹਦਿਆਂ ਇਸ ਕਾਵਿ ਕਿਰਤ ਦੀਆਂ ਪ੍ਰਾਪਤੀਆਂ ਦਾ ਜਿਕਰ ਕਰਨ ਦੇ ਨਾਲ ਨਾਲ ਉਸਾਰੂ ਆਲੋਚਨਾਤਮਕ ਟਿੱਪਣੀਆਂ ਵੀ ਕੀਤੀਆਂ ਸ਼ਾਇਦ ਲਾਲੀ ਕਰਤਾਰਪੁਰੀ ਨੇ ਡਾਕਟਰ ਰਾਮ ਮੂਰਤੀ ਵੱਲੋਂ ਪੁਸਤਕ ਤੇ ਲਿਖਿਆ ਪਰਚਾ ਪੜ੍ਹ ਕੇ ਆਸੀ ਈਸਪੁਰੀ ਨੂੰ ਮੁਬਾਰਕਬਾਦ ਦਿੱਤੀ ਵਿਚਾਰ ਚਰਚਾ ਉਪਰੰਤ ਸਮਾਗਮ ਦੇ ਮੁੱਖ ਮਹਿਮਾਨ ਗ਼ਜ਼ਲਗੋ ਰਾਜਿੰਦਰ ਪ੍ਰਦੇਸੀ ਨੇ ਇਸ ਕਾਵਿ ਸੰਗ੍ਰਹਿ ਨੂੰ ਲੋਕ ਅਰਪਣ ਕਰਨ ਦੀ ਰਸਮ ਅਦਾ ਕੀਤੀ ਇਸ ਮੌਕੇ ਕਵੀ ਆਸ਼ੀ ਈਸਪੁਰੀ ਦੀ ਜੀਵਨ ਸਾਥਣ ਬਲਵੀਰ ਕੌਰ ਅਤੇ ਉਨ੍ਹਾਂ ਦੀ ਸਪੁੱਤਰੀ ਨਵਦੀਪ ਕੌਰ ਤੇ ਦਾਮਾਦ ਪ੍ਰੋਫੈਸਰ ਕ੍ਰਾਂਤੀ ਕੁਮਾਰ ਵੀ ਹਾਜਰ ਸਨ ਆਸ਼ੀ ਈਸਪੁਰੀ ਨੇ ਸਭਾ ਦੇ ਇਸ ਉਪਰਾਲੇ ਲਈ ਧੰਨਵਾਦ ਕਰਦਿਆਂ ਕਿਹਾ ਕਿ ਮੇਰੇ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ।



ਇਸ ਮੌਕੇ ਹਾਜ਼ਰ ਕਵੀਆਂ ਵਿੱਚ ਸੁਜਾਨ ਸਿੰਘ ਸੁਜਾਨ ਆਦਲ ਦਿਆਲਪੁਰੀ, ਪਰਮਲਜੀਤ ਜਗਦੀਸ਼ ਰਾਣਾ, ਚਰਨ ਸੀਚੇਵਾਲਵੀ, ਨਗੀਨਾ ਸਿੰਘ ਬਲੱਗਣ, ਲਾਲੀ ਲਾਹੌਰੀ, ਮਨੋਜ ਫਗਵਾੜਵੀ, ਸੋਢੀ ਸੱਤੋਵਾਲੀ, ਦਿਲਬਾਗ ਬਾਹੋਪੁਰ, ਰਾਜਿੰਦਰ ਪ੍ਰਦੇਸੀ ਭੁਪਿੰਦਰ ਤਲਵੰਡੀ ,ਰਾਜ ਕੁਮਾਰ, ਰਾਣਾ ਭੋਗਪੁਰੀਆ ਤੇ ਹੋਰਨਾਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਪੰਜਾਬੀ ਸਾਹਿਤ ਸਭਾ ਭੋਗਪੁਰ ਵੱਲੋਂ ਇਸ ਮੌਕੇ ਰਜਿੰਦਰ ਪ੍ਰਦੇਸੀ ਤੇ ਆਸ਼ੀਸ਼ ਪੁਰੀ ਦਾ ਸਨਮਾਨ ਵੀ ਕੀਤਾ ਗਿਆ ਗਾਇਕ ਵਿਜੇ ਦੋਲੀਕੇ ਨੇ ਗੀਤ ਗਾ ਕੇ ਮਾਹੌਲ ਬੰਨ੍ਹ ਦਿੱਤਾ ਇਸ ਮੌਕੇ ਵਿਜੇ ਕੁਮਾਰ ਪਚਰੰਗਾ, ਰਾਜਿੰਦਰ ਅਰੋੜਾ, ਮਦਨ ਬੰਗੜ ਸਿਕੰਦਰਪੁਰ, ਮਾਸਟਰ ਮਨਮੋਹਨ ਸੈਣੀ, ਕਾਮਰੇਡ ਸਰਵਨ ਸਿੰਘ ਕਿੰਗਰਾ, ਸ਼ਿਵ ਚੰਦ ,ਰਾਜਵਿੰਦਰ ਕੌਰ ਲੜੋਈ ਤੇ ਨਵਜੀਤ ਵਿੱਕੀ ਆਦਿ ਵੀ ਹਾਜ਼ਰ ਸਨ।

# ਵਿਆਹਾਂ 'ਚ ਟੌਹਰ ਲਈ ਨਹੀਂ ਲਿਜਾਏ ਜਾ ਸਕਣਗੇ 'ਹਥਿਆਰ'

**ਚੰਡੀਗੜ੍ਹ–** ਪੰਜਾਬ 'ਚ ਵਿਆਹ ਸ਼ਾਦੀਆਂ ਮੌਕੇ ਮਹਿਜ਼ ਟੌਹਰ ਲਈ ਲੋਕਾਂ ਵਲੋਂ ਲਈ ਲਿਜਾਏ ਜਾਂਦੇ ਹਥਿਆਰਾਂ 'ਤੇ ਪਾਬੰਦੀ ਲਈ ਸਰਕਾਰ ਨੇ ਨਵਾਂ ਰਸਤਾ ਲੱਭਿਆ ਹੈ। ਸਮਾਗਮਾਂ ਦੌਰਾਨ ਹੁੰਦੇ ਹਾਦਸਿਆਂ ਨੂੰ ਠੱਲ੍ਹ ਪਾਉਣ ਲਈ ਗ੍ਰਹਿ ਵਿਭਾਗ ਨੇ ਹੁਕਮ ਜਾਰੀ ਕੀਤੇ ਹਨ ਕਿ ਵਿਆਹ ਸ਼ਾਦੀਆਂ ਮੌਕੇ ਹਥਿਆਰ ਲਿਜਾਨ ਦੇ ਸ਼ਾਕੀਆਂ ਨੂੰ ਹਥਿਆਰ ਦਾ ਲਾਇਸੈਂਸ ਲੈਣ ਤੇ ਇਸ ਨੂੰ ਨਵਿਆਉਣ ਵੇਲੇ ਵੀ ਹਲਫ਼ਨਾਮਾ ਦੇਣਾ ਪਵੇਗਾ ਕਿ ਉਹ ਵਿਆਹ ਸ਼ਾਦੀਆਂ ਤੇ ਹੋਰ ਸਮਾਗਮਾਂ 'ਚ ਹਥਿਆਰ ਲੈ ਕੇ ਨਹੀਂ ਜਾਣਗੇ । ਮੈਰਿਜ ਪੈਲੇਸਾਂ ਤੇ ਹੋਰ ਪ੍ਰੋਗਰਾਮ 'ਚ ਪਿਛਲੇ ਸਮੇਂ ਦੌਰਾਨ ਗੋਲੀ ਚੱਲਣ ਕਾਰਨ ਹੋਈਆਂ ਮੌਤਾਂ ਨੂੰ ਧਿਆਨ 'ਚ ਰੱਖਦਿਆਂ ਅਜਿਹਾ ਫ਼ੈਸਲਾ ਲਿਆ ਗਿਆ ਹੈ । ਗ੍ਰਹਿ ਵਿਭਾਗ ਵਲੋਂ ਪੁਲਿਸ ਕਮਿਸ਼ਨਰਾਂ, ਜ਼ਿਲ੍ਹਾ ਪੁਲਿਸ ਮੁਖੀਆਂ ਤੇ ਜ਼ਿਲ੍ਹਾ ਮੈਜਿਸਟਰੇਟਾਂ ਨੂੰ ਜਾਰੀ ਹੁਕਮਾਂ 'ਚ ਇਸ ਦੇ ਇਲਾਵਾ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਵੀ ਸ਼ਾਦੀ ਤੇ ਹੋਰ ਸਮਾਗਮਾਂ ਦੌਰਾਨ ਹਥਿਆਰ ਲੈ ਕੇ ਜਾਣ ਦਿੱਤਾ ਗਿਆ ਤਾਂ ਪੈਲੇਸ ਮਾਲਕ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਦੂਜੇ ਪਾਸੇ ਪੰਜਾਬ 'ਚ ਅੰਕੜਿਆਂ ਅਨੁਸਾਰ ਸੂਬੇ ਦੇ ਹਰ 18ਵੇਂ ਪਰਿਵਾਰ ਕੋਲ ਲਾਇਸੈਂਸੀ ਹਥਿਆਰ ਹੈ ਜਦਕਿ ਗ਼ੈਰਕਾਨੂੰਨੀ ਹਥਿਆਰਾਂ ਦੀ ਗਿਣਤੀ ਕਰਨ ਦਾ ਤਾਂ ਪੁਲਿਸ ਕੋਲ ਕੋਈ ਪੈਮਾਨਾ ਹੀ ਨਹੀਂ ਹੈ । ਗ੍ਰਹਿ ਵਿਭਾਗ ਦੇ ਪਿਛਲੇ ਸਾਲ ਦੇ ਇਕ ਅਨੁਮਾਨ ਅਨੁਸਾਰ ਸਾਹਮਣੇ ਆਇਆ ਕਿ ਸੂਬੇ 'ਚ ਹਰ 90ਵੇਂ ਵਿਅਕਤੀ ਦੇ ਕੋਲ ਲਾਇਸੈਂਸੀ ਹਥਿਆਰ ਹੈ ਤੇ ਇਨ੍ਹਾਂ ਅੰਕੜਿਆਂ ਅਨੁਸਾਰ ਲਾਇਸੈਂਸੀ ਹਥਿਆਰ ਰੱਖਣ ਦੇ ਮਾਮਲੇ ਵਿਚ ਪੰਜਾਬ ਦੇਸ਼ ਵਿਚ ਯੂ.ਪੀ. ਦੇ ਬਾਅਦ ਦੂਜੇ ਨੰਬਰ ਦੱਸਿਆ ਜਾ ਰਿਹਾ ਹੈ।

# ਅੰਬੇਡਕਰ ਸਪੋਰਟਸ ਐਂਡ ਕਲਚਰਲ ਕਲੱਬ ਦੇ ਸਲਾਨਾ ਇਜਲਾਸ ਵਿਚ ਸਰਬਸੰਮਤੀ ਨਾਲ ਨਵੀ ਕਮੇਟੀ ਦੀ ਚੋਣ ਹੋਈ

## ਸ੍ਰੀ ਜਸਵਿੰਦਰ ਸੰਧੂ ਪ੍ਰਧਾਨ ਅਤੇ ਸ.ਨਰਿੰਦਰ ਸਿੰਘ ਸਹੋਤਾ ਜਨਰਲ ਸਕੱਤਰ ਬਣੇ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਵਿਚ ਭਾਰਤੀ ਖੇਡਾਂ ਖਾਸ ਕਰ ਪੰਜਾਬੀ ਖੇਡਾਂ ਕਰਵਾਉਣ ਦੇ ਵਿਚ 'ਅੰਬੇਡਕਰ ਸਪੋਰਟਸ ਐਂਡ ਕਲਚਰਲ ਕਲੱਬ' ਦਾ ਵਿਸ਼ੇਸ਼ ਸਥਾਨ ਹੈ। ਇਸ ਕਲੱਬ ਦੀਆਂ ਭਾਵੇਂ ਕਈ ਖੇਡਾਂ ਦੇ ਵਿਚ ਟੀਮਾਂ ਬਣੀਆਂ ਹੋਈਆਂ ਪਰ ਕਬੱਡੀ ਮੈਚਾਂ ਦੀ ਸਫਲਤਾ ਦੇ ਵਿਚ ਇਸ ਕਲੱਬ ਦਾ ਨਾਂਅ ਉਪਰਲੀ ਸ਼੍ਰੇਣੀ ਵਿਚ ਰਹਿੰਦਾ ਹੈ। ਇਹ ਕਲੱਬ ਬਣੇ ਹੋਏ ਨੂੰ 21 ਸਾਲ ਦਾ ਸਮਾਂ ਹੋ ਗਿਆ ਹੈ ਅਤੇ ਬੀਤੇ ਕੱਲ੍ਹ ਇਸ ਦਾ ਸਲਾਨਾ ਇਜਲਾਸ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਬੰਬੇ ਹਿੱਲ ਵਿਖੇ ਹੋਇਆ। ਰਸਮੀ ਲੇਖੇ-ਜੋਖੇ ਤੋਂ ਬਾਅਦ ਨਵੀਂ ਕਮੇਟੀ ਦੀ ਚੋਣ ਸਰਬ ਸੰਮਤੀ ਦੇ ਨਾਲ ਕੀਤੀ ਗਈ। ਜਿਸ ਦੇ ਵਿਚ ਸ੍ਰੀ ਜਸਵਿੰਦਰ ਸੰਧੂ ਨੂੰ ਪ੍ਰਧਾਨ, ਸ੍ਰੀ ਪ੍ਰਵੀਨ ਕੁਮਾਰ ਕਲੇਰ ਨੂੰ ਉਪ ਪ੍ਰਧਾਨ, ਸ.



ਨਰਿੰਦਰ ਸਿੰਘ ਸਹੋਤਾ ਨੂੰ ਜਨਰਲ ਸਕੱਤਰ, ਸ੍ਰੀ ਪ੍ਰਦੀਪ ਕੁਮਾਰ ਨੂੰ ਖਜ਼ਾਨਚੀ, ਸ੍ਰੀ ਸ਼ਿੰਦਰ ਸਿੰਘ ਮਾਹੀ ਨੂੰ ਉਪ ਖਜ਼ਾਨਚੀ ਅਤੇ ਸ੍ਰੀ ਰਜਿੰਦਰ ਸਿੰਘ ਚੁੰਬਰ ਨੂੰ ਔਡੀਟਰ ਚੁਣਿਆ ਗਿਆ।

ਇਸ ਕਮੇਟੀ ਦੀ ਚੋਣ ਸਬੰਧੀ ਸ. ਮਲਕੀਤ ਸਿੰਘ ਸਹੋਤਾ (ਜੇ.ਪੀ.), ਸ. ਰਵਿੰਦਰ ਸਿੰਘ ਝੱਮਟ, ਸ੍ਰੀ ਕੁਲਵਿੰਦਰ ਸਿੰਘ ਝੱਮਟ (ਥੰਮ੍ਹ) ਜੰਡੂ ਸਿੰਗਾ ਵਾਲੇ, ਸ. ਨਿਰਮਲਜੀਤ ਸਿੰਘ ਭੱਟੀ, ਸ੍ਰੀ ਪਰਮਜੀਤ ਮਹਿਮੀ, ਸ੍ਰੀ ਸੰਜੀਵ ਤੂਰਾ, ਸ੍ਰੀ ਪੰਥ ਲਾਲ ਦਰੋਚ, ਸ੍ਰੀ ਜ਼ੈਲ ਸਿੰਘ ਬੱਧਣ, ਸ੍ਰੀ ਰਾਮ ਸਿੰਘ, ਸ੍ਰੀ ਕਰਨੈਲ ਸਿੰਘ ਬੱਧਣ ਜੇ.ਪੀ., ਸ੍ਰੀ ਹਰਭਜਨ ਢੰਡ, ਸ੍ਰੀ ਪਿਆਰਾ ਲਾਲ ਰੱਤੂ ਅਤੇ ਸ੍ਰੀ ਸੁਰਿੰਦਰ ਸਿੱਧੂ (ਨਵੇਂ ਮੈਂਬਰ) ਹੋਰਾਂ ਨੇ ਪੂਰਨ ਸਹਿਯੋਗ ਦੇਣ ਦਾ ਵਾਅਦਾ ਕੀਤਾ।

# ਪ੍ਰਸਿੱਧ ਗੀਤਕਾਰ ਮੰਗਲ ਹਠੂਰ ਦੀ 12ਵੀ ਕਿਤਾਬ "ਤਸਵੀਰ" ਪੰਜਾਬੀ ਭਵਨ ਵੈਨਕੂਵਰ ਸਰੀ 'ਚ ਲੋਕ ਅਰਪਣ ਕੀਤੀ



**ਨਿਊਯਾਰਕ—** ਬੀਤੇ ਦਿਨ ਪੰਜਾਬੀ ਭਵਨ ਵੈਨਕੂਵਰ ਸਰੀ (ਕੈਨੇਡਾ) ਵਿੱਚ ਮੰਗਲ ਹਠੂਰ ਦੀ 12ਵੀਂ ਕਿਤਾਬ "ਤਸਵੀਰ" ਜਨਤਾ ਦੇ ਰੂ ਬਰੂ ਕੀਤੀ ਗਈ ਇਸ ਮੌਕੇ ਪ੍ਰਸਿੱਧ ਗਾਇਕ ਗਿੱਲ ਹਰਦੀਪ, ਪ੍ਰਸਿੱਧ ਗੀਤਕਾਰ ਜਸਵੀਰ ਗੁਣਾਚੌਰੀਆ, ਗਾਇਕ ਰਣਯੋਧ ਹੇਅਰ, ਗਾਇਕ ਜੁਗਰਾਜ ਢਿੱਲੋਂ, ਮੋਹਨ ਸਿੰਘ ਗਿੱਲ, ਹਰਪ੍ਰੀਤ ਗਿੱਲ, ਅਰਜਨ ਦੇਵ ਸਿੰਘ ਹਠੂਰ, ਬਿੰਦੂ ਹਠੂਰ, ਕੁਲਜੀਤ ਸਿੰਘ ਗਿੱਲ, ਪਰਮਿੰਦਰ ਬਾਠ, ਮਨਜੀਤ ਸਿੰਘ ਗਿੱਲ, ਮਨਦੀਪ ਸਿੰਘ ਗਿੱਲ (ਗਗੜਾ), ਪ੍ਰੇਮ ਸਿੰਘ, ਵੈਨਕੂਵਰ ਵਿਚਾਰ ਮੰਚ ਦੇ ਮੈਬਰ ਅਤੇ ਬਾਕੀ ਸੱਜਣ ਮਿੱਤਰ ਹਾਜ਼ਿਰ ਸਨ। ਹਰਪ੍ਰੀਤ ਸਿੰਘ ਗਿੱਲ ਅਤੇ ਮੋਹਨ ਸਿੰਘ ਗਿੱਲ ਹੋਰਾਂ ਦਾ ਮੰਗਲ ਹਠੂਰ ਨੇ ਦਿਲ ਦੀਆਂ ਗਹਿਰਾਈਆਂ ਤੋਂ ਬਹੁਤ ਬਹੁਤ ਧੰਨਵਾਦ ਕੀਤਾ। (ਰਾਜ ਗੋਗਨਾ)

# ਗੀਤਕਾਰ ਅਤੇ ਸੱਭਿਆਚਾਰਕ ਲੇਖਕ ਸਤਨਾਮ ਸਿੰਘ ਮੱਟੂ ਸਨਮਾਨਿਤ



**ਪਟਿਆਲਾ–** ਘਨੌਰ ਨੇੜੇ ਪੈਂਦੇ ਪਿੰਡ ਲੋਹਾਖੇੜੀ (ਪਟਿਆਲਾ) ਵਿਖੇ ਗੁਰਪ੍ਰੀਤ ਸਿੰਘ ਬੱਲ ਦੀ ਰਹਿਨੁਮਾਈ ਹੇਠ ਬਾਗ ਵਾਲੇ ਪੀਰ ਦੇ ਦਰਬਾਰ ਰਹਿਮਤਾਂ ਉੱਪਰ ਕਰਵਾਏ ਗਏ ਸੱਭਿਆਚਾਰਕ ਮੇਲੇ ਦੌਰਾਨ ਕਮੇਟੀ ਵੱਲੋਂ ਸੱਭਿਆਚਾਰਕ, ਪਰਿਵਾਰਕ ਅਤੇ ਸਮਾਜਿਕ ਦੇ ਰਚੇਤਾ ਅਤੇ ਲੇਖਕ ਸਤਨਾਮ ਸਿੰਘ ਮੱਟੂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਜਿਕਰਯੋਗ ਹੈ ਕਿ ਸਤਨਾਮ ਸਿੰਘ ਮੱਟੂ ਦੇ ਲਿਖੇ ਗੀਤਾਂ ਲੱਕੀ ਸਿੰਘ ਦੁਰਗਾਪੁਰੀਆ, ਬਿੱਟੂ ਬਹਾਦਰ, ਰਵੀ ਢਿੱਲੋਂ, ਹਾਕਮ ਬਖਤੜੀ ਵਾਲਾ, ਗੁਰਮੀਤ ਮੀਤ ਆਦਿ ਸਮੇਤ ਬਹੁਤ ਸਾਰੇ ਗਾਇਕਾਂ ਆਪਣੀ ਸੁਰੀਲੀ ਆਵਾਜ਼ 'ਚ ਗਾਇਆ ਹੈ,ਜੋ ਬਹੁਤ ਮਕਬੂਲ ਹੋਏ ਹਨ।ਸਤਨਾਮ ਸਿੰਘ ਮੱਟੂ ਜਿੱਥੇ ਇੱਕ ਵਧੀਆ ਗੀਤਕਾਰ ਹੈ, ਉੱਥੇ ਇੱਕ ਚੰਗਾ ਸਾਹਿਤਕਾਰ ਅਤੇ ਲੇਖਕ ਵੀ ਹੈ।ਉਸਦੀਆਂ ਲਿਖੀਆਂ ਰਚਨਾਵਾਂ ਸਾਹਿਤਕ ਕਿਤਾਬਾਂ ਵਿੱਚ ਛਪ ਚੁੱਕੀਆਂ ਹਨ। ਉਸਦੇ ਲਿਖੇ ਲੇਖ ਦੇਸ਼ ਵਿਦੇਸ਼ ਦੇ ਅਖਬਾਰਾਂ ਅਤੇ ਰਸਾਲਿਆਂ 'ਚ ਛਪਦੇ ਰਹਿੰਦੇ ਹਨ ,ਜੋ ਪਾਠਕਾਂ ਵੱਲੋਂ ਖੂਬ ਸਰਾਹੇ ਜਾਂਦੇ ਹਨ।

ਉਹਨਾਂ ਪ੍ਰਬੰਧਕ ਕਮੇਟੀ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਲੇਖਕਾਂ, ਗੀਤਕਾਰਾਂ ਅਤੇ ਸਾਹਿਤਕਾਰਾਂ ਨੂੰ ਚੰਗਾ, ਸੱਭਿਆਚਾਰਕ ਅਤੇ ਸਮਾਜਿਕ ਸੇਧ ਵਾਲੀਆਂ ਰਚਨਾਵਾਂ ਲਿਖਣ ਲਈ ਅਪੀਲ ਕੀਤੀ।




FARMERS INSURANCE
Auto, Home, Business, Commercial, Rental, Workecomp, Life, Health etc.
Manjit Kaur Insurance Agency
Cell: 916-412-5222
Tel: 916-550-0318
Fax: 916-891-5109
Email: mkaur@farmersagent.com
COVERED CALIFORNIA
7651 Daly Ave, Suite Sacramento CA 95842


Buying, Selling any Kind of Real Estate or just need friendly advice call
RE/MAX
DALVIR 'DIL' NIJJAR
916-628-2210
Dil.realtor@gmail.com
2081 Arena Blvd. @ 100 Sacramento CA 95835

Realtor, Lic # 01418648

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2 Rio Linda, CA 95673
Amarjit Sandhu






# ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਦੇ ਜੂਨ ਮਹੀਨੇ ਦੇ ਪ੍ਰੋਗਰਾਮ

*Guru PiariSadhSangatJi,*
*Devoted families are requesting entire Sangat to attend the following functions:*

**June 13, 2018**
**Sukhmani Sahib Path and Langar Sewa by Piyush Sharma and Mukta Sharma**

Sri Sukhmani Sahib Path and Langar Sewa will be hosted by Bhai Piyush Sharma and Bibi Mukta Sharma for the graduation of their daughter Soumya Sharma and son Pratyush Sharma. Path and Kirtan will start on Wednesday evening from 5pm to 7:30pm. May Waheguru shower HIS blessing on family.

**June 17, 2018**
**Sukhmani Sahib Path by Bhai Prem Lal Seroa and Bibi Sudesh Kumari Seroa**

Sri Sukhmani Sahib Path and Langar Sewa will be hosted by Bhai Prem Lal Seroa and Bibi Sudesh Kumari Seroa as their daughter Priti Lal Seroa obtained a Bachelors degree and son Mani Seroa Graduated from High school. May Waheguru keep family in Chardi Kala.

**June 24, 2018**
**Sukhmani Sahib Path and Langar Sewa by Bhai Gurnam Singh and Bibi Kamlesh Kaur**

Sri Sukhmani Sahib Path Langar Sewa will be hosted by Bhai Gurnam Singh and Bibi Kamlesh Kaur for Sukh Shanti and Chardi Kala of their family. May Waheguru keep family in Chardi Kala.




**June 30, 2017**
**Saturday**
***Blood Drive***
*Mata Kalsa Langar Hall*
*From 9:00 AM to 2:45 PM*

To Schedule your appointment or for more information visit Redcrossblood.org and enter sponsor code: SEVA

**or call:**
**800-RED-CROSS (1-800-733-2767)**

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |
| | (925) 366-3618 | (408) 460-0262 | (209) 834-4641 | (408) 718-2506 |

https://www.redcrossblood.org/faq.html#eligibility
**WWW.SriGuruRavidassTemple.com**

**2150 Crestview Drive, Pittsburg CA 94565 Tel: (925) 439-2355**


# SUNSHINE AUTO CARE INC.
DBA
# PHILLIPS AUTO CARE

## Auto Services:
* Oil Change Services
* Fectory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

## Trucks & Trailers Services:
* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding




ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ

hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

ACCEPTED HERE
Com-Check
T-Check
EFS Check
VISA

We Provide All Autos, Trucks & Trailers Repair





Contact: Deep Suman: (408) 561-1846, (209) 239-1551 (24/7 Available)
Address: 1003 Moffat Blvd, Manteca CA 95336

# ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ ਨੇ ਰੈੱਡ ਬਲੱਫ 'ਚ ਕਰਵਾਇਆ ਸ਼ਾਨਦਾਰ ਵਿਸਾਖੀ ਮੇਲਾ





All pictures by Prem K. Chumber
"Desh Doaba" June 2, 2018

















# ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ ਨੇ ਰੈੱਡ ਬਲੱਫ 'ਚ ਕਰਵਾਇਆ ਸ਼ਾਨਦਾਰ ਵਿਸਾਖੀ ਮੇਲਾ










All pictures by Prem K. Chumber "Desh Doaba" June 2, 2018








# ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ ਨੇ ਰੈੱਡ ਬਲੱਫ 'ਚ ਕਰਵਾਇਆ ਸ਼ਾਨਦਾਰ ਵਿਸਾਖੀ ਮੇਲਾ














All pictures by Prem K. Chumber "Desh Doaba" June 2, 2018















**ਰੈੱਡ ਬਲੱਫ (ਬਿਊਰੋ)–** ਭਾਰਤ ਵਿਚ ਵਿਸਾਖੀ ਵੱਖ-ਵੱਖ ਸੂਬਿਆਂ ਅੰਦਰ ਅਲੱਗ-ਅਲੱਗ ਨਾਵਾਂ ਨਾਲ ਮਨਾਈ ਜਾਂਦੀ ਹੈ। ਪੰਜਾਬ ਅੰਦਰ 13 ਅਪ੍ਰੈਲ ਨੂੰ ਮਨਾਈ ਜਾਂਦੀ ਹੈ। ਪੰਜਾਬ ਤੋਂ ਬਾਹਰ ਵਿਦੇਸ਼ਾਂ ਅੰਦਰ ਆਪਣੇ ਕੰਮਾਂਕਾਰਾਂ ਦੇ ਸਮੇਂ ਅਨੁਸਾਰ ਲੋਕ ਹਰ ਸਾਲ ਵਿਸਾਖੀ ਮਨਾਉਂਦੇ ਹਨ। ਇਸੇ ਤਰ੍ਹਾਂ ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ ਯੂ. ਐਸ. ਏ. ਨੇ ਲੰਘੇ ਸ਼ਨਿਚਰਵਾਰ 2 ਜੂਨ 2018 ਨੂੰ ਰੈੱਡ ਬਲੱਫ ਸ਼ਹਿਰ ਦੇ ਕਮਿਊਨਿਟੀ ਸੈਂਟਰ ਵਿਖੇ ਬਹੁਤ ਹੀ ਉਤਸ਼ਾਹ ਨਾਲ ਵਿਸਾਖੀ ਮੇਲਾ ਕਰਵਾਇਆ।

ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ ਵੱਲੋਂ ਕਰਵਾਇਆ ਜਾਣ ਵਾਲਾ ਇਹ ਤੀਸਰਾ ਵਿਸਾਖੀ ਮੇਲਾ ਸੀ, ਜੋ ਕਿ ਪਰਿਵਾਰਕ ਮੇਲਾ ਸੀ। ਇਸ ਮੇਲੇ ਦੀ ਸਟੇਜ ਸਕੱਤਰ ਦੀ ਭੂਮਿਕਾ ਸ੍ਰੀ ਜੀਵਨ ਰੱਤੂ ਨੇ ਬਾਖ਼ੂਬੀ ਨਾਲ ਨਿਭਾਉਂਦਿਆਂ ਸਭ ਤੋਂ ਪਹਿਲਾਂ ਆਪਣੀ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਦੀ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ। ਇਸ ਉਪਰੰਤ ਬੱਚਿਆਂ ਨੇ ਮੇਲੇ ਦੀ ਸ਼ੁਰੂਆਤ ਰਣਬੀਰ ਸਿੰਘ ਅਤੇ ਅੰਗਵੀਰ ਕੌਰ ਨੇ ਇਕ ਧਾਰਮਿਕ ਸ਼ਬਦ 'ਵਾਹੋ ਵਾਹੋ ਗੋਬਿੰਦ ਸਿੰਘ, ਆਪੇ ਗੁਰ ਚੇਲਾ' ਨਾਲ ਕੀਤੀ ਤੇ ਇਸ ਉਪਰੰਤ ਜੀਵਨ ਰੱਤੂ ਨੇ ਖੁਦ ਵੀ ਵਿਸਾਖੀ ਮੇਲੇ ਨਾਲ ਇਕ ਸਬੰਧਤ ਗੀਤ ਗਾਇਆ। ਇਸ ਉਪਰੰਤ ਵੱਖ-ਵੱਖ ਛੋਟੇ ਵੱਡੇ ਬੱਚਿਆਂ ਦੇ ਗਰੁੱਪਾਂ ਨੇ ਆਪੋ-ਆਪਣੀਆਂ ਆਈਟਮਾਂ ਪੇਸ਼ ਕਰਕੇ ਸਰੋਤਿਆਂ ਦਾ ਮਨ ਜਿੱਤ ਲਿਆ ਜਿਹਨਾਂ ਵਿਚ ਰਣਬੀਰ ਸਿੰਘ, ਅੰਗਵੀਰ ਕੌਰ, ਜਪਮਨ, ਬਲਪ੍ਰੀਤ, ਮਨਜੋਤ, ਸੁਖਮਨ, ਰੂਪਕ, ਕਮਲ, ਜਸਮੀਨ, ਦਮਨਪ੍ਰੀਤ ਕੌਰ ਥਿਆੜਾ, ਬੱਬਲ ਥਿਆੜਾ, ਪਲਵਿੰਦਰ ਕੌਰ, ਸਿਮਰਨ ਅਤੇ ਰਾਜਬੀਰ ਸਿੰਘ ਆਦਿ ਬੱਚਿਆਂ ਦੇ ਨਾਂ ਸ਼ੁਮਾਰ ਹਨ।

ਇਸ ਦੇ ਨਾਲ ਹੀ ਨਾਮਵਰ ਕਵੀ/ਗਾਇਕ ਸ੍ਰੀ ਅਜਮੇਰ ਸਿੰਘ ਸੰਧੂ (ਗੋਗੀ ਸੰਧੂ) ਨੇ ਵੀ ਸਭਿਆਚਾਰਕ ਗੀਤਾਂ ਨਾਲ ਸਰੋਤਿਆਂ ਨਾਲ ਸਾਂਝ ਪਾਈ। ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ/ਯੂਬਾ ਸਿਟੀ (ਕੈਲੇਫੋਰਨੀਆ) ਦੇ ਸਾਬਕਾ ਪ੍ਰਧਾਨ ਸ੍ਰੀ ਦਿਲ ਨਿੱਝਰ ਨੇ ਲੱਗਭੱਗ ਪੰਦਰਾਂ ਮਿੰਟ 'ਚ ਆਪਣੀਆ ਲਿਖਤਾਂ ਗੀਤਾਂ ਨਾਲ ਸਾਂਝ ਪਾਈ ਅਤੇ ਇਸ ਉਪਰੰਤ ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਨੇ ਪ੍ਰਬੰਧਕ ਕਮੇਟੀ ਅਤੇ ਸਮੂਹ ਇਲਾਕਾ ਨਿਵਾਸੀ ਸਰੋਤਿਆਂ ਨੂੰ ਵਿਸਾਖੀ ਮੇਲਾ ਮਨਾਏ ਜਾਣ ਤੇ ਲਗਾਤਾਰ ਆਪ ਅਤੇ ਬੱਚਿਆਂ ਨੂੰ ਜੋੜੇ ਰੱਖਣ ਲਈ ਦਿਲੀ ਹਾਰਦਿਕ ਵਧਾਈ ਦਿੰਦਿਆਂ ਵਿਸਾਖੀ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਕਿਹਾ ਕਿ ਵਿਸਾਖੀ ਦਾ ਤਿਉਹਾਰ ਸਿੰਧੂ ਘਾਟੀ ਦੇ ਸਮੇਂ ਤੋਂ ਮਨਾਇਆ ਚਲਿਆ ਆ ਰਿਹਾ ਹੈ। ਇਹ ਤਿਉਹਾਰ ਸਿੱਖ ਗੁਰੂ, ਸਤਿਗੁਰੂ ਅਮਰਦਾਸ ਜੀ ਵੇਲੇ ਤੋਂ ਸਿੱਖੀ 'ਚ ਮਨਾਉਣਾ ਆਰੰਭ ਹੋਇਆ ਤੇ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਵਿਸਾਖੀ ਦੇ ਪਾਕਿ ਤਿਉਹਾਰ ਦੇ ਮੌਕੇ ਖਾਲਸਾ ਪੰਥ ਦੀ ਸਿਰਜਣਾ ਤੋਂ ਲੈ ਕੇ ਹੁਣ ਤੱਕ ਮਨਾਇਆ ਜਾਂਦਾ ਆ ਰਿਹਾ ਹੈ।

ਅੱਜ ਦੇ ਵਿਸਾਖੀ ਮੇਲੇ ਦੇ ਮੌਕੇ ਜਦੋਂ ਛੋਟੇ-ਵੱਡੇ ਬੱਚੇ ਅਤੇ ਨੌਜਵਾਨ ਆਪੋ-ਆਪਣੀਆਂ ਆਈਟਮਾਂ ਸਟੇਜ 'ਤੇ ਪੇਸ਼ ਕਰ ਰਹੇ ਸਨ ਤਾਂ 5-10 ਉਮਰ ਦੇ ਬੱਚੇ ਵੀ ਭੰਗੜਾ ਪਾਉਂਦੇ ਰਹੇ, ਜਿਹਨਾਂ ਨੂੰ ਸਟੇਜ ਸਕੱਤਰ ਤੇ ਸਰੋਤਿਆਂ ਨੇ ਖ਼ੂਬ ਸਲਾਹਿਆ ਹੀ ਨਹੀਂ ਬਲਕਿ ਉਤਸ਼ਾਹਿਤ ਕਰਦੇ ਰਹੇ ਤੇ ਭਵਿੱਖ 'ਚ ਉਹਨਾਂ ਦੇ ਆਪਣੇ ਪੰਜਾਬੀ/ਸਿੱਖ ਵਿਰਸੇ ਨਾਲ ਜੁੜੇ ਰਹਿਣ ਲਈ ਯਤਨਸ਼ੀਲ ਹੋਣ ਲਈ ਦਿਲਚਸਪੀ ਦਿਖਾਈ।

ਅਖੀਰ ਸ. ਅਜੀਤ ਸਿੰਘ ਗਰੇਵਾਲ ਆਪਣੇ ਅਤੇ ਪ੍ਰਬੰਧਕਾਂ ਵੱਲੋਂ ਕੁਲਦੀਪ ਸਿੰਘ, ਹਰਦੀਪ ਸਿੰਘ ਮੇਅਰ, ਜਤਿੰਦਰ ਥਿਆੜਾ, ਦਵਿੰਦਰ ਬਡਵਾਲ, ਮੇਜਰ ਸਿੰਘ, ਬਲਵਿੰਦਰ ਜੌਹਲ ਅਤੇ ਤਰਸੇਮ ਸਿੰਘ ਵੱਲੋਂ ਸਾਰੇ ਹੀ ਕਲਾਕਾਰ ਬੱਚਿਆਂ ਜਿਹਨਾਂ ਨੇ ਵੱਖ-ਵੱਖ ਅੰਦਾਜ਼ ਵਿਚ ਵਧੀਆ ਆਈਟਮਾਂ ਪੇਸ਼ ਕੀਤੀਆਂ ਤੇ ਉਹਨਾਂ ਦੇ ਮਾਤਾ-ਪਿਤਾ ਜਿਹਨਾਂ ਆਪਣੇ ਬੱਚਿਆਂ ਨੂੰ ਆਪਣੇ ਸਿੱਖ ਇਤਿਹਾਸ 'ਤੇ ਵਿਰਸੇ ਨਾਲ ਜੋੜ ਕੇ ਰੱਖਿਆ ਹੈ।

ਉਹਨਾਂ ਪਰਿਵਾਰਾਂ ਦਾ ਵੀ ਧੰਨਵਾਦ ਕੀਤਾ, ਜਿਹਨਾਂ ਆਪਣਾ ਕੀਮਤੀ ਸਮਾਂ ਕੱਢ ਕੇ ਮੇਲੇ 'ਚ ਹਾਜ਼ਰੀਆਂ ਭਰਦਿਆਂ ਪੂਰਨ ਸਹਿਯੋਗ ਦਿੱਤਾ।

ਸ. ਅਜੀਤ ਸਿੰਘ ਗਰੇਵਾਲ ਨੇ ਸਮੂਹ ਭਾਈਚਾਰੇ ਨੂੰ ਇਸੇ ਤਰ੍ਹਾਂ ਜੁੜੇ ਤੇ ਹੋਰਨਾਂ ਨੂੰ ਜੋੜਨ ਲਈ ਅਪੀਲ ਕੀਤੀ। ਉਹਨਾਂ ਕਿਹਾ ਕਿ ਸਾਡਾ ਅਜਿਹੇ ਮੇਲੇ ਕਰਵਾਉਣ ਦਾ ਮਕਸਦ ਇਹੀ ਹੈ ਕਿ ਅਸੀਂ ਆਪਣੇ ਵਾਰਸਾਂ, ਬੱਚਿਆਂ ਨੂੰ ਆਪਣੇ ਧਰਮ ਦੇ ਅਮੀਰ ਵਿਰਸੇ ਨਾਲ ਜੁੜੇ ਰੱਖਣਾ ਚਾਹੁੰਦੇ ਹਾਂ, ਇਸੇ ਉਮੀਦ ਨਾਲ ਅਗਲੇ ਮੇਲੇ 'ਚ ਫਿਰ ਮਿਲਾਂਗੇ।

ਇਸ ਵਿਸਾਖੀ ਮੇਲੇ ਦੌਰਾਨ ਪਿਛਲੇ ਸਾਲਾਂ ਦੀ ਤਰ੍ਹਾਂ ਕੁਝ ਲੱਕੀ ਡਰਾਅ ਕੱਢੇ ਗਏ, ਜਿਹਨਾਂ ਵਿਚ ਇਕ ਸਭ ਤੋਂ ਵੱਡਾ ਲੱਕੀ ਡਰਾਅ 85 ਇੰਚ ਨਵੇਂ ਮਾਡਲ ਟੀ. ਵੀ. ਦਾ ਇਕ ਛੋਟੇ ਬੱਚੇ ਹਰਬੀਰ ਸਿੰਘ ਬਡਵਾਲ ਨੇ ਕੱਢਿਆ, ਜੋ ਸਤਬੀਰ ਸਿੰਘ ਬੱਲ ਨੂੰ ਪ੍ਰਾਪਤ ਹੋਇਆ।

ਇਸ ਤੋਂ ਇਲਾਵਾ ਸਰਵ ਸ੍ਰੀ ਜੀਵਨ ਰੱਤੂ, ਗੋਗੀ ਸੰਧੂ, ਦਿਲ ਨਿੱਝਰ ਅਤੇ ਪ੍ਰੇਮ ਕੁਮਾਰ ਚੁੰਬਰ ਦਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ ਕੀਤਾ ਗਿਆ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**
**WASH, LUBE, BRAKES**

Call: 530-824-5134

LUCAS OIL LUCAS INJECTOR CLEANER $28.99

Call: 650-642-0697

**3525 Highway 99, West Corning, CA 96021**
Across the Street from TA Truck Stop



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

ਈਦ ਦੇ ਮੌਕੇ 'ਤੇ ਵਿਸ਼ੇਸ਼

# ਦਯਾ, ਪਰਉਪਕਾਰ, ਉਦਾਰਤਾ ਅਤੇ ਭਾਈਚਾਰਕ ਸਾਂਝ ਦਾ ਪ੍ਰਤੀਕ "ਈਦ-ਉਲ-ਫ਼ਿਤਰ"

ਈਦ ਆਪਸੀ ਮਿਲਵਰਤਨ ਅਤੇ ਭਾਈਚਾਰੇ ਦਾ ਪਵਿੱਤਰ ਤਿਉਹਾਰ ਹੈ। ਇਸ ਤਿਉਹਾਰ ਨੂੰ ਭਾਰਤ ਦੇ ਸਭ ਧਰਮਾਂ ਦੇ ਲੋਕਾਂ ਦੁਆਰਾ ਸਾਂਝੇ ਰੂਪ ਵਿੱਚ ਮਨਾਉਣਾ ਭਾਰਤ ਦੇ ਧਰਮ ਨਿਰਪੱਖ ਦੇਸ਼ ਹੋਣ ਦਾ ਪ੍ਰਤੱਖ ਪ੍ਰਮਾਣ ਹੈ। ਈਦ ਦਾ ਤਿਉਹਾਰ ਜਿੱਥੇ ਸਾਰਿਆਂ ਲਈ ਖੁਸ਼ੀਆਂ ਲੈ ਕੇ ਆਉਂਦਾ ਹੈ ਉੱਥੇ ਮੁਕਦੱਸ ਕਿਤਾਬ ਦੇ ਮੁਤਾਬਕ ਈਦ ਵਾਲੇ ਦਿਨ ਅੱਲ੍ਹਾ (ਰੱਬ) ਆਪਣੇ ਫਰਿਸ਼ਤਿਆਂ ਨੂੰ ਗਵਾਹ ਬਣਾ ਕੇ ਕਹਿੰਦਾ ਹੈ ਕਿ ਮੈਂ ਉਹਨਾਂ ਸਾਰੇ ਲੋਕਾਂ ਦੀ ਮਗਫਰਿਤ (ਬਖਸ਼ਿਸ) ਕਰ ਦਿੱਤੀ, ਜਿਹਨਾਂ ਨੇ ਰਮਜ਼ਾਨ ਮਹੀਨੇ ਦੇ ਰੋਜ਼ੇ ਪੂਰੇ ਅਸੂਲਾਂ ਅਤੇ ਆਦਾਬ ਦੇ ਨਾਲ ਰੱਖੇ ਅਤੇ ਈਦ ਦੀ ਨਮਾਜ਼ ਖੁਸ਼ੀ-ਖੁਸ਼ੀ ਅਦਾ ਕੀਤੀ ਹੈ। ਇਸਲਾਮ ਧਰਮ ਪੰਜ ਥੰਮਾਂ ਜਾਂ ਸਿਧਾਤਾਂ ਤੇ ਖੜ੍ਹਾ ਹੈ। ਜਿਸ ਵਿੱਚ ਸਭ ਤੋਂ ਪਹਿਲਾਂ ਥੰਮ ਹੈ ਇੱਕ ਰੱਬ ਤੇ ਵਿਸ਼ਵਾਸ਼ ਕਰਨਾ ਤੇ ਕੇਵਲ ਉਸ ਦੀ ਹੀ ਪੂਜਾ/ਬੰਦਗੀ ਕਰਨਾ ਅਤੇ ਮੁਹੰਮਦ (ਸਲ.) ਨੂੰ ਪੈਗੰਬਰ ਮੰਨ ਕੇ ਉਹਨਾਂ ਦੁਆਰਾ ਆਪਣੇ ਜੀਵਨ ਵਿੱਚ ਅਪਣਾਏ ਸਿਧਾਤਾਂ ਨੂੰ ਅਪਣਾਉਣਾ। ਦੂਜਾ ਹੈ ਦਿਨ 'ਚ ਪੰਜ ਵਾਰ ਨਮਾਜ਼ ਪੜ੍ਹਨਾ ਭਾਵ ਆਪਣੇ ਰੱਬ ਦੀ ਪੂਜਾ ਕਰਨਾ। ਤੀਜਾ ਥੰਮ ਹੈ ਜ਼ਕਾਤ ਭਾਵ ਆਪਣੀ ਨੇਕ ਕਮਾਈ ਦਾ 40ਵਾਂ ਹਿੱਸਾ (ਢਾਈ ਪ੍ਰਤੀਸ਼ਤ) ਗਰੀਬਾਂ, ਯਤੀਮਾਂ, ਲੋੜਵੰਦਾਂ ਨੂੰ ਰੱਬ ਦੀ ਰਜ਼ਾ ਲਈ ਦਾਨ ਦੇਣਾ। ਚੋਥਾ ਹੈ ਰਮਜ਼ਾਨ ਦੇ ਪਵਿੱਤਰ ਮਹੀਨੇ ਵਿੱਚ ਇੱਕ ਮਹੀਨੇ ਦੇ ਰੋਜ਼ੇ/ਵਰਤ ਰੱਖਣਾ। ਪੰਜਵਾਂ ਥੰਮ ਹੈ ਹੱਜ ਕਰਨਾ। ਭਾਵ ਆਪਣੀ ਜਿੰਦਗੀ ਵਿੱਚ ਇੱਕ ਵਾਰ ਮੱਕੇ (ਜੋ ਕਿ ਸਾਊਦੀ ਅਰਬ ਦਾ ਇੱਕ ਸ਼ਹਿਰ ਹੈ ਅਤੇ ਮੁਹੰਮਦ ਸਾਹਿਬ ਦਾ ਜਨਮ ਸਥਾਨ ਹੈ) ਦੀ ਯਾਤਰਾ ਕਰਨੀ। ਈਦ-ਉਲ-ਫ਼ਿਤਰ ਦਾ ਤਿਉਹਾਰ ਰਮਜ਼ਾਨ ਦੇ ਮਹੀਨੇ ਦੇ ਖਤਮ ਹੋਣ ਤੋਂ ਬਾਅਦ ਅਗਲੇ ਦਿਨ ਮਨਾਇਆ ਜਾਂਦਾ ਹੈ। ਈਦ-ਉਲ-ਫ਼ਿਤਰ ਅਰਬੀ ਭਾਸ਼ਾ ਦੇ ਦੋ ਸ਼ਬਦਾਂ 'ਈਦ' ਅਤੇ 'ਫ਼ਿਤਰ' ਦੇ ਸੁਮੇਲ ਨਾਲ ਬਣਿਆ ਹੈ। ਈਦ ਦਾ ਅਰਥ ਹੈ ਖੁਸ਼ੀ ਦਾ ਉਹ ਦਿਨ ਜਿਹੜਾ ਵਾਰ ਵਾਰ ਆਵੇ ਅਤੇ ਫ਼ਿਤਰ ਦਾ ਅਰਥ ਹੈ ਰੋਜ਼ਾ ਖੋਲਣਾ। ਇਸ ਲਈ ਮੁਸਲਿਮ ਭਾਈਚਾਰੇ ਦੇ ਲੋਕ ਇਹ ਤਿਉਹਾਰ ਹਰ ਸਾਲ ਹਿਜਰੀ ਸੰਨ (ਇਸਲਾਮੀ ਕੈਲੰਡਰ) ਦੇ ਨੌਵੇਂ ਮਹੀਨੇ ਰਮਜ਼ਾਨ ਦੇ ਰੋਜ਼ੇ ਰੱਖਣ ਤੋਂ ਬਾਅਦ ਦਸਵੇਂ ਮਹੀਨੇ ਵਿੱਚ ਸ਼ੱਵਾਲ ਦੀ ਪਹਿਲੀ ਤਾਰੀਖ ਨੂੰ ਮਨਾਉਂਦੇ ਹਨ। ਈਦ-ਉਲ-ਫਿਤਰ ਦਾ ਪਵਿੱਤਰ ਤਿਉਹਾਰ ਮੁਸਲਿਮ ਭਾਈਚਾਰੇ ਵੱਲੋਂ ਧਾਰਮਿਕ ਤੌਰ 'ਤੇ ਭਾਰਤ ਅਤੇ ਵਿਸ਼ਵ ਪੱਧਰ ਤੇ ਬਹੁਤ ਹੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ।ਇਸ ਤਿਉਹਾਰ ਨੂੰ ਇਨਾਮ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ ਕਿਉਂਕਿ ਇੱਕ ਮੁਸਲਮਾਨ ਰਮਜ਼ਾਨ ਦੇ ਪਵਿੱਤਰ ਮਹੀਨੇ ਵਿੱਚ ਆਪਣੇ ਨਫ਼ਸ, ਜਰੂਰਤਾਂ ਆਦਿ ਦੀ ਕੁਰਬਾਨੀ ਦਿੰਦੇ ਹੋਏ ਰੱਬ ਦੀ ਬੰਦਗੀ ਅਤੇ ਰੱਬ ਦੇ ਹੁਕਮਾਂ ਨੂੰ ਪੂਰਾ ਕਰਨ ਦੀ ਹਰ ਸੰਭਵ ਕੋਸ਼ਿਸ ਕਰਦਾ ਹੋਇਆ ਵੱਧ ਤੋਂ ਵੱਧ ਸਮਾਂ ਰੱਬ ਦੀ ਭਗਤੀ ਵਿੱਚ ਗੁਜ਼ਾਰਦਾ ਹੈ। ਬੰਦੇ ਦੀ ਇਸ ਭਗਤੀ ਅਤੇ ਪ੍ਰਹੇਜ਼ਗਾਰੀ ਤੋਂ ਖੁਸ਼ ਹੋ ਕਿ ਰੱਬ ਵੱਲੋਂ ਉਸ ਨੂੰ ਇਨਾਮ ਦੇ ਰੂਪ 'ਚ ਈਦ-ਉਲ-ਫ਼ਿਤਰ ਦਾ ਦਿਨ ਤਿਉਹਾਰ ਦੇ ਰੂਪ ਵਿੱਚ ਦਿੱਤਾ ਗਿਆ ਹੈ। ਜਿਸ ਵਿੱਚ ਇਨਸਾਨ ਖੁਸ਼ੀ ਅਤੇ ਜਸ਼ਨ ਮਨਾ ਸਕਦਾ ਹੈ। ਇਸਲਾਮ ਧਰਮ ਦੇ ਆਖਰੀ ਪੈਗੰਬਰ ਮੁੰਹਮਦ (ਸਲ.) ਨੇ ਈਦ ਦੇ ਦਿਨ ਰੋਜ਼ਾ ਰੱਖਣ ਦੀ ਮਨਾਹੀ ਕੀਤੀ ਹੈ ਤੇ ਈਦ ਦੇ ਦਿਨ ਹਰੇਕ ਮੁਸਲਮਾਨ ਨੂੰ ਆਪਣੀ ਹੈਸੀਅਤ ਦੇ ਅਨੁਸਾਰ ਉੱਤਮ ਪਹਿਰਾਵਾ ਪਾਉਣ ਦਾ ਆਦੇਸ਼ ਦਿੱਤਾ ਹੈ। ਮੁਹੰਮਦ (ਸਲ.) ਈਦ ਦੇ ਦਿਨ ਖੁਦ ਵੀ ਨਵੇਂ ਕੱਪੜੇ ਪਾਉਂਦੇ ਸਨ ਅਤੇ ਖੁਸ਼ਬੂ ਲਗਾਉਂਦੇ ਸਨ। ਇਸ ਲਈ ਮੁਸਲਮਾਨਾਂ ਵੱਲੋਂ ਵੀ ਈਦ ਦੀ ਤਿਆਰੀ ਕਈ ਦਿਨ ਪਹਿਲਾਂ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਰਮਜ਼ਾਨ ਦੇ ਸ਼ੁਰੂ ਹੋਣ ਦੇ ਨਾਲ ਹੀ ਆਰੰਭ ਕਰ ਦਿੱਤੀ ਜਾਂਦੀ ਹੈ। ਲੋਕ ਨਵੇਂ ਕੱਪੜੇ, ਜੁੱਤੀਆਂ ਅਤੇ ਸਗੇ-ਸਬੰਧੀਆਂ ਲਈ ਤੋਹਫਿਆਂ ਦੀ ਖ੍ਰੀਦੋ ਫਰੋਖਤ ਸ਼ੁਰੂ ਕਰ ਦਿੰਦੇ ਹਨ। ਇਹਨਾਂ ਦਿਨਾਂ 'ਚ ਬਾਜ਼ਾਰਾਂ ਵਿੱਚ ਬਹੁਤ ਚਹਿਲ-ਪਹਿਲ ਹੁੰਦੀ ਹੈ। ਅਮੀਰ-ਗਰੀਬ, ਬੱਚੇ, ਜਵਾਨ, ਬੁੱਢੇ, ਔਰਤਾਂ ਸਭ ਆਪਣੀ ਹੈਸੀਅਤ ਦੇ ਅਨੁਸਾਰ ਖ੍ਰੀਦਦਾਰੀ ਕਰਦੇ ਹਨ। ਇਸਦੇ ਨਾਲ ਹੀ ਮੁੰਹਮਦ (ਸਲ.) ਨੇ ਈਦ ਦੇ ਦਿਨ ਖੁਤਬਾ (ਭਾਸ਼ਣ) ਦਿੰਦੇ ਹੋਏ ਔਰਤਾਂ ਅਤੇ ਮਰਦਾਂ ਨੂੰ ਸਾਂਝੇ ਰੂਪ ਵਿੱਚ ਸੰਬੋਧਨ ਕਰਦਿਆਂ ਕਿਹਾ ਕਿ ਦਾਨ ਕਰੋ, ਦਾਨ ਕਰੋ ਭਾਵ ਇਸ ਦਿਨ ਰੁਪਏ ਪੈਸੇ ਆਦਿ ਦੇ ਰੂਪ ਵਿੱਚ ਦਾਨ ਦੇਣ ਤੇ ਬਹੁਤ ਜ਼ੋਰ ਦਿੱਤਾ ਹੈ। ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਕਿ ਈਦ ਦੀ ਖੁਸ਼ੀ ਮਨਾਉਂਦੇ ਹੋਏ ਗਰੀਬ, ਯਤੀਮ, ਵਿਧਵਾਵਾਂ ਆਦਿ ਲੋਕਾਂ ਦੇ ਨਾਲ ਹਮਦਰਦੀ ਭਰਿਆ ਵਰਤਾਓ ਕੀਤਾ ਜਾਵੇ ਤਾਂ ਜੋ ਉਹ ਵੀ ਈਦ ਦੀਆਂ ਖੁਸ਼ੀਆਂ ਮਾਨਣ ਲਈ ਤੁਹਾਡੇ ਨਾਲ ਸ਼ਾਮਿਲ ਹੋ ਸਕਣ। ਇਸ ਲਈ ਮੁਹੰਮਦ (ਸ.) ਦੇ ਸੰਦੇਸ਼ਾਂ ਤੇ ਅਮਲ ਕਰਦਿਆਂ ਇੱਕ ਅਮੀਰ ਵਿਅਕਤੀ ਉਦੋਂ ਹੀ ਆਪਣੀ ਖੁਸ਼ੀ ਨੂੰ ਪੂਰੀ ਸਮਝਦਾ ਹੈ ਜਦੋਂ ਉਸਦਾ ਗਰੀਬ ਭਰਾ, ਗੁਆਂਢੀ ਆਦਿ ਵੀ ਉਸਦੀ ਖੁਸ਼ੀ ਵਿੱਚ ਸ਼ਾਮਿਲ ਹੁੰਦਾ ਹੈ। ਇਸ ਕਰਕੇ ਹੀ ਇਸਲਾਮ ਵਿੱਚ ਈਦ ਦਾ ਮਤਲਬ ਸਿਰਫ ਨਵੇਂ ਅਤੇ ਵਧੀਆ ਕੱਪੜੇ ਪਹਿਨਣਾ, ਖੁਸ਼ਬੂ ਲਗਾਉਣਾ ਅਤੇ ਮਿੱਠੀਆਂ ਚੀਜਾਂ ਖਾ ਲੈਣਾ ਹੀ ਨਹੀਂ ਸਗੋਂ ਈਦ ਦਾ ਅਸਲ ਭਾਵ ਹੈ ਸਮੂਹਿਕ ਰੂਪ ਵਿੱਚ ਰੱਬ ਨੂੰ ਯਾਦ ਕਰਦਿਆਂ ਉਸ ਵੱਲ ਧਿਆਨ ਕਰਕੇ ਉਸਦੀ ਨੇੜਤਾ ਹਾਸਲ ਕਰਨਾ ਅਤੇ ਉਸ ਦੇ ਨਾਮ ਤੇ ਗਰੀਬਾਂ ਤੇ ਲੋੜਵੰਦਾਂ ਦੀ ਸਹਾਇਤਾ ਕਰਨਾ ਹੈ।




ਇਸ ਕਰਕੇ ਮੁਹੰਮਦ (ਸਲ.) ਨੇ ਮੁਸਲਮਾਨਾਂ ਨੂੰ ਹੁਕਮ ਦਿੱਤਾ ਕਿ ਈਦ-ਉਲ-ਫ਼ਿਤਰ ਦਾ 'ਸਦਕਾ-ਏ-ਫ਼ਿਤਰ' (ਦਾਨ) ਈਦ ਦੀ ਨਮਾਜ ਪੜ੍ਹਨ ਤੋਂ ਪਹਿਲਾਂ ਦੇਣਾ ਜਰੂਰੀ ਹੈ। ਸਦਕਾ-ਏ-ਫ਼ਿਤਰ ਨੂੰ ਰੋਜ਼ੇਦਾਰਾਂ ਵੱਲੋਂ ਰੋਜ਼ੇ ਦੀ ਹਾਲਾਤ ਵਿੱਚ ਜਾਣੇ ਅਨਜਾਣੇ ਵਿੱਚ ਹੋਏ ਗੁਨਾਹਾਂ ਤੋਂ ਪਾਕ ਕਰਨ ਦਾ ਸਾਧਨ ਦੱਸਿਆ ਗਿਆ ਹੈ। ਈਦ ਦੇ ਦਿਨ ਮੁਸਲਿਮ ਭਾਈਚਾਰੇ ਦੇ ਲੋਕ ਸਵੇਰੇ ਜਲਦੀ ਉੱਠ ਕੇ, ਇਸ਼ਨਾਨ ਕਰਕੇ, ਨਵੇਂ-ਨਵੇਂ ਕੱਪੜੇ ਪਾ ਕੇ ਖੁਸ਼ਬੂ (ਇਤਰ) ਆਦਿ ਲਗਾ ਕੇ ਨੇੜਲੀਆਂ ਵੱਡੀਆਂ ਮਸਜਿਦਾਂ ਖਾਸਕਰ ਈਦਗਾਹ ਵਿੱਚ ਈਦ ਦੀ ਨਮਾਜ਼ ਪੜ੍ਹਨ ਲਈ ਜਾਂਦੇ ਹਨ। ਈਦਗਾਹ ਪਹੁੰਚ ਕੇ ਲੋਕ ਬਿਨਾਂ ਕਿਸੇ ਭੇਦ-ਭਾਵ ਤੋਂ ਇੱਕਠੇ ਹੋ ਕੇ ਈਦ ਦੀ ਨਮਾਜ਼ ਅਦਾ ਕਰਦੇ ਹਨ।

ਦੇਸ਼ ਦੀਆਂ ਸਾਰੀਆਂ ਈਦਗਾਹਾਂ ਅਤੇ ਵੱਡੀਆਂ ਮਸਜਿਦਾਂ ਵਿੱਚ ਅਜਿਹਾ ਹੀ ਮਨਮੋਹਣਾ ਦ੍ਰਿਸ਼ ਦੇਖਣ ਨੂੰ ਮਿਲਦਾ ਹੈ। ਈਦ ਦੀ ਨਮਾਜ਼ ਅਦਾ ਕਰਨ ਤੋਂ ਬਾਅਦ ਲੋਕ ਸਾਰੇ ਗਿਲੇ-ਸ਼ਿਕਵੇ ਭੁੱਲਾ ਕੇ ਇੱਕ ਦੂਜੇ ਦੇ ਗਲੇ ਮਿਲ ਕੇ ਆਪਸੀ ਭਾਈਚਾਰੇ ਅਤੇ ਸਹਿਚਾਰ ਦਾ ਸੰਦੇਸ਼ ਦਿੰਦੇ ਹਨ। ਈਦ-ਉਲ-ਫ਼ਿਤਰ ਨੂੰ 'ਮਿੱਠੀ ਈਦ' ਵੀ ਕਿਹਾ ਜਾਂਦਾ ਹੈ। ਇਸ ਕਰਕੇ ਮੁਸਲਮਾਨਾਂ ਦੇ ਘਰਾਂ ਵਿੱਚ ਮਿੱਠੀਆਂ ਸੇਵੀਆਂ, ਖੀਰ ਜਾਂ ਮਿੱਠੇ ਚਾਵਲ ਆਦਿ ਈਦ ਵਾਲੇ ਦਿਨ ਜ਼ਰੂਰ ਬਣਾਏ ਜਾਂਦੇ ਹਨ। ਇਸਦੇ ਨਾਲ ਹੋਰ ਅਨੇਕਾਂ ਤਰ੍ਹਾਂ ਦੇ ਪਕਵਾਨ ਵੀ ਬਣਾਏ ਜਾਂਦੇ ਹਨ। ਲੋਕ ਆਪਣੇ ਸਗੇ-ਸੰਬੰਧੀਆਂ, ਦੋਸਤਾਂ ਅਤੇ ਮਿੱਤਰਾਂ ਨਾਲ ਮਿਠਾਈਆਂ ਜਾਂ ਤੋਹਫਿਆਂ ਦੇ ਰੂਪ 'ਚ ਲੈਣ-ਦੇਣ ਕਰਦੇ ਹਨ। ਵੱਖ ਵੱਖ ਧਰਮਾਂ ਰੂਪੀ ਫੁੱਲਾਂ ਦੇ ਗੁਲਦਸਤੇ ਦਾ ਖਿਤਾਬ ਹਾਸਲ ਸ਼ਹਿਰ ਮਾਲੇਰਕੋਟਲਾ ਵਿੱਚ ਮੁਸਲਿਮ ਭਰਾਵਾਂ ਵੱਲੋਂ ਦੂਜੇ ਧਰਮਾਂ ਦੇ ਦੋਸਤਾਂ-ਮਿੱਤਰਾਂ ਨੂੰ ਈਦ ਦੀ ਖੁਸ਼ੀ ਵਿੱਚ ਸ਼ਾਮਿਲ ਕਰਨ ਲਈ ਤੋਹਫਿਆਂ ਦੇ ਰੂਪ ਵਿੱਚ ਸ਼ੁਭ ਕਾਮਨਾਵਾਂ ਦਿੱਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਇੱਥੇ ਈਦ ਦਾ ਤਿਉਹਾਰ ਹਿੰਦੂ, ਸਿੱਖ, ਮੁਸਲਿਮ ਆਦਿ ਸਭ ਧਰਮਾਂ ਦੇ ਲੋਕ ਰਲ ਮਿਲ ਕੇ ਮਨਾਉਂਦੇ ਹਨ। ਮੁਹੰਮਦ (ਸਲ.) ਨੇ ਈਦ ਦੇ ਦਿਨ ਮੁਸਲਮਾਨਾਂ ਨੂੰ ਖੂਬ ਖਾਣ-ਪੀਣ ਦੇ ਨਾਲ ਅੱਲ੍ਹਾ ਦਾ ਜ਼ਿਕਰ (ਪੂਜਾ) ਕਰਨ ਅਤੇ ਉਸ ਨੂੰ ਯਾਦ ਰੱਖਣ ਲਈ ਵੀ ਕਿਹਾ ਹੈ। ਜਿਸ ਨੇ ਤਹਾਨੂੰ ਪੈਦਾ ਕੀਤਾ ਹੈ ਅਤੇ ਇਹ ਖੁਸ਼ੀ ਦਾ ਮੌਕਾ ਦਿੱਤਾ ਹੈ। ਈਦ ਦੇ ਦਿਨ ਖੁਸ਼ੀ ਦਾ ਇਜ਼ਹਾਰ ਕਰਨਾ ਵੀ ਦੀਨ (ਧਰਮ) ਦਾ ਹੀ ਇੱਕ ਹਿੱਸਾ ਹੈ। ਇਸ ਤਰ੍ਹਾਂ ਇਹ ਤਿਉਹਾਰ ਖੁਸ਼ੀ ਦੇ ਨਾਲ-ਨਾਲ ਦਯਾ, ਪਰਉਪਕਾਰ, ਉਦਾਰਤਾ, ਭਾਈਚਾਰਕ ਸਾਂਝ ਨੂੰ ਵਧਾਉਣ ਦਾ ਸੰਦੇਸ਼ ਵੀ ਦਿੰਦਾ ਹੈ। ਇੱਥੇ ਮੈਂ ਇਹ ਜਰੂਰ ਕਹਾਗਾਂ ਕਿ ਤੁਹਾਡੇ ਲਈ ਉਹ ਹਰ ਦਿਨ ਈਦ, ਦੀਵਾਲੀ ਗੁਰਪੁਰਬ, ਕ੍ਰਿਸਮਿਸ ਆਦਿ ਹਨ ਜਿਸ ਦਿਨ ਤੁਹਾਨੂੰ ਅੰਦਰੂਨੀ ਖੁਸ਼ੀ ਦਾ ਅਹਿਸਾਸ ਹੁੰਦਾ ਹੈ। ਇਸ ਤਰ੍ਹਾਂ ਦੀ ਸਦੀਵੀ ਖੁਸ਼ੀ ਤਾਂ ਬੇਸਹਾਰਿਆਂ ਦੀ ਸੇਵਾ ਅਤੇ ਸਹਾਇਤਾ ਕਰਕੇ ਹੀ ਮਿਲ ਸਕਦੀ ਹੈ ਪਰ ਬਹੁਤ ਦੁੱਖ ਦੀ ਗੱਲ ਹੈ ਕਿ ਅੱਜ ਭਾਰਤੀ ਸਮਾਜ ਦੇ ਲੋਕਾਂ ਤੋਂ (ਭਾਵੇਂ ਉਹ ਕਿਸੇ ਵੀ ਧਰਮ ਨੂੰ ਮੰਨਣ ਵਾਲੇ ਹੀ ਕਿਉਂ ਨਾ ਹੋਣ) ਇਹ ਭਾਵਨਾ ਤਾਂ ਕੋਹਾਂ ਦੂਰ ਹੋ ਚੁੱਕੀ ਜਾਪਦੀ ਹੈ । ਅਸਲ ਵਿੱਚ ਅੱਜ ਦਾ ਮਨੁੱਖ ਪਦਾਰਥਵਾਦ ਦੇ ਪ੍ਰਭਾਵ ਕਾਰਨ ਸਮੂਹਿਕ ਹਿੱਤਾਂ ਦੇ ਨਾਲੋਂ ਨਿੱਜੀ ਹਿੱਤਾਂ ਨੂੰ ਪਹਿਲ ਦਿੰਦਾ ਹੈ। ਇਸ ਨਿੱਜਤਾ ਦੇ ਕਾਰਨ ਹੀ ਚਿੰਤਾਵਾਂ ਵਿੱਚ ਗ੍ਰਹਿਸਤ ਹੋ ਕਿ ਅਨੇਕਾਂ ਬੀਮਾਰੀਆਂ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ।



ਮੁਹੰਮਦ ਬਸ਼ੀਰ
91-94171-58300

ਮਨੁੱਖ ਨੂੰ ਇਹ ਸਮਝ ਕਰਨੀ ਚਾਹੀਦੀ ਹੈ ਕਿ ਅਸਲ ਖੁਸ਼ੀ ਦਾ ਅਹਿਸਾਸ ਤਿਉਹਾਰਾਂ ਨੂੰ ਰਲ-ਮਿਲਕੇ ਮਨਾਉਣ ਵਿੱਚ ਹੈ ਨਾ ਕਿ ਨਿੱਜੀ ਹਿੱਤਾਂ ਨੂੰ ਪਹਿਲ ਦੇਣ ਵਿੱਚ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਤਿਉਹਾਰਾਂ ਨੂੰ ਮਨਾਉਂਦੇ ਸਮੇਂ ਫਜ਼ੂਲ ਖਰਚਿਆਂ ਨੂੰ ਛੱਡ ਕਿ ਉਹੀ ਪੈਸਾ ਦੀਨ-ਦੁਖੀਆਂ, ਬੇ-ਸਹਾਰਾ ਲੋਕਾਂ ਤੇ ਖਰਚ ਕਰਕੇ ਸੱਚੀ ਖੁਸ਼ੀ ਨੂੰ ਮਹਿਸੂਸ ਕਰਨ ਦਾ ਯਤਮ ਕਰੀਏ। ਦੁਨੀਆ ਵੀ ਉਹਨਾਂ ਲੋਕਾਂ ਨੂੰ ਯਾਦ ਰੱਖਦੀ ਹੈ ਜਿਹੜੇ ਆਪਣਾ ਸਮੁੱਚਾ ਜੀਵਨ ਦੂਜਿਆਂ ਦੀ ਸਹਾਇਤਾ ਅਤੇ ਸੇਵਾ ਕਰਨ ਵਿੱਚ ਲਗਾ ਦਿੰਦੇ ਹਨ।

ਸਲਾਨਾ ਬਰਸੀ 'ਤੇ ਵਿਸ਼ੇਸ਼

# ਸਵ: ਹਰਭਜਨ ਸਿੰਘ ਲਾਖਾ ਸਾਬਕਾ ਮੈਂਬਰ ਪਾਰਲੀਮੈਂਟ

ਹਰਨੇਕ ਸਿੰਘ ਵਿਰਦੀ, ਕੈਨੇਡਾ
ਮੋਬਾਇਲ: 604-657-9215

ਸਦੀਆਂ ਤੋਂ ਪਾਖੰਡਬਾਦ ਜਿਹੇ ਸ਼ਰਾਪ ਨੇ ਭਾਰਤ ਦੇ ਮੂਲ ਨਿਵਾਸੀਆਂ ਦੱਬੇ ਕੁਚਲੇ, ਗਰੀਬ ਤੇ ਬੇਬਸ ਸਮਾਜ ਨੂੰ ਪੂਰੀ ਤਰ੍ਹਾਂ ਜਕੜਿਆ ਹੋਇਆ ਹੈ, ਜਿਸ ਖਿਲਾਫ਼ ਸਮੇਂ ਸਮੇਂ ਤੇ ਸਾਡੇ ਗੁਰੂਆਂ, ਰਹਿਬਰਾਂ ਤੇ ਸਮਾਜ ਸੁਧਾਰਕਾਂ ਨੇ ਆਵਾਜ਼ ਉਠਾ ਕੇ ਇਸਤੋਂ ਨਿਜ਼ਾਤ ਪਾਉਣ ਲਈ ਆਪਾ ਤੱਕ ਕੁਰਬਾਨ ਕਰ ਦਿੱਤਾ। 20ਵੀਂ ਸਦੀ 'ਚ ਡਾ. ਭੀਮ ਰਾਓ ਅੰਬੇਡਕਰ, ਬਾਬੂ ਮੰਗੂ ਰਾਮ ਮੱਗੂਵਾਲੀਆ, ਸਾਹਿਬ ਕਾਂਸ਼ੀ ਰਾਮ ਬਾਨੀ ਬਹੁਜਨ ਸਮਾਜ ਪਾਰਟੀ ਨੇ ਜੋ ਬਿਗਲ ਇਸ ਪਾਖੰਡਬਾਦ ਤੇ ਮਨੂੰਵਾਦੀ ਸੋਚ ਖਿਲਾਫ਼ ਵਜਾਇਆ ਉਸਨੇ ਇਸ ਮਨੂੰਵਾਦੀ ਸੋਚ ਤੇ ਪਾਖੰਡਵਾਦ ਦੀਆਂ ਨੀਹਾਂ ਖੋਖਲੀਆਂ ਕਰ ਦਿੱਤੀਆਂ। ਇੱਥੇ ਹੀ ਬੱਸ ਨਹੀਂ ਇਨ੍ਹਾਂ ਰਹਿਬਰਾਂ ਵਲੋਂ ਚਲਾਏ ਇਸ ਅੰਦੋਲਨ ਨੂੰ ਸਮਾਜ ਪ੍ਰਤੀ ਦਰਦ ਰੱਖਣ ਵਾਲੇ ਕੁਝ ਯੋਧਿਆਂ ਨੇ ਵੀ ਵਾ ਨਿਰੰਤਰ ਜਾਰੀ ਰੱਖਿਆ। ਇਨ੍ਹਾਂ ਵਿਚੋਂ ਬਹੁਜਨ ਸਮਾਜ ਦੇ ਬਾਬਾ ਬੋਹੜ ਅਖਵਾਏ ਸ: ਹਰਭਜਨ ਸਿੰਘ ਲਾਖਾ ਜੀ ਵੀ ਇੱਕ ਸਨ। ਜਿੰਨ੍ਹਾਂ ਅੱਤ ਦੀ ਗਰੀਬੀ ਚੋਂ ਉੱਠ ਕੇ ਅਨੇਕਾਂ ਕਸ਼ਟਾਂ ਨੂੰ ਝੱਲਦਿਆਂ ਜਿੱਥੇ ਪਾਰਲੀਮੈਂਟ ਤੱਕ ਦਾ ਸਫ਼ਰ ਤੈਅ ਕੀਤਾ, ਉਥੇ ਗਰੀਬ ਤੇ ਪਛੜੇ ਵਰਗਾਂ ਦੇ ਹੱਕਾਂ ਲਈ ਲੰਮੀ ਘਾਲਣਾ ਘਾਲੀ।



ਬਹੁਜਨ ਸਮਾਜ ਦੀ ਲਹਿਰ ਦੇ ਪੱਕੇ ਧਾਰਨੀ ਅਤੇ ਸਾਹਿਬ ਕਾਂਸ਼ੀ ਰਾਮ ਜੀ ਦੇ ਮੁੱਢਲੇ ਸਾਥੀ ਰਹੇ ਸਵ. ਸ੍ਰੀ ਹਰਭਜਨ ਲਾਖਾ ਜੀ ਦਾ ਜਨਮ 25 ਅਗਸਤ 1941 ਨੂੰ ਪਿਤਾ ਸਵ. ਸ੍ਰੀ ਰਾਮ ਲੋਕ ਅਤੇ ਮਾਤਾ ਆਤੀ ਜੀ ਦੇ ਕੁੱਖੋਂ ਪਿੰਡ ਕਰਨਾਣਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਹੋਇਆ। ਉਨ੍ਹਾਂ ਮੁੱਢਲੀ ਸਿੱਖਿਆ ਪ੍ਰਾਪਤ ਕਰਕੇ ਗਰੀਬੀ ਦੀ ਹਾਲਤ ਵਿਚ ਰਹਿਕੇ ਇੰਜੀਨੀਅਰ ਦੀ ਡਿਗਰੀ ਲਈ ਅਤੇ ਸਫ਼ਰਦਗੰਜ ਏਅਰਪੋਰਟ ਦਿੱਲੀ ਵਿਖੇ ਨੌਕਰੀ ਕੀਤੀ। ਪਰ ਦਲਿਤ ਸਮਾਜ ਦੀ ਦਰਦਨਾਕ ਹਾਲਾਤ ਅਤੇ ਪੰਜਾਬ ਦੇ ਮੌਕੇ ਦੇ ਦੁਖਾਂਤ ਨੂੰ ਦੇਖਦਿਆਂ ਉਨ੍ਹਾਂ ਨੇ ਨੌਕਰੀ ਛੱਡਕੇ ਬਹੁਜਨ ਲਈ ਸਾਹਿਬ ਸ੍ਰੀ ਕਾਂਸ਼ੀ ਰਾਮ ਵਲੋਂ ਚਲਾਏ ਆਰਥਿਕ ਮੁਕਤੀ ਅਤੇ ਸਮਾਜਿਕ ਪਰਿਵਰਤਨ ਦੀ ਲਹਿਰ ਵਿਚ ਕੁੱਦਣ ਦਾ ਫੈਸਲਾ ਕੀਤਾ। ਇਸ ਦੌਰਾਨ ਡੀ.ਐਸ.ਫੋਰ ਤੋਂ ਲੈ ਕੇ ਬਹੁਜਨ ਸਮਾਜ ਪਾਰਟੀ ਤੱਕ ਉਨ੍ਹਾਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨਾਲ ਅਜਿਹੀ ਮੁਹਿੰਮ ਚਲਾਈ ਕਿ ਸੰਨ 1989 ਵਿਚ ਉਹ ਲੋਕ ਸਭਾ ਹਲਕਾ ਫਿਲੌਰ ਤੋਂ ਬਹੁਜਨ ਸਮਾਜ ਪਾਰਟੀ ਦੇ ਪਲੇਠੇ ਮੈਂਬਰ ਪਾਰਲੀਮੈਂਟ ਚੁਣੇ ਗਏ। ਹੁਣ ਤੱਕ ਦੇ ਇਤਿਹਾਸ ਵਿਚ ਉਹ ਪਹਿਲੇ ਐਮ.ਪੀ. ਸਨ। ਜਿੰਨ੍ਹਾਂ ਨੇ ਭਾਰਤ ਵਿਚ ਦਲਿਤਾਂ ਤੇ ਹੁੰਦੇ ਅਤਿਆਚਾਰ ਦੇ ਖਿਲਾਫ਼ ਪਾਰਲੀਮੈਂਟ ਵਿਚ ਅਵਾਜ਼ ਬੁਲੰਦ ਕੀਤੀ ਅਤੇ ਉਦੋਂ ਦੇ ਪੰਜਾਬ ਦੇ ਹਾਲਾਤਾਂ ਜਦੋਂ ਪੰਜਾਬ ਵਿਚ ਅਨੇਕਾਂ ਝੂਠੇ ਪੁਲਸ ਮੁਕਾਬਲਿਆਂ ਵਿਚ ਸਿੱਖ ਨੌਜਵਾਨ ਮਾਰੇ ਜਾ ਰਹੇ ਸਨ ਦੀ ਅਵਾਜ਼ ਨੂੰ ਪਾਰਲੀਮੈਂਟ ਵਿਚ ਬੁਲੰਦ ਕੀਤਾ। ਬੇਸ਼ਕ ਲਾਖਾ ਜੀ ਦਾ ਸਾਰਾ ਪਰਿਵਾਰ ਕਨੇਡਾ ਵਿਚ ਰਹਿ ਰਿਹਾ ਹੈ ਪਰ ਸਮਾਜ ਦੇ ਦਰਦ ਜਾਣਦੇ ਹੋਏ ਕਨੇਡਾ ਜਾਣ ਦੀ ਬਜਾਏ ਪੰਜਾਬ ਵਿਚ ਹੀ ਰਹਿ ਕੇ ਸਾਹਿਬ ਕਾਂਸ਼ੀ ਰਾਮ ਦੇ ਚਲਾਏ ਅੰਦੋਲਨ ਵਿਚ ਵਧ ਚੜ੍ਹਕੇ ਹਿੱਸਾ ਲੈਂਦੇ ਰਹੇ। ਸੰਨ 1996 ਵਿਚ ਉਹ ਦੂਜੀ ਵਾਰ ਮੈਂਬਰ ਪਾਰਲੀਮੈਂਟ ਚੁਣੇ ਗਏ। ਪੱਤਰਕਾਰਾਂ ਵਲੋਂ ਸਾਹਿਬ ਸ੍ਰੀ ਕਾਂਸ਼ੀ ਰਾਮ ਨੂੰ ਪਾਰਟੀ ਦੇ ਚੋਣ ਮੈਨੀਫੈਸਟੋ ਵਾਰੇ ਪੁੱਛਣ ਤੇ ਸਾਹਿਬ ਜੀ ਨੇ ਕਿਹਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡਾ ਚੋਣ ਮੈਨੀਫੈਸਟੋ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਸੋਚ ਨੂੰ ਅਸੀਂ ਸਾਰੇ ਭਾਰਤ ਵਿਚ ਲਾਗੂ ਕਰਨਾ ਚਾਹੁੰਦੇ ਹਾਂ। ਇਸ ਸਿੱਖੀ ਸਿਧਾਂਤ ਤੇ ਚੱਲਦਿਆਂ ਇਸਨੂੰ ਅਮਲੀ ਜਾਮਾ ਪਹਿਨਾਉਂਦਿਆਂ 6 ਜੂਨ 2014 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣੇ।

ਲਾਖਾ ਸਾਹਿਬ ਦੀ ਕਾਮਯਾਬੀ ਪਿੱਛੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਚਰਨ ਕੌਰ ਲਾਖਾ ਪੁੱਤਰ ਕਮਲਜੀਤ ਸਿੰਘ ਲਾਖਾ, ਪਰਮਜੀਤ ਸਿੰਘ ਲਾਖਾ, ਰਛਪਾਲ ਸਿੰਘ ਲਾਖਾ ਅਤੇ ਪੁੱਤਰੀ ਕਮਲੇਸ਼ ਕੌਰ ਨੇ ਵੀ ਵੱਡਾ ਯੋਗਦਾਨ ਪਾਇਆ ਜੋ ਅੱਜ ਵੀ ਸਮਾਜ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੈ। ਅਖੀਰ 11 ਜੂਨ 2014 ਨੂੰ ਮਾਮੂਲੀ ਬਿਮਾਰੀ ਤੋਂ ਬਾਅਦ ਸਾਨੂੰ ਸਦਾ ਲਈ ਅਲਵਿਦਾ ਕਹਿ ਗਏ। ਆਓ ਬਾਬਾ ਬੋਹੜ ਲਾਖਾ ਜੀ ਦੀ ਚੌਥੀ ਬਰਸੀ ਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ।

# ਟਰੰਪ-ਕਿਮ ਵਾਰਤਾ : ਮੁੱਕੀਆਂ ਦੁਸ਼ਮਣੀਆਂ

ਦੋ ਨਿਹਾਇਤ ਬੇਮੁਹਾਰੀਆਂ ਹਸਤੀਆਂ ਦਰਮਿਆਨ ਆਪਸੀ ਵਾਰਤਾਲਾਪ ਦੀ ਕਾਮਯਾਬੀ ਦੀ ਕਾਮਨਾ ਦੁਨੀਆਂ ਕਰਦੀ ਆ ਰਹੀ ਸੀ। ਇਹ ਕਾਮਨਾ ਪੂਰੀ ਹੋ ਗਈ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਤੇ ਉੱਤਰ ਕੋਰਿਆਈ ਨੇਤਾ ਕਿਮ ਜੌਂਗ-ਉਨ ਦਰਮਿਆਨ ਸਿੰਗਾਪੁਰ ਵਿੱਚ ਹੋਈ ਮੀਟਿੰਗ ਨੂੰ ਅਣਕਿਆਸੀ ਕਾਮਯਾਬੀ ਮਿਲੀ। ਦਰਅਸਲ, ਦੋਵੇਂ ਆਗੂ ਸਿੰਗਾਪੁਰ ਵਾਰਤਾ ਨੂੰ ਕਾਮਯਾਬ ਬਣਾਉਣ ਲਈ ਦ੍ਰਿੜ੍ਹ ਜਾਪਦੇ ਸਨ। ਲਿਹਾਜ਼ਾ, ਟਰੰਪ ਨੇ ਕਿਮ ਨਾਲ ਰਸਮੀ ਵਾਰਤਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਟਵੀਟ ਕਰ ਦਿੱਤਾ ਸੀ, "ਬਹੁਤ ਕਾਮਯਾਬ!", "ਬਿਹਤਰੀਨ ਆਪਸੀ ਰਿਸ਼ਤੇ ਦਾ ਬਿਹਤਰੀਨ ਨਤੀਜਾ!"



ਭਵਿੱਖ ਵਿੱਚ ਕੀ ਵਾਪਰਦਾ ਹੈ, ਇਸ ਬਾਰੇ ਕੋਈ ਪੇਸ਼ੀਨਗੋਈ ਕੀਤੇ ਬਿਨਾਂ ਇਹ ਕਹਿਣਾ ਜਾਇਜ਼ ਜਾਪਦਾ ਹੈ ਕਿ ਟਰੰਪ-ਕਿਮ ਸਿਖ਼ਰ ਵਾਰਤਾ ਤੋਂ ਸਮੁੱਚੀ ਦੁਨੀਆਂ ਨੂੰ ਸੁੱਖ ਦਾ ਸਾਹ ਆਇਆ ਹੈ। ਅਮਰੀਕਾ ਤੇ ਉੱਤਰੀ ਕੋਰੀਆ ਦਰਮਿਆਨ ਦੁਸ਼ਮਣੀ ਤਕਰੀਬਨ ਸੱਤ ਦਹਾਕਿਆਂ ਤੋਂ ਚੱਲਦੀ ਆ ਰਹੀ ਸੀ। ਤਕਨੀਕੀ ਤੌਰ 'ਤੇ ਤਾਂ ਅਮਰੀਕਾ ਦੀ ਪਿਛਲੇ 68 ਸਾਲਾਂ ਤੋਂ ਉੱਤਰੀ ਕੋਰੀਆ ਨਾਲ ਜੰਗ ਚੱਲਦੀ ਆ ਰਹੀ ਸੀ, ਜਦੋਂਕਿ ਉੱਤਰੀ ਕੋਰੀਆ ਵੀ ਹਰ ਸਮੇਂ ਅਮਰੀਕੀ ਹਮਲੇ ਦੇ ਤੌਖ਼ਲਿਆਂ ਨਾਲ ਜੂਝਦਾ ਆ ਰਿਹਾ ਸੀ। ਇਸ ਸਾਲ ਦੇ ਮੁੱਢ ਤੋਂ ਤਾਂ ਟਰੰਪ ਦਾ ਰੁਖ਼ ਅਜਿਹਾ ਜਾਪਦਾ ਸੀ ਜਿਵੇਂ ਉਹ ਕੋਰੀਆ ਨੂੰ ਸਬਕ ਸਿਖਾਉਣ ਲਈ ਜੰਗ ਛੇੜਨ ਤੋਂ ਨਹੀਂ ਝਿਜਕੇਗਾ। ਉੱਤਰੀ ਕੋਰੀਆ ਕੋਲ ਪਰਮਾਣੂ ਹਥਿਆਰ ਤੇ ਅਮਰੀਕੀ ਮੁੱਖ ਭੂਮੀ ਤਕ ਮਾਰ ਕਰਨ ਵਾਲੇ ਮਿਜ਼ਾਈਲਾਂ ਦੀ ਮੌਜੂਦਗੀ ਸੰਭਾਵੀ ਜੰਗ ਨੂੰ ਬਾਕੀ ਦੁਨੀਆਂ ਲਈ ਵੱਡਾ ਖ਼ਤਰਾ ਬਣਾ ਸਕਦੀ ਸੀ। ਅਜਿਹੇ ਆਲਮ ਵਿੱਚ ਦੱਖਣੀ ਕੋਰੀਆ ਦੇ ਨਵੇਂ ਰਾਸ਼ਟਰਪਤੀ ਮੂਨ ਜੇਅ-ਇਨ ਦੇ ਦਖ਼ਲ ਅਤੇ ਚੀਨ ਵੱਲੋਂ ਉੱਤਰੀ ਕੋਰੀਆ ਉੱਤੇ ਅਮਰੀਕਾ ਨੂੰ ਵਾਰ ਵਾਰ ਨਾ ਉਕਸਾਉਣ ਵਾਸਤੇ ਪਾਇਆ ਗਿਆ ਦਬਾਅ ਰੰਗ ਲਿਆਇਆ। ਕਿਮ ਜੌਂਗ-ਉਨ, ਡੋਨਲਡ ਟਰੰਪ ਨਾਲ ਸਿੱਧੀ ਸਿਖ਼ਰ ਵਾਰਤਾ ਲਈ ਰਾਜ਼ੀ ਹੋ ਗਿਆ। ਇਸ ਫ਼ੈਸਲੇ ਨੇ ਸਿੰਗਾਪੁਰ ਵਾਲੇ ਘਟਨਾਕ੍ਰਮ ਦਾ ਮੁੱਢ ਬੰਨ੍ਹਿਆ। ਦੋਵਾਂ ਨੇਤਾਵਾਂ ਦਰਮਿਆਨ 40 ਮਿੰਟਾਂ ਲਈ ਸਿੱਧੀ ਮੀਟਿੰਗ ਹੋਈ ਅਤੇ ਫਿਰ ਦੋਵਾਂ ਨੇ ਵਫ਼ਦਾਂ ਸਮੇਤ ਗੱਲਬਾਤ ਕੀਤੀ।

ਦੋ ਦਿਨ ਪਹਿਲਾਂ ਕੈਨੇਡਾ ਵਿੱਚ ਜੀ-7 ਸੰਮੇਲਨ ਨੂੰ ਨਾਕਾਮ ਬਣਾਉਣ ਅਤੇ ਮੇਜ਼ਬਾਨ ਮੁਲਕ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ "ਝੂਠਾ, ਫਰੇਬੀ ਤੇ ਭ੍ਰਿਸ਼ਟ" ਦੱਸਣ ਵਾਲੇ ਡੋਨਲਡ ਟਰੰਪ ਨੇ ਇੱਕ ਵਾਰ ਤਾਂ ਏਸ਼ੀਆ ਮਹਾਂਦੀਪ ਨੂੰ ਬੇਲੋੜੀ ਕਸ਼ੀਦਗੀ ਤੇ ਪਰਮਾਣੂ ਹਥਿਆਰਾਂ ਦੀ ਦੌੜ ਤੋਂ ਬਚਾ ਲਿਆ ਹੈ। ਸਿਖ਼ਰ ਵਾਰਤਾ ਦੇ ਅੰਤ ਵਿੱਚ ਟਰੰਪ ਤੇ ਕਿਮ ਵੱਲੋਂ ਦਸਤਖ਼ਤਸ਼ੁਦਾ 18 ਪੰਨਿਆਂ ਦੇ ਦਸਤਾਵੇਜ਼ ਅਨੁਸਾਰ ਅਮਰੀਕੀ ਰਾਸ਼ਟਰਪਤੀ ਨੇ ਸਮੁੱਚੇ ਕੋਰੀਅਨ ਪ੍ਰਾਇਦੀਪ ਦੀ ਸੁਰੱਖਿਆ ਯਕੀਨੀ ਬਣਾਉਣ ਦਾ ਵਾਅਦਾ ਕੀਤਾ ਹੈ। ਦੂਜੇ ਪਾਸੇ ਕਿਮ ਨੇ ਵੀ ਇਸੇ ਪ੍ਰਾਇਦੀਪ ਵਿੱਚੋਂ ਪਰਮਾਣੂ ਹਥਿਆਰਾਂ ਦਾ ਖ਼ਾਤਮਾ ਕਰਨ ਪ੍ਰਤੀ ਵਚਨਬੱਧਤਾ ਪ੍ਰਗਟਾਈ ਹੈ। ਅਜਿਹੇ ਸਮਝੌਤੇ ਦਾ ਆਲਮੀ ਪੱਧਰ 'ਤੇ ਸਵਾਗਤ ਹੋਣਾ ਸੁਭਾਵਿਕ ਹੈ ਅਤੇ ਹੋਇਆ ਵੀ ਖ਼ੂਬ ਹੈ। ਸਿੰਗਾਪੁਰ ਵਿੱਚ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਟਰੰਪ ਦਾ ਕਥਨ ਸੀ ਕਿ ਜੰਗ ਤਾਂ ਕੋਈ ਵੀ ਛੇੜ ਸਕਦਾ ਹੈ, ਪਰ ਅਮਨ ਸਿਰਫ਼ ਦਲੇਰ ਬੰਦੇ ਹੀ ਸੰਭਵ ਬਣਾ ਸਕਦੇ ਹਨ। ਅਜਿਹਾ ਕਹਿ ਕੇ ਉਸ ਨੇ ਭਾਵੇਂ ਖ਼ੁਦ ਨੂੰ ਹੀ ਥਾਪੜਾ ਦਿੱਤਾ, ਪਰ ਇਸ ਵਾਰ ਉਹ ਤੇ ਕਿਮ – ਦੋਵੇਂ ਹੀ ਸ਼ਾਬਾਸ਼ੀ ਦੇ ਹੱਕਦਾਰ ਹਨ।

# ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹਾਦਤ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿੱਖ ਇਤਿਹਾਸ ਕੁਰਬਾਨੀਆਂ ਅਤੇ ਸ਼ਹਾਦਤਾਂ ਦੀ ਤਰਜ਼ਮਾਨੀ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪਣੀ ਸ਼ਰਧਾ ਅਤੇ ਨਿਸਚਾ ਕਰਕੇ ਸਿੱਖਾਂ ਨੇ ਕੁਰਬਾਨੀਆਂ ਕੀਤੀਆਂ। ਸਿੱਖ ਧਰਮ ਦਾ ਨਿਸ਼ਾਨਾ ਮਨੁੱਖ ਨੂੰ ਪੂਰਨ ਆਜ਼ਾਦੀ ਦੇਣਾ ਹੈ। ਗੁਰੂ ਨਾਨਕ ਦੇਵ ਸਾਹਿਬ ਨੇ ਆਪਣੇ ਗੁਰੂ ਕਾਲ ਵਿਚ ਆਪਣੇ ਸਮੇਂ ਪ੍ਰਚੱਲਿਤ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਕੁਰੀਤੀਆਂ ਦੀ ਨਿਖੇਧੀ ਕਰਕੇ ਵਹਿਮਾਂ-ਭਰਮਾਂ ਦਾ ਵਿਰੋਧ ਕਰਕੇ ਸਾਵੀ ਜੀਵਨ-ਜਾਚ ਸਿਖਾਈ। ਕੇਵਲ ਅਧਿਆਤਮਕ ਉਚਾਈਆਂ ਹੀ ਨਹੀਂ ਸਗੋਂ ਬੜੀ ਪ੍ਰਬੱਲ ਸਮਾਜੀ ਅਤੇ ਰਾਜਸੀ ਚੇਤਨਾ ਵੀ ਵਿਦਮਾਨ ਹੈ, ਜੋ ਕ੍ਰਾਂਤੀਕਾਰੀ ਪ੍ਰੇਰਨਾ ਦਿੰਦੀ ਹੈ। ਜਿਸ ਨਾਲ ਸਿੱਖ ਧਰਮ ਦੇ ਪ੍ਰਚਾਰ ਦੀ ਵੱਧ ਰਹੀ ਲਹਿਰ ਨੇ ਹਿੰਦੂਆਂ ਅਤੇ ਮੁਸਲਮਾਨਾਂਨੂੰ ਵੀ ਸਿੱਖ ਧਰਮ ਗ੍ਰਹਿਣ ਕਰਨ ਲਈ ਪ੍ਰੇਰਿਆ। ਇਹ ਗੱਲ ਕੱਟੜ ਸ਼ਰਈ ਮੁਸਲਮਾਨਾਂ ਲਈ ਬੜੀ ਦੁਖਦਾਇਕ ਸੀ। ਜਨੂੰਨੀ ਮੁਸਲਮਾਨਾਂ ਨੇ ਜਹਾਂਗੀਰ ਦੇ ਸਾਥ ਦੇ ਕੇ ਉਸਨੂੰ ਅਕਬਰ ਤੋਂ ਬਾਅਦ ਰਾਜ ਗੱਦੀ 'ਤੇ ਬਿਠਾਇਆ। ਉਸਦੇ ਕੰਨ ਭਰੇ ਕਿ ਸਿੱਖੀ ਦੀ ਲਹਿਰ ਨੂੰ ਖਤਮ ਕਰਨਾ ਚਾਹੀਦਾ ਹੈ। ਇਸ ਵਿਚ ਪ੍ਰਿਥੀ ਚੰਦ, ਚੰਦੂ ਤੇ ਬੀਰਬਲ ਨੇ ਵੀ ਜਹਾਂਗੀਰ ਨੂੰ ਭੜਕਾਇਆ।

ਜਹਾਂਗੀਰ ਗੁਰੂ ਜੀ ਨਾਲ ਟੱਕਰ ਲੈਣ ਦੇ ਬਹਾਨੇ ਢੂੰਡਣ ਲੱਗਾ। ਉਸਨੇ 'ਤੁਜ਼ਕ-ਏ-ਜਹਾਂਗੀਰੀ' ਵਿਚ ਲਿਖਿਆ ਹੈ 'ਬਿਆਸ ਦਰਿਆ ਦੇ ਕੰਢੇ ਗੋਇੰਦਵਾਲ ਵਿਚ ਇਕ ਅਰਜਨ ਨਾਂ ਦਾ ਹਿੰਦੂ, ਸੰਤ ਅਤੇ ਰੂਹਾਨੀ ਆਗੂ ਦੇ ਭੇਸ ਵਿਚ ਰਹਿੰਦਾ ਸੀ। ਕਈ ਸਧਾਰਨ ਸਮਝ ਦੇ ਹਿੰਦੂਆਂ ਅਤੇ ਮੂਰਖ ਮੁਸਲਮਾਨਾਂ ਨੂੰ ਉਸਨੇ ਆਪਣੇ ਵੱਖਰੇ ਧਰਮ ਦੇ ਢੰਗ ਤਰੀਕੇ ਅਪਣਾਉਣ ਲਈ ਨਾਲ ਜੋੜ ਲਿਆ ਹੈ। ਉਸਨੇ ਸੰਤਪੁਣੇ ਦੀ ਪਵਿੱਤਰਦਾ ਦਾ ਢੋਲ ਵਜਾਇਆ ਹੈ। ਉਸਨੂੰ ਗੁਰੂ ਅਤੇ ਸੱਚੇ ਪਾਤਸ਼ਾਹ ਕਿਹਾ ਜਾਂਦਾ ਸੀ। ਬਹੁਤ ਥਾਵਾਂ ਤੋਂ ਚਰਵਾਹੇ ਅਤੇ ਬੇਵਕੂਫ ਉਸਦੇ ਪੱਕੇ ਸ਼ਰਧਾਲੂ ਬਣ ਗਏ। ਇਦ ਧੰਦਾ ਉਸਨੇ 3-4 ਪੀੜ੍ਹੀਆਂ ਤੋਂ ਚਲਾਇਆ ਹੈ। ਕਾਫੀ ਲੰਮੇ ਸਮੇਂ ਤੋਂ ਮੇਰੇ ਮਨ ਵਿਚ ਝੂਠ ਦੀ ਦੁਕਾਨ ਨੂੰ ਬੰਦ ਕਰਨ ਜਾਂ ਉਸਨੂੰ ਮੁਸਲਮਾਨ ਮੱਤ ਵਿਚ ਲਿਆਉਣ ਦਾ ਖਿਆਲ ਸੀ। ਕਈ ਮੁਸਲਮਾਨਾਂ ਦਾ ਅਰਜਨ ਦੇਵ ਜੀ ਦੇ ਪੈਰੋਕਾਰ ਬਣ ਜਾਣਾ ਤੇ ਜਹਾਂਗੀਰ ਔਖਾ ਸੀ। ਗੁਰੂ ਜੀ ਨੂੰ ਇਸਲਾਮ ਦੇ ਰਾਹ ਵਿਚ ਰੁਕਾਵਟ ਸਮਝਦਾ ਸੀ। ਇਸ ਤਰ੍ਹਾਂ ਮੁਸਲਮਾਨ ਹਕੂਮਤ ਦੀ ਸਿੱਖ ਲਹਿਰ ਨਾਲ ਟੱਕਰ ਅਵੱਸ਼ ਸੀ। ਜਹਾਂਗੀਰ ਇਕੱਲਾ ਗੁਰੂ ਜੀ ਨੂੰ ਹੀ ਸ਼ਹੀਦ ਨਹੀਂ ਕਰਨਾ ਚਾਹੁੰਦਾ ਸੀ ਸਗੋਂ ਉਹ ਸਿੱਖ ਲਹਿਰ ਦੀ ਵਿਚਾਰਧਾਰਾ ਨੂੰ ਮਾਰਨਾ ਚਾਹੁੰਦਾ ਸੀ, ਜਿਸਨੂੰ ਉਸਨੇ ਝੂਠੀ ਦੁਕਾਨਦਾਰੀ ਦਾ ਨਾਂ ਦਿੱਤਾ। ਇਹ ਸਮੁੱਚੀ ਸਿੱਖ ਲਹਿਰ ਤੇ ਹਮਲਾ ਸੀ। ਜੋ ਮੁਗਲ ਹਕੂਮਤ ਲਈ ਇਕ ਵੰਗਾਰ ਸੀ। ਗੁਰੂ ਜੀ ਜਾਣਦੇ ਸਨ ਕਿ ਜਿਸ ਰਾਹ 'ਤੇ ਉਹ ਚੱਲ ਰਹੇ ਹਨ, ਉਸਦੇ ਨਤੀਜੇ ਕੀ ਹੋਣਗੇ। ਇਸਲਾਮ ਛੱਡ ਕੇ ਹੋਰ ਧਰਮ ਅਪਣਾਉਣ ਵਾਲੇ ਲਈ ਮੌਤ ਦੀ ਸਜ਼ਾ ਸੀ। ਪਰ ਗੁਰੂ ਜੀ ਨਾ ਤਾਂ ਆਪਣੀ ਵਿਚਾਰਧਾਰਾ ਬਦਲਣ ਅਤੇ ਗੁਰੂ ਮਰਿਆਦਾ ਦਾ ਰਾਹ ਛੱਡਣ ਲਈ ਤਿਆਰ ਹੋਏ। ਸਮਰੱਥ ਗੁਰੂ ਆਉਣ ਵਾਲੇ ਨਤੀਜਿਆਂ ਤੋਂ ਵਾਕਫ ਸਨ, ਜਿਸ ਨਾਲ ਕੌਮ ਨੇ



ਜੁਲਮ ਦੇ ਖਿਲਾਫ ਤਿਆਰ ਹੋਣਾ ਸੀ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖਾਂ ਦੀ ਗਿਣਤੀ ਬੜੀ ਤੇਜ਼ੀ ਨਾਲ ਵਧਦੀ ਗਈ। ਜਦੋਂ ਗੁਰੂ ਅਰਜਨ ਦੇਵ ਜੀ ਨੂੰ ਬਾਣੀ ਬਦਲ ਦੇਣ ਲਈ ਕਿਹਾ ਤਾਂ ਉਹਨਾਂ ਨੇ ਪੁਰਜ਼ੋਰ ਨਾਂਹ ਕਰ ਦਿੱਤੀ। ਜਹਾਂਗੀਰ ਗੁਰੂ ਜੀ ਨੂੰ ਮੁਸਲਮਾਨ ਮੱਤ ਵਿਚ ਲਿਆਉਣਾ ਚਾਹੁੰਦਾ ਸੀ। ਤਾਂ ਜੋ ਗੁਰੂ ਜੀ ਦੇ ਪੈਰੋਕਾਰ ਵੀ ਮੁਸਲਮਾਨ ਬਣ ਜਾਣ। ਜਦੋਂ ਗੁਰੂ ਜੀ ਨੇ ਇਯਲਾਮ ਨਾ ਕਬੂਲਿਆ ਤਾਂ ਜਹਾਂਗੀਰ ਨੇ ਸਜ਼ਾ ਸੁਣਾ ਦਿੱਤੀ। ਪਰ ਗੁਰੂ ਜੀ ਜ਼ਰਾ ਵੀ ਨਾ ਡੋਲੇ। ਗੁਰੂ ਜੀ ਜੁਰਮਾਨਾ ਅਦਾ ਕਰਕੇ ਬਚ ਸਕਦੇ ਸਨ ਜੋ ਮੌਤ ਦੀ ਸਜ਼ਾ ਤੇ ਲਾਇਆ ਗਿਆ ਸੀ। ਗੁਰੂ ਜੀ ਨੇ ਕਿਹਾ ਕਿ ਤੈਨੂੰ ਧੰਨ ਕਿਸੇ ਕੀਮਤ 'ਤੇ ਨਹੀਂ ਦੇ ਸਕਦਾ। ਮੈਂ ਉਸ ਅਕਾਲ ਪੁਰਖ ਨੂੰ ਮੰਨਦਾ ਹਾਂ, ਮੈਂ ਕਿਸੇ ਦੁਨਿਆਵੀ ਬਾਦਸ਼ਾਹ ਨੂੰ ਨਹੀਂ ਮੰਨਦਾ। ਇਸ ਨਾਲ ਸਿੱਖ ਲਹਿਰ ਦੀ ਹਕੂਮਤ ਵਿਰੁੱਧ ਸਿੱਧੀ ਟੱਕਰ ਹੋ ਗਈ। ਗੁਰੂ ਜੀ ਨੇ ਖੁਸਰੋ ਜੋ ਰਾਜ ਸਤਾ ਪ੍ਰਾਪਤ ਕਰਨਾ ਚਾਂਦਾ ਸੀ, ਜਿਸਨੇ ਜਹਾਂਗੀਰ ਦੇ ਖਿਲਾਫ ਬਗਾਵਤ ਕਰ ਦਿੱਤੀ ਸ। ਗੁਰੂ ਜੀ ਨੇ ਉਸਨੂੰ ਆਸ਼ੀਰਵਾਦ ਦਿੱਤਾ ਤੇ ਉਸਦੀ ਧੰਨ ਮਾਲ ਨਾਂਲ ਵੀ ਸਹਾਇਤਾ ਕੀਤੀ। ਇਹ ਸਿੱਧੀ ਸਿਆਸੀ ਵੰਗਾਰ ਸੀ। ਗੁਰੂ ਜੀ ਨੇ ਖੁਸਰੋ ਦੇ ਰਾਜ ਗੱਦੀ ਦੇ ਦਾਅਵੇ ਨੂੰ ਠੀਕ ਸਮਝਿਆ ਸੀ।

ਖੁਸਰੋ ਨੂੰ ਪਨਾਹ ਦੇਣ ਨਾਲ ਜੂਨ 1606 ਵਿਚ ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਦੇ ਰਾਜ ਨੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਇਸ ਜਗ੍ਹਾ 'ਤੇ ਗੁਰਦੁਆਰਾ ਡੇਰਾ ਸਾਹਿਬ ਪਾਕਿਸਤਾਨ ਵਿਚ ਸਥਾਪਤ ਹੈ। ਗੁਰ ਜੀ ਨੇ ਇਹ ਜਾਣ ਲਿਆ ਸੀ ਕਿ ਸਿੱਖ ਲਹਿਰ ਨੂੰ ਅੱਗੇ ਚਲਾਉਣ ਲਈ ਹਕੂਮਤਾਂ ਨਾਲ ਟੱਕਰ ਲੈਣੀ ਹੀ ਹੋਵੇਗੀ। ਲਾਹੌਰ ਜਾਣਤੋਂ ਪਹਿਲਾਂ ਸਮਰੱਥ ਗੁਰੂ ਜੀ ਨੇ ਜਾਣ ਲਿਆ ਸੀ ਕਿ ਸੱਚਖੰਡ ਜਾਣਦਾ ਵੇਲਾ ਆ ਗਿਆ ਹੈ। ਉਹਨਾਂ ਹਰਿਗੋਬਿੰਦ ਸਾਹਿਬ ਨੂੰ ਗੱਣੀ 'ਤੇ ਬੈਠਣ ਦਾ ਐਲਾਨ ਕਰ ਦਿੱਤਾ। ਉਹਨਾਂ ਮੀਆਂ ਮੀਰ ਨੂੰ ਕਿਹਾ ਕਿ ਉਹ ਤਸੀਹੇ ਕੌਮ ਲਈ ਮਿਸਾਲ ਪੈਦਾ ਕਰਨ ਲਈ ਜਾ ਰਹੇ ਹਨ। ਇਹ ਕੁਰਬਾਨੀ ਆਉਣ ਵਾਲੇ ਸਮੇਂ ਵਿਚ ਹਥਿਆਰਬੰਦ ਹੋਣ ਦੀ ਸ਼ੁਰੂਆਤ ਹੈ। ਉਹਨਾਂ ਨੇ ਹਰਿਗੋਬਿੰਦ ਜੀ ਨੂੰ ਚਿਤਾਵਨੀ ਦਿੱਤੀ ਕਿ ਤਖਤ 'ਤੇ ਹਥਿਆਰਬੰਦ ਹੋ ਕੇ ਬੈਠੋ ਅਤੇ ਵੱਧ ਤੋਂ ਵੱਧ ਫੌਜ ਰੱਖੋ।

ਇਸ ਤਰ੍ਹਾਂ ਗੁਰੂ ਜੀ ਸਿੱਖ ਧਰਮ ਨੂੰ ਸਿਖਰ 'ਤੇ ਪਹੁੰਚਾ ਕੇ ਸ਼ਹੀਦ ਹੋਏ। ਉਹਨਾਂ ਨੇ ਰੱਬ ਦੀ ਰਜ਼ਾ ਵਿਚ ਰੱਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ- ਤੇਰਾ ਕੀਆ ਮੀਠਾ ਲਾਗੈ। ਹਰਿ ਨਾਮੁ ਪਦਾਰਥ ਨਾਨਕ ਮਾਂਗੈ।। ਉਹਨਾਂ ਲੋਕ ਪੀੜਾਂ ਦੇ ਦਰਦ ਨੂੰ ਪਿੰਡੇ ਤੇ ਝੱਲਦਿਆਂ ਲਾਸਾਨੀ ਸ਼ਹਾਦਤ ਦਿੱਤੀ। ਗੁਰੂ ਜੀ ਨੇ 'ਜਉ ਤਉ ਪ੍ਰੇਮ ਖੇਲਣ ਦਾ ਚਾਊ।। ਸਿਰਿ ਧਰਿ ਤਲੀ ਗਲੀ ਮਰੀ ਆਊ।। ਦ੍ਰਿੜ੍ਹ ਕਰ ਵਿਖਾਇਆ ਕਿ ਜੋ ਕੁਝ ਵੀ ਹੋਵੇ ਸਹੋ, ਭਾਣਾ ਮੰਨੋ ਪਰ ਅਸੂਲ ਨਾ ਛੱਡੋ। ਸੱਚ ਨੂੰ ਹੱਥੋਂ ਨਾ ਜਾਣ ਦਿਓ, ਝੱਲੇ ਅਤੇ ਝੱਲ ਕੇ ਨਿੱਜ-ਤਾਣ ਵਧਾਓ ਅਤੇ ਜਾਲਮ ਅਤੇ ਜ਼ੁਲਮ ਦਾ ਨਾਸ਼ ਕਰੋ। ਜਿੱਲਤ ਦੀ ਜ਼ਿੰਦਗੀ ਨਾਲੋਂ ਮੌਤ ਨੂੰ ਉਚਾ ਸਮਝੋ।

ਗੁਰੂ ਜੀ ਨੇ ਸੰਗਤ ਨੂੰ ਉਪਦੇਸ਼ ਮਾਤਰ ਹੀ ਨਹੀਂ ਦੱਸਿਆ ਸਗੋਂ ਦੁੱਖ-ਭੀੜਾਂ ਕਸ਼ਟ ਆਪ ਸਹਿ ਸਹਿ ਕੇ ਸਿੱਖਿਆ ਦਿੱਤੀ ਹੈ।ਸਿੱਖ ਇਤਿਹਾਸ ਵਿਚ ਸ਼ਹੀਦਾਂ ਦੇ ਸਿਰਤਾਜ ਵਜੋਂ ਫਖਰ ਸਨਮਾਨ ਪ੍ਰਾਪਤ ਕੀਤਾ ਹੈ। ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਗੁਰਗੱਦੀ 'ਤੇ ਬੈਠਦਿਆਂ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਮੀਰੀ ਅਤੇ ਪੀਰੀ ਦੀਆਂ ਜੋ ਰਾਜਸੀ ਅਤੇ ਅਧਿਆਤਮਕ ਸ਼ਕਤੀਆਂ ਦਾ ਸੁਮੇਲ ਕਰ ਦਿਖਾਇਆ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਕੌਮ ਵਿਚ ਕੁਰਬਾਨੀ ਦਾ ਐਸਾ ਜਜ਼ਬਾ ਭਰਿਆ ਕਿ ਅਣਗਿਣਤ ਸ਼ਹੀਦਾਂ ਨੇ ਸਿੱਖੀ ਦੇ ਬੂਟੇ ਨੂੰ ਆਪਣੇ ਖੂਨ ਨਾਲ ਸਿੰਝ ਕੇ ਕੌਮ ਦੇ ਵਡਮੁੱਲੇ ਵਿਰਸੇ ਨੂੰ ਹੋਰ ਵੀ ਸ਼ਿੰਗਾਰਿਆ। ਇਹਨਾਂ ਸ਼ਹਾਦਤਾਂ ਨੇ ਜਾਲਮ ਹਕੂਮਤਾਂ ਦੇ ਥੰਮ ਹਿਲਾ ਦਿੱਤੇ। ਸਦੀਆਂ ਤੋਂ ਦੱਬੇ ਲੋਕਾਂ ਨੂੰ ਅਣਖ ਅਤੇ ਸਵੈਮਾਣ ਵਾਲਾ ਜੀਵਨ ਜੀਣ ਦੀ ਜਾਚ ਸਿਖਾਈ। ਸਮੂਹ ਸ਼ਹੀਦਾਂ ਦੀ ਕੁਰਬਾਨੀ ਨੂੰ ਕੌਮ ਦਾ ਪ੍ਰਣਾਮ ਹੈ।

# ਕੀ ਭਾਰਤ ਦੇਸ਼ 'ਚ ਇੱਕ ਦਲੀ ਸਰਕਾਰਾਂ ਦਾ ਅੰਤ ਹੋਏਗਾ?

**1984 ਅਤੇ 2014 ਦੇ ਵਿਚਕਾਰ ਹੋਈਆਂ ਚੋਣਾਂ ਵਿੱਚ ਕਿਸੇ ਇੱਕ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ ਅਤੇ ਸਾਰੀਆਂ ਸਰਕਾਰਾਂ ਗਠਬੰਧਨ ਜਾਂ ਬਾਹਰੋਂ ਸਮਰਥਨ ਨਾਲ ਬਣੀਆਂ। ਇਹਨਾ ਵਿਚੋਂ ਕੁਝ ਦੀ ਗਠਬੰਧਨ ਚੋਣਾਂ ਤੋਂ ਬਾਅਦ ਗਠਬੰਧਨ ਦੀ ਸ਼ਕਲ ਲਈ। ਕਈ ਵੱਡੇ ਰਾਜਾਂ ਵਿੱਚ ਜਿਆਦਾਤਰ ਗਠਬੰਧਨ ਸਰਕਾਰਾਂ ਬਣੀਆਂ। ਬਿਹਾਰ, ਉਤਰਪ੍ਰਦੇਸ਼, ਮਹਾਂਰਾਸ਼ਟਰ ਇਹਨਾਂ ਵਿਚੋਂ ਮੁੱਖ ਹਨ। ਭਾਜਪਾ ਨੇ ਦੇਸ਼ ਭਰ ਵਿੱਚ ਸਾਰੇ ਦਲਾਂ ਦੇ ਗਠਬੰਧਕਾਂ ਦੀ ਸੰਖਿਆ ਚਾਰ ਦਰਜਨ ਤੱਕ ਪਹੁੰਚੀ ਹੋਈ ਹੈ। ਹੁਣ ਵਿਰੋਧੀ ਦਲਾਂ 'ਚ ਜੋ ਗਠਬੰਧਨ ਉਭਰਦਾ ਦਿਸਦਾ ਹੈ ਅਤੇ ਜਿਸਦੀ ਪਹਿਲੀ ਝਲਕ ਸ਼ਰਦ ਯਾਦਵ ਦੇ ਸਾਂਝੀ ਵਿਰਾਸਤ ਸੰਮੇਲਨਾਂ ਵਿੱਚ ਅਤੇ ਫਿਰ ਕਰਨਾਟਕ ਵਿੱਚ ਐਚਡੀ ਕੁਮਾਰਸਵਾਮੀ ਦੇ ਸਹੁੰ ਚੁੱਕ ਸਮਾਗਮ ਵਿੱਚ ਦੇਖਣ ਨੂੰ ਮਿਲੀ, ਉਸ ਵਿੱਚ ਵੀ ਗਠਬੰਧਨ ਸਾਂਝੀਦਾਰਾਂ ਦੀ ਸੰਖਿਆ ਇਹੋ ਜਿਹੀ ਹੀ ਕੁਝ ਹੋਣ ਵਾਲੀ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

ਦੁਨੀਆਂ ਦੇ ਕਈ ਵੱਡੇ ਲੋਕਤੰਤਰ ਦੋ ਸਿਆਸੀ ਦਲਾਂ ਦੇ ਨਾਲ ਚੱਲਦੇ ਹਨ, ਪਰ ਭਾਰਤ ਵਿੱਚ 40 ਤੋਂ ਲੈ ਕੇ 50 ਸਿਆਸੀ ਦਲਾਂ ਦੇ ਗਠਬੰਧਨ ਕਿਉਂ ਬਣ ਰਹੇ ਹਨ?

ਕੇਂਦਰ ਵਿੱਚ ਕਿਸੇ ਇੱਕ ਸਿਆਸੀ ਪਾਰਟੀ ਨੇ ਇੱਕਲਿਆਂ ਚੋਣ ਲੜਕੇ ਆਖਰੀ ਵੇਰ 1984 'ਚ ਸਰਕਾਰ ਬਣਾਈ ਸੀ। ਉਸ ਸਾਲ ਇੰਦਰਾ ਗਾਂਧੀ ਦੀ ਹੱਤਿਆ ਹੋਈ ਸੀ, ਜਿਸਦੇ ਬਾਅਦ ਕਾਂਗਰਸ ਦੇ ਹੱਕ 'ਚ ਹਮਦਰਦੀ ਲਹਿਰ ਚੱਲੀ ਅਤੇ ਲੋਕ ਸਭਾ ਦੀਆਂ 414 ਸੀਟਾਂ ਕਾਂਗਰਸ ਦੀ ਝੋਲੀ ਪੈ ਗਈਆਂ। ਇਹ ਚੋਣ ਸਧਾਰਨ ਹਾਲਤਾਂ ਵਾਲੀ ਚੋਣ ਨਹੀਂ ਸੀ। ਇਸ ਲਈ ਇਹ ਕਿਹਾ ਨਹੀਂ ਜਾ ਸਕਦਾ ਕਿ ਇਸਦੇ ਨਤੀਜਿਆਂ ਤੋਂ ਕਿਸੇ ਖਾਸ ਟਰਿੰਡ ਦੀ ਪੁਸ਼ਟੀ ਹੁੰਦੀ ਹੈ। ਹਾਲਾਂਕਿ ਕਾਂਗਰਸ ਨੇ ਤਾਮਿਲਨਾਡੂ ਵਿੱਚ ਅਨਾਦਰਾਮਕ ਪਾਰਟੀ ਦੇ ਨਾਲ ਤਾਲਮੇਲ ਕਰਕੇ ਚੋਣ ਲੜੀ ਸੀ। ਦੇਸ਼ ਵਿੱਚ ਗਠਬੰਧਨ ਦੀ ਸ਼ੁਰੂਆਤ 1967 ਵਿੱਚ ਮੰਨੀ ਜਾਂਦੀ ਹੈ, ਜਦੋਂ ਸੱਤ ਰਾਜਾਂ ਵਿੱਚ ਗੈਰ-ਕਾਂਗਰਸੀ ਦਲਾਂ ਦੀਆਂ ਗਠਬੰਧਨ ਸਰਕਾਰਾਂ ਬਣੀਆਂ। ਕੇਂਦਰ ਵਿੱਚ ਗਠਬੰਧਨ ਦੀ ਪਹਿਲੀ ਸਰਕਾਰ 1977 ਵਿੱਚ ਬਣੀ। ਪਰ 1980 ਦੀਆਂ ਲੋਕ ਸਭਾ ਚੋਣਾਂ ਵਿੱਚ ਫਿਰ ਕਾਂਗਰਸ ਲਹਿਰ ਚੱਲੀ ਅਤੇ ਉਸੇ ਲੋਕ ਸਭਾ ਵਿੱਚ ਉਸਨੂੰ ਪੂਰਨ ਬਹੁਮਤ ਮਿਲਿਆ। ਸਾਲ 1967 ਅਤੇ 1977 ਦੇ ਗਠਬੰਧਨ ਦੇ ਤਜਰਬੇ ਅਸਥਾਈ ਸਾਬਤ ਹੋਏ। 1984 ਦੇ ਬਾਅਦ ਕੇਂਦਰ ਵਿੱਚ ਇਹੋ ਜਿਹੀ ਕੋਈ ਸਰਕਾਰ ਨਹੀਂ ਬਣੀ ਜਿਸਨੇ ਚੋਣ ਤੋਂ ਪਹਿਲਾਂ ਜਾਂ ਚੋਣਾਂ ਤੋਂ ਬਾਅਦ ਗਠਬੰਧਨ ਨਾ ਕੀਤਾ ਹੋਵੇ। ਇਹ ਕਿਹਾ ਜਾ ਸਕਦਾ ਹੈ ਕਿ ਦੇਸ਼ ਵਿੱਚ ਮਹਾਂਬਲੀ ਰਾਜਨੀਤਕ ਦਲ ਅਤੇ ਦਲਾਂ ਦੇ ਯੁੱਗ ਦਾ ਅੰਤ ਹੋ ਗਿਆ ਹੈ। 2014 ਵਿੱਚ ਹਾਲਾਂਕਿ ਭਾਜਪਾ ਦੇ ਲੋਕ ਸਭਾ ਮੈਂਬਰਾਂ ਦੀ ਸੰਖਿਆ 282 ਸੀ, ਜੋ ਬਹੁਮਤ ਤੋਂ ਜਿਆਦਾ ਸੀ, ਪਰ ਕਈ ਰਾਜਾਂ ਵਿੱਚ ਭਾਜਪਾ ਦੇ ਗਠਬੰਧਨ ਸਹਿਯੋਗੀ ਸਨ।

1984 ਅਤੇ 2014 ਦੇ ਵਿਚਕਾਰ ਹੋਈਆਂ ਚੋਣਾਂ ਵਿੱਚ ਕਿਸੇ ਇੱਕ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ ਅਤੇ ਸਾਰੀਆਂ ਸਰਕਾਰਾਂ ਗਠਬੰਧਨ ਜਾਂ ਬਾਹਰੋਂ ਸਮਰਥਨ ਨਾਲ ਬਣੀਆਂ। ਇਹਨਾ ਵਿਚੋਂ ਕੁਝ ਦੀ ਗਠਬੰਧਨ ਚੋਣਾਂ ਤੋਂ ਬਾਅਦ ਗਠਬੰਧਨ ਦੀ ਸ਼ਕਲ ਲਈ। ਕਈ ਵੱਡੇ ਰਾਜਾਂ ਵਿੱਚ ਜਿਆਦਾਤਰ ਗਠਬੰਧਨ ਸਰਕਾਰਾਂ ਬਣੀਆਂ। ਬਿਹਾਰ, ਉਤਰ-ਪ੍ਰਦੇਸ਼, ਮਹਾਂਰਾਸ਼ਟਰ ਇਹਨਾ ਵਿਚੋਂ ਮੁੱਖ ਹਨ। ਭਾਜਪਾ ਨੇ ਦੇਸ਼ ਭਰ ਵਿੱਚ ਸਾਰੇ ਦਲਾਂ ਦੇ ਗਠਬੰਧਕਾਂ ਦੀ ਸੰਖਿਆ ਚਾਰ ਦਰਜਨ ਤੱਕ ਪਹੁੰਚੀ ਹੋਈ ਹੈ। ਹੁਣ ਵਿਰੋਧੀ ਦਲਾਂ 'ਚ ਜੋ ਗਠਬੰਧਨ ਉਭਰਦਾ ਦਿਸਦਾ ਹੈ ਅਤੇ ਜਿਸਦੀ ਪਹਿਲੀ ਝਲਕ ਸ਼ਰਦ ਯਾਦਵ ਦੇ ਸਾਂਝੀ ਵਿਰਾਸਤ ਸੰਮੇਲਨਾਂ ਵਿੱਚ ਅਤੇ ਫਿਰ ਕਰਨਾਟਕ ਵਿੱਚ ਐਚਡੀ ਕੁਮਾਰਸਵਾਮੀ ਦੇ ਸਹੁੰ ਚੁੱਕ ਸਮਾਗਮ ਵਿੱਚ ਦੇਖਣ ਨੂੰ ਮਿਲੀ, ਉਸ ਵਿੱਚ ਵੀ ਗਠਬੰਧਨ ਸਾਂਝੀਦਾਰਾਂ ਦੀ ਸੰਖਿਆ ਇਹੋ ਜਿਹੀ ਹੀ ਕੁਝ ਹੋਣ ਵਾਲੀ ਹੈ। ਬੰਗਲੌਰ ਵਿੱਚ ਸਹੁੰ ਚੁੱਕ ਸਮਾਗਮ ਲਈ ਜੋ ਮੰਚ ਸਜਿਆ ਉਹ ਬਹੁਤ ਵੱਡਾ ਸੀ, ਲੇਕਿਨ ਇਤਨਾ ਵੱਡਾ ਵੀ ਨਹੀਂ ਸੀ ਕਿ ਉਸ ਵਿੱਚ ਸ਼ਾਮਲ ਸਾਰੇ ਦਲਾਂ ਦੇ ਨੇਤਾ ਇਕੋ ਵੇਰ ਖੜੇ ਹੋਕੇ ਫੋਟੋ ਖਿਚਵਾ ਸਕਣ। ਭਾਰਤ ਵਿੱਚ ਦਲਾਂ ਦੀ ਇੰਨੀ ਵੱਡੀ ਸੰਖਿਆ ਨੂੰ ਕਿਵੇਂ ਦੇਖਿਆ ਜਾਵੇ? ਦੋ ਜਾਂ ਤਿੰਨ ਦਲ ਦੇਸ਼ ਵਿੱਚ ਸਾਰੇ ਲੋਕਾਂ ਦੀਆਂ ਇੱਛਾਵਾਂ ਅਤੇ ਸੁਫਨਿਆਂ ਨੂੰ ਪੂਰਾ ਕਰਨ ਅਤੇ ਉਹਨਾ ਦੀ ਅਗਵਾਈ ਕਰਨ ਦੇ ਸਮਰੱਥ ਨਹੀਂ ਹਨ। ਦੇਸ਼ ਵਿੱਚ ਰਾਜਨੀਤਕ ਦਲਾਂ ਦੀ ਵੱਧੀ ਗਿਣਤੀ ਅਤੇ ਗਠਬੰਧਨਾਂ ਦੇ ਸਹਾਰੇ ਸਰਕਾਰਾਂ ਬਨਾਉਣ ਦੀ ਇੱਕ ਵਿਆਖਿਆ ਇਹ ਹੈ ਕਿ ਇਹ ਦਲ ਸਵਾਰਥੀ ਹਨ ਅਤੇ ਸਵਾਰਥ ਦੇ ਕਾਰਨ ਹੀ ਦਲਾਂ ਵਿੱਚ ਟੁੱਟ-ਭੱਜ ਹੋਕੇ ਬਹੁਤ ਸਾਰੇ ਦਲ ਬਣ ਗਏ ਹਨ। ਇਹ ਸੋਚਣ ਵਾਲੇ ਇਹ ਵੀ ਜਾਣਦੇ ਹਨ ਕਿ ਇਹਨਾ ਬੇਸ਼ੁਮਾਰ ਦਲਾਂ ਦੇ ਕਾਰਨ ਭਾਰਤੀ ਰਾਜਨੀਤੀ 'ਚ ਅਸਥਿਰਤਾ ਰਹਿੰਦੀ ਹੈ ਅਤੇ ਦੇਸ਼ ਦੇ ਵਿਕਾਸ 'ਚ ਰੁਕਾਵਟ ਆਉਂਦੀ ਹੈ।

ਪਰ ਇਸ ਵਿਆਖਿਆ ਦਾ ਕੋਈ ਸਹੀ ਅਧਾਰ ਨਹੀਂ ਹੈ। ਸਿਆਸੀ ਦਲਾਂ ਦਾ ਸਵਾਰਥੀ ਹੋਣਾ ਅਤੇ ਸੱਤਾ ਪ੍ਰਾਪਤੀ ਦੀ ਕੋਸ਼ਿਸ਼ ਕਰਨਾ ਕੋਈ ਸਿਰਫ ਭਾਰਤੀ ਘਟਨਾ ਨਹੀਂ ਹੈ। ਨਾ ਹੀ ਇਸ ਗੱਲ ਦੇ ਸਬੂਤ ਹਨ ਕਿ ਗਠਬੰਧਨ ਸ਼ਾਸ਼ਨ ਵਿੱਚ ਵਿਕਾਸ ਦਰ 'ਚ ਕਮੀ ਹੁੰਦੀ ਹੈ। ਭਾਰਤ ਨੇ ਸਭ ਤੋਂ ਤੇਜ਼ ਵਿਕਾਸ ਦਰ ਨਰਸਿਮਹਾਰਾਓ ਅਤੇ ਫਿਰ ਮਨਮੋਹਨ ਸਿੰਘ ਦੀ ਦੋ ਸਰਕਾਰਾਂ ਦੇ ਦੌਰ ਵਿੱਚ ਹਾਸਲ ਕੀਤੀ ਅਤੇ ਇਹਨਾ ਤਿੰਨ ਸਰਕਾਰਾਂ ਸਮੇਂ ਗਠਬੰਧਨ ਸਰਕਾਰਾਂ ਸਨ।

ਇਹ ਜਾਪਦਾ ਹੈ ਕਿ ਦੇਸ਼ ਵਿੱਚ ਬਹੁਦਲੀ ਲੋਕਤੰਤਰ ਭਾਰਤੀ ਵਿਵਧਤਾ ਦੇ ਸ਼ੀਸ਼ੇ ਵਿੱਚ ਦਿਖ ਰਿਹਾ ਚਿਹਰਾ ਮਾਤਰ ਹੈ। ਦੇਸ਼ ਦਾ ਸਮਾਜ ਧਰਮ, ਜਾਤੀ ਭਾਸ਼ਾ ਅਤੇ ਭੁਗੋਲ ਦੇ ਅਧਾਰ ਤੇ ਵੰਡਿਆ ਹੋਇਆ ਹੈ। ਇਹ ਵੰਡ ਬੇਹੱਦ ਪੁਰਾਣੀ ਅਤੇ ਕਾਫੀ ਹੱਦ ਤੱਕ ਸਥਾਈ ਢੰਗ ਤਰੀਕਿਆਂ ਦੀ ਹੈ। ਭਾਰਤੀ ਨਾਗਰਿਕ ਹੁਣ ਵੀ ਸਮਾਜ ਦਾ ਮੈਂਬਰ ਹੋਣ ਤੋਂ ਜਿਆਦਾ ਕਿਸੇ ਸੁਮਦਾਏ ਦੇ ਮੈਂਬਰ ਹਨ। ਦੇਸ਼ ਵਿੱਚ ਸੁਮਦਾਇਆਂ ਦੀ ਸੰਖਿਆ ਵਿਸ਼ਾਲ ਹੈ। ਅਤੇ ਉਹ ਜਾਤ, ਧਰਮ, ਭਾਸ਼ਾ, ਵਰਗ ਸਮੇਤ ਕਈ ਅਧਾਰਾਂ ਵਿੱਚ ਸੰਗਿਠਤ ਹਨ। ਇੰਨੀਆ ਸਾਰੀਆਂ ਇੱਛਾਵਾਂ ਅਤੇ ਸਮੁਦਾਇਕ ਪਛਾਣ ਨੂੰ ਸਮੇਟਣਾ ਇੱਕ ਜਾਂ ਦੋ ਦਲਾਂ ਦੇ ਲਈ ਸੰਭਵ ਨਹੀਂ ਹੋ ਪਾਇਆ। ਇਹਨਾ ਸੀਮਾਵਾਂ ਨੂੰ ਕਾਂਗਰਸ ਹੀ ਕੁਝ ਹੱਦ ਤੱਕ ਸਮੇਟ ਸਕੀ ਸੀ। ਪਰ ਉਹ ਅਜ਼ਾਦੀ ਦੇ ਪਹਿਲਾਂ ਅਤੇ ਬਾਅਦ ਦੀ ਕਾਂਗਰਸ ਸੀ। ਆਜ਼ਾਦੀ ਦੇ 30 ਸਾਲ ਦੇ ਅੰਦਰ ਸਭ ਨੂੰ ਸਮੇਟਕੇ ਬਣਾਇਆ ਗਿਆ ਉਸਦਾ ਮਹਿਲ ਢਹਿਣ ਲੱਗਾ। ਹੁਣ ਤਾਂ ਕਾਂਗਰਸ ਆਪਣੇ ਪੁਰਾਣੇ ਦਿਨਾਂ ਦੀ ਛਾਇਆ ਮਾਤਰ ਹੈ। ਭਾਜਪਾ ਦਾ ਤੇਜ਼ੀ ਨਾਲ ਵਿਸਥਾਰ ਹੋਇਆ ਹੈ, ਪਰ ਉਸਨੂੰ ਵੀ ਹਾਲੇ ਤੱਕ ਸਹੀ ਅਰਥਾਂ 'ਚ ਅਖਿਲ ਭਾਰਤੀਅਤਾ ਨਹੀਂ ਮਿਲੀ ਹੈ। 2014 ਦੀਆਂ ਲੋਕ ਸਭਾ ਚੋਣਾਂ ਵਿੱਚ ਉਸਨੂੰ ਦੇਸ਼ ਵਿੱਚ ਮਿਲੀਆਂ ਕੁਲ ਵੋਟਾਂ ਦਾ ਇਕੱਤੀ ਪ੍ਰਤੀਸ਼ਤ ਹੀ ਮਿਲਿਆ। ਦੱਖਣ ਦੇ ਪੰਜ ਵੱਡੇ ਰਾਜਾਂ ਦੀਆਂ ਸਰਕਾਰਾਂ ਵਿੱਚ ਉਹ ਸ਼ਾਮਲ ਨਹੀਂ ਹੈ। ਕਈ ਰਾਜਾਂ ਵਿੱਚ ਉਹ ਜੂਨੀਅਰ ਪਾਰਟਨਰ ਹੈ। ਖੱਬੇ ਪੱਖੀ ਦਲਾਂ ਦਾ ਕਦੇ ਪੂਰੇ ਦੇਸ਼ ਵਿੱਚ ਢਾਂਚਾ ਹੋਇਆ ਕਰਦਾ ਸੀ। ਪਰ ਹੁਣ ਉਹ ਪੁਰਾਣੇ ਸਮਿਆਂ ਦੀ ਗੱਲ ਹੈ। ਸਮਾਜਵਾਦੀ-ਲੋਹੀਆਵਾਦੀ ਦਲਾਂ ਦਾ ਵੀ ਖਾਸ ਰਾਜਾਂ ਅਤੇ ਸੀਮਤ ਇਲਾਕਿਆਂ ਵਿੱਚ ਹੀ ਅਸਰ ਹੈ।

ਪਰ ਇਹ ਇੰਨਾ ਸੀਮਤ ਹੈ ਕਿ ਲੋਕ ਸਭਾ ਦੀਆਂ ਸੀਟਾਂ ਵਿੱਚ ਅਕਸਰ ਤਬਦੀਲ ਨਹੀਂ ਹੁੰਦਾ।

ਪਰ ਇਹੀ ਦਲ ਆਪਣੇ ਪ੍ਰਭਾਵ ਵਾਲੇ ਇਲਾਕਿਆਂ 'ਚ ਹੋਰ ਦਲਾਂ ਵਿੱਚ ਅਗਰ ਮਿਲ ਜਾਂਦੇ ਹਨ ਜਾਂ ਕੋਈ ਰਾਸ਼ਟਰੀ ਦਲ ਉਹਨਾ ਨੂੰ ਜੋੜ ਲੈਂਦਾ ਹੈ, ਤਾਂ ਜਿੱਤਣ ਜੋਗੀ ਸਮੀਕਰਣ ਬਣ ਜਾਂਦੀ ਹੈ। ਇਹੀ ਗੱਲ 2019 ਵਿੱਚ ਦੁਹਰਾਈ ਜਾਏ ਤਾਂ ਹੈਰਾਨੀ ਨਹੀਂ ਹੋਣੀ ਚਾਹੀਦੀ। 2019 ਦੀ ਰਾਜਨੀਤੀ ਇਹਨਾ ਦਲਾਂ ਦੇ ਟੁਟਣ-ਜੁੜਨ ਅਤੇ ਕਿਸੇ ਦਲ ਦੇ ਗਠਬੰਧਨ ਬਨਾਉਣ ਦੀ ਸਮਰੱਥਾ ਨਾਲ ਨਿਰਧਾਰਤ ਹੋਏਗੀ। ਜੋ ਬੇਹਤਰ ਗਠਬੰਧਨ ਬਣ ਸਕੇਗਾ, ਉਸਨੂੰ ਹੀ ਸ਼ਾਇਦ ਅਸੀਂ 2019 ਵਿੱਚ ਜਿੱਤਿਆ ਦੇਖ ਸਕਾਂਗੇ।

**ਮੂਲ ਲੇਖਕ:- ਦਲੀਪ ਮੰਡਲ**
**ਅਨੁਵਾਦ:- ਗੁਰਮੀਤ ਪਲਾਹੀ**

# ਸਰਬ ਭਾਰਤੀ ਨਿਆਂਇਕ ਸੇਵਾ ਸਮੇਂ ਦੀ ਲੋੜ



ਐਸ. ਆਰ. ਲੱਧੜ
ਆਈ. ਏ. ਐਸ.
91-94175-00810

ਸਾਡੇ ਦੇਸ਼ ਵਿਚ ਇਹ ਕਹਾਵਤ 'ਜਿਸ ਦੀ ਲਾਠੀ ਉਸ ਦੀ ਮੱਝ' ਉਦੋਂ ਹੋਂਦ ਵਿਚ ਆਈ ਜਦੋਂ ਮੱਧਕਾਲਵਿਚ ਅਰਾਜਕਤਾ ਸਿਖਰਾਂ 'ਤੇ ਸੀ, ਹਿੱਕ ਦੇ ਜੋਰ ਨਾਲ ਰਾਜ ਬਦਲਦੇ ਸਨ ਅਤੇ ਬਾਹਰਲੇ ਹਮਲਿਆਂ ਦਾ ਅਸਰ ਅਜਿਹਾ ਸੀ ਕਿ ਇਹ ਕਹਾਵਤ ਵੀ ਪੰਜਾਬ ਵਿਚ ਪ੍ਰਚੱਲਿਤ ਹੋ ਗਈ 'ਖਾਧਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ'। ਅੰਗਰੇਜ਼ਾਂ ਦੇ ਆਉਣ ਨਾਲ ਪੂਰਾ ਭਾਰਤ ਇਕ ਝੰਡੇ ਥੱਲੇ ਇਕ ਦੇਸ਼ ਦਾ ਗੁਲਾਮ ਬਣ ਕੇ ਰਹਿ ਗਿਆ। ਜਿੱਥੇ ਅੰਗਰੇਜ਼ਾਂ ਨੇ ਭਾਰਤ ਨੂੰ ਰੱਜ ਕੇ ਲੁੱਟਿਆ, ਉਥੇ ਹੀ ਕਈ ਸੰਸਥਾਵਾਂ ਅਜਿਹੀਆਂ ਵੀ ਦਿੱਤੀਆਂ, ਜਿਹਨਾਂ ਦੀ ਬਦੌਲਤ ਭਾਰਤ ਅੱਜ ਇਕਸਾਰਤਾ ਨਾਲ ਵਿੱਚਰ ਰਿਹਾ ਹੈ ਅਤੇ ਹੌਲੀ-ਹੌਲੀ ਤਰੱਕੀ ਦੀਆਂ ਪੌੜੀਆਂ ਚੜ੍ਹ ਰਿਹਾ ਹੈ।

ਭਾਰਤ ਦਾ ਮੌਜੂਦਾ ਜੂਡੀਸ਼ੀਅਲ ਸਰਵਿਸ ਸਿਸਟਮ ਪੂਰੇ ਦਾ ਪੂਰਾ ਅੰਗਰੇਜ਼ਾਂ ਦੀ ਦੇਣ ਹੈ। ਭਾਰਤ ਦੇ ਸੰਵਿਧਾਨ ਦੇ ਨਿਰਮਾਤਾ ਡਾ. ਅੰਬੇਡਕਰ ਖੁਦ ਉਚ ਕੋਟੀ ਦੇ ਵਕੀਲ ਸਨ ਅਤੇ ਅੰਗਰੇਜ਼ੀ ਨਿਆਂ ਸਿਸਟਮ ਨੂੰ ਆਜ਼ਾਦ ਭਾਰਤ ਵਿਚ ਹੋਰ ਤਰਕਸੰਗਤ ਕਰਨ ਲਈ ਉਹਨਾਂ ਸੰਵਿਧਾਨ ਰਾਹੀਂ ਭਾਰਤੀ ਅਦਾਲਤਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਿਆਸੀ ਦਖਲਅੰਦਾਜ਼ੀ ਤੋਂ ਮੁਕਤ ਰੱਖਣ ਲਈ ਭਾਰਤੀ ਸੰਵਿਧਾਨ ਵਿਚ ਵਿਵਸਥਾਵਾਂ ਕਰ ਦਿੱਤੀਆਂ। ਸਮਾਂ ਵਿਚਰਨ ਦੇ ਨਾਲ ਨਿਆਂ ਪ੍ਰਣਾਲੀ ਬਿਹਤਰ ਹੋਣ ਦੀ ਬਜਾਏ ਕਈ ਤਰ੍ਹਾਂ ਦੇ ਵਿਵਾਦਾਂ ਦਾ ਸ਼ਿਕਾਰ ਹੋ ਗਈ ਜਾਪਦੀ ਹੈ। ਕਈ ਤਰ੍ਹਾਂ ਦੀਆਂ ਆਲੋਚਨਾਵਾਂ ਸੁਣਨ ਨੂੰ ਮਿਲਦੀਆਂਹਨ। ਪਹਿਲਾਂ ਇਹ ਦੱਬੀ ਜ਼ੁਬਾਨ ਵਿਚ ਸੁਣੀਂਦੀਆਂ ਸਨ ਪਰ ਅੱਜਕਲ੍ਹ ਇਹ ਮੀਡੀਆ ਦੀਆਂ ਸੁਰਖੀਆਂ ਵੀ ਬਣਦੀਆਂ ਵੇਖੀਆਂ ਗਈਆਂ ਹਨ। ਅਦਾਲਤਾਂ ਅੱਜ ਵੀ ਹਰ ਭਾਰਤੀ ਦਾ ਆਖਰੀ ਸਹਾਰਾ ਹਨ। ਕਈ ਵਾਰ ਸੁਣਨ ਵਿਚ ਆਉਂਦਾ ਹੈ ਕਿ ਮੈਂ ਤੈਨੂੰ ਹੁਣ ਅਦਾਲਤ ਵਿਚ ਹੀ ਵੇਖਾਂਗਾ। ਜਦੋਂ ਰਾਜਨੇਤਾ, ਸਰਕਾਰੀ ਅਫਸਰਾਂ ਅਤੇ ਪੁਲਿਸ ਆਦਿ ਤੋਂ ਆਮ ਆਦਮੀ ਨਿਰਾਸ਼ ਹੋ ਜਾਂਦਾਹੈ ਤਾਂ ਉਸ ਦੀ ਟੇਕ ਸਿਰਫ ਅਦਾਲਤ 'ਤੇ ਰਹਿ ਜਾਂਦੀ ਹੈ। ਹੇਠਲੀਆਂ ਅਦਾਲਤਾਂ 'ਤੇ ਕੇਸਾਂ ਦਾ ਬੋਝ ਇੰਨਾ ਹੈ ਕਿ ਛੇਤੀ-ਛੇਤੀ ਕੇਸਾਂ ਦਾ ਫੈਸਲਾ ਸੰਭਵ ਨਹੀਂ ਹੋ ਪਾਉਂਦਾ। ਫਿਰ ਨੋਟਿਸ ਅਤੇ ਉਸ ਦੀ ਤਾਮੀਲ ਆਪਣੇ-ਆਪ ਵਿਚ ਇਕ ਗੰਭੀਰ ਮਸਲਾਹੈ। ਪਹਿਲਾਂ ਨੋਟਿਸ ਡਾਕ ਰਾਹੀਂ ਜਾਂਦਾ ਹੈ ਜਾਂ ਕੋਰਟ ਦਾ ਪਿਆਦਾ ਲੈ ਕੇ ਜਾਂਦਾ ਹੈ। ਫਿਰ ਰਜਿਸਟਰਡ ਪੋਸਟ ਰਾਹੀਂ ਭੇਜਿਆ ਜਾਂਦਾ ਹੈ। ਜੇਕਰ ਫਿਰ ਵੀ ਦੂਸਰੀ ਧਿਰਨਾਆਵੇ ਤਾਂ ਫਿਰ ਮੁਸਤਰੀ ਮੁਨਾਦੀ ਕਰਵਾਈ ਜਾਂਦੀ ਹੈ ਤੇ ਅਖੀਰ ਵਿਚ ਅਖਬਾਰਾਂ ਵਿਚ ਇਸ਼ਤਿਹਾਰ ਦਿੱਤੇ ਜਾਂਦੇ ਹਨ ਤਾਂ ਕਿ ਕੋਈ ਵੀ ਵਿਅਕਤੀ ਅਣਸੁਣਿਆ ਨਾਰਹਿ ਜਾਵੇ ਅਤੇ ਕਿਸੇ ਨੂੰ ਗੈਰ-ਮੌਜੂਦਗੀ ਵਿਚ ਬਿਨਾਂ ਸੁਣਵਾਈ ਬੇਇਨਸਾਫੀ ਸਹਿਣੀ ਨਾ ਪੈ ਜਾਵੇ।

ਇਸ ਪਾਰਦਰਸ਼ੀ ਪ੍ਰਕਿਰਿਆ ਦੇ ਬਾਵਜੂਦ ਕਈਲੋਕ ਕਈ ਤਰੀਕੇ ਕੱਢ ਲੈਂਦੇ ਹਨ, ਜਿਸ ਕਾਰਨ ਨੋਟਿਸ ਦੂਸਰੀ ਧਿਰ ਤੱਕ ਪਹੁੰਚੇ ਹੀ ਨਾ। ਜੱਜ ਦੇ ਦਫਤਰਾਂ ਵਿਚ ਮਿਲੀਭੁਗਤ, ਡਾਕ ਵਿਭਾਗ ਦੇ ਕਰਮਚਾਰੀਆਂ ਨਾਲ ਮਿਲੀਭੁਗਤ, ਪਿੰਡ, ਗਲੀ, ਮੁਹੱਲੇ ਦੇ ਚੌਕੀਦਾਰ ਤੋਂ ਫਰਜ਼ੀ ਮੁਨਾਦੀ ਅਤੇ ਅਖਬਾਰਾਂ ਵਿਚ ਫਰਜ਼ੀ ਇਸ਼ਤਿਹਾਰ ਜਿਵੇਂ ਕਿ ਉਸ ਅਖਬਾਰ ਵਿਚ ਇਸ਼ਤਿਹਾਰ ਦੇਣਾ ਜਿਸ ਦੇ ਨਾਂ ਬਾਰੇ ਵੀ ਲੋਕਾਂ ਨੂੰ ਪਤਾ ਨਾਂ ਹੋਵੇ ਆਦਿ ਹੀਲੇ-ਵਸੀਲੇ ਅਕਸਰ ਕੀਤੇ ਜਾਂਦੇ ਹਨ। ਇਸ ਸਭ ਦੇ ਬਾਵਜੂਦ ਅਦਾਲਤ ਵੱਲੋਂ ਜ਼ੋਰ ਲਾਇਆ ਜਾਂਦਾ ਹੈ ਕਿ ਛੇਤੀ ਤੋਂ ਛੇਤੀ ਕੇਸ ਦਾ ਨਿਪਟਾਰਾ ਹੋ ਜਾਵੇ। ਕਏ. ਵਾਰ ਵਕੀਲ ਹੀ ਕੇਸ ਨੂੰ ਸਿਰੇ ਨਹੀ ਲੱਗਣ ਦਿੰਦੇ ਕਿਉਂਕਿ ਉਸ ਕੇਸ ਦਾ ਫੈਸਲਾ ਹੋ ਜਾਣਾ ਉਹਨਾਂ ਕਈ ਕਾਰਨਾਂ ਕਰਕੇ ਸੁਖਾਂਦਾ ਨਹੀਂ। ਖੈਰ! ਆਮ ਆਦਮੀ ਦੀ ਟੇਕ ਜ਼ਿਲ੍ਹਾ ਅਦਾਲਤਾਂ ਤੋਂ ਉਪਰ ਹਾਈ ਕੋਰਟ ਜਾਂ ਸੁਪਰੀਮ ਕੋਰਟ ਤੱਕ ਰਹਿੰਦੀ ਹੈ। ਆਮ ਆਦਮੀ ਇਸ ਆਸ 'ਤੇ ਜਿਉਂਦਾ ਰਹਿੰਦਾ ਹੈ ਕਿ ਹਾਲੇ ਦੋ ਉਚ ਅਦਾਲਤਾਂ ਹੋਰ ਪਈਆਂ ਹਨ। ਜੇਕਰ ਇਨਸਾਫ ਨਾ ਮਿਲਿਆ ਤਾਂ ਰਸਤਾ ਅਜੇ ਬੰਦ ਨਹੀਂ ਹੋਇਆ। ਅਪੀਲ ਕੀਤੀ ਜਾਵੇਗੀ। ਜੱਜਾਂ ਨੂੰ ਵਕੀਲ 'ਮਾਈ ਲਾਰਡ' ਕਹਿ ਕੇ ਸੰਬੋਧਨ ਕਰਦੇ ਹਨ, ਭਾਵ ਕਿ ਤੁਸੀਂ ਭਗਵਾਨ ਹੋ, ਈਸ਼ਵਰ ਹੋ, ਅੱਲਾ ਹੋ, ਵਾਹਿਗੁਰੂ ਹੋ ਅਤੇ ਸਾਡੀ ਜ਼ਿੰਦਗੀ ਦੀ ਡੋਰ ਹੁਣ ਤੁਹਾਡੇ ਹੱਥ ਵਿਚ ਹੈ। ਭਾਵੇਂ ਕਈ ਵਾਰ ਸੁਣਨ ਵਿਚ ਆਇਆ ਹੈ ਕਿ ਉਚ ਅਦਾਲਤਾਂ ਨੇ ਅਜਿਹੇ ਸੰਬੋਧਨ ਲਈ ਵਕੀਲਾਂ ਨੂੰ ਮਨਾ ਵੀ ਕੀਤਾ ਹੈ ਪਰ ਚਾਪਲੂਸੀ ਲਈ ਜਾਂ ਜੱਜ ਸਾਹਿਬ ਨੂੰ ਖੁਸ਼ੀ ਕਰਨ ਲਈ ਵਕੀਲ ਜੱਜਾਂ ਨੂੰ 'ਮਾਈ ਲਾਰਡ' ਕਹਿੰਦੇ ਨਹੀਂ ਥੱਕਦੇ। ਕਈ ਵਾਰ ਤਾਂ 'ਪਲੀਜ਼ ਮਾਈ 'ਰਡ' ਕਹਿੰਦੇ ਸੁਣੇ ਜਾਂਦੇ ਹਨ ਭਾਵੇਂ ਫੈਸਲਾ ਉਹਨਾਂ ਦੇ ਖਿਲਾਫ ਹੀ ਦੇ ਦਿੱਤਾ ਜਾਵੇ। ਅਦਾਲਤ ਦੀ ਇੱਜਤ ਕੀਤੀ ਜਾਣੀ ਵਾਜਬ ਹੈ ਪਰ ਇਹ ਦਿਲੋਂ ਹੋਣੀ ਚਾਹੀਦੀ ਹੈ ਨਾ ਕਿ ਕਿਸੇ ਭੈਅ ਜਾਂ ਹੋਰ ਕਾਰਨ ਕਰਕੇ।



ਭਾਰਤ ਦੀਆਂ ਉਚ ਅਦਾਲਤਾਂ ਅੱਜ ਦੁਨੀਆਂ ਵਿਚ ਹਾਸੇ-ਮਜ਼ਾਕ ਦਾ ਸਬੱਬ ਬਣੀਆਂ ਹੋਈਆਂ ਹਨ। ਇਸ ਵਾਸਤੇ ਕੌਣ ਜ਼ਿੰਮੇਵਾਰ ਹੈ? ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਜੱਜਾਂ ਖਿਲਾਫ ਰਿਸ਼ਵਤ ਦੇ ਦੋਸ਼, ਭਾਈ-ਭਤੀਜਾਵਾਦ ਨੂੰ ਹੱਲਾਸ਼ੇਰੀ ਦੇਣਾ, ਕਈ ਵਾਰ ਮੀਡੀਆ ਵਿਚ ਦੇਖਣ-ਸੁਣਨ ਨੂੰ ਮਿਲਦਾ ਹੈ। ਇਕ ਉਤਰ-ਪੂਰਬੀ ਰਾਜ ਦੇ ਮੁੱਖ ਮੰਤਰੀ ਵੱਲੋਂ ਸੁਪਰੀਮ ਕੋਰਟ ਦੇ ਜੱਜ ਨੂੰ ਖੁਦਕੁਸ਼ੀ ਲਈ ਜ਼ਿੰਮੇਵਾਰ ਠਹਿਰਾਉਣਾ, ਜਸਟਿਸ ਕਰਨਨ ਵੱਲੋਂ ਜੱਜਾਂ ਖਿਲਾਫ ਭ੍ਰਿਸ਼ਟਾਚਾਰ ਸਬੰਧੀ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖਣੀ, ਸੁਪਰੀਮ ਕੋਰਟ ਦੇ ਜੱਜਾਂ ਦਾ ਜੈਲਲਿਤਾ (ਤਾਮਿਲਨਾਡੂ ਦੀ ਸਾਬਕਾ ਮੁੱਖ ਮੰਤਰੀ) ਵਰਗੇ ਕੇਸਾਂ ਵਿਚ ਸਾਲ ਤੋਂ ਵੀ ਵੱਧ ਸਮੇਂ ਲਈ ਫੈਸਲਾ ਦੱਬ ਕੇ ਬੈਠੇ ਰਹਿਣਾ ਆਦਿ ਆਮ ਆਦਮੀ ਦੇ ਮਨ ਵਿਚ ਕਈ ਸਵਾਲ ਪੈਦਾ ਕਰਦਾ ਹੈ। ਭਾਰਤੀ ਸੰਵਿਧਾਨ ਵਿਚ ਬਹੁਤ ਸਾਫ ਲਿਖਿਆ ਹੈ ਕਿ ਕਾਨੂੰਨ ਬਣਾਉਣਾ ਵਿਧਾਨ ਸਭਾਵਾਂ ਅਤੇ ਸੰਸਦ ਦਾ ਕੰਮ ਹੈ। 20 ਮਾਰਚ 2018 ਨੂੰ ਸੁਪਰੀਮ ਕੋਰਟ ਨੇ ਇਕ ਐਕਟ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕਰਕੇ ਨਵਾਂ ਐਕਟ ਬਣਾ ਦਿੱਤਾ। ਕੀ ਸੁਪਰੀਮ ਕੋਰਟ ਕੋਲ ਕੋਈ ਅਜਿਹਾ ਅਧਿਕਾਰ ਹੈ? 2 ਅਪ੍ਰੈਲ 2018 ਨੂੰ ਦਲਿਤਾਂ ਦੇ ਭਾਰਤ ਬੰਦ ਵਿਚ ਜੋ ਗਿਆਰਾਂ ਮੌਤਾਂ ਹੋਈਆਂ, ਕੀ ਉਸ ਦੀ ਜ਼ਿੰਮੇਵਾਰੀ ਕੋਈ ਤਹਿ ਕਰੇਗਾ? ਕੀ ਸੁਪਰੀਮ ਕੋਰਟ ਨੇ ਇਯ ਘਟਨਾ ਦਾ ਨੋਟਿਸ ਲਿਆ ਹੈ? ਦਲਿਤਾਂ ਦੀ ਆਬਾਦੀ ਲੱਗਭੱਗ 26 ਕਰੋੜ ਹੈ। ਕੀ ਦਲਿਤਾਂ ਵਿਚ ਇਕ ਵੀ ਯੋਗ ਵਿਅਕਤੀ ਨਹੀਂ ਜੋ ਕਿਸੇ ਵੀ ਰਾਜ ਦੀ ਹਾਈ ਕੋਰਟ ਦਾ ਮੁੱਖ ਜੱਜ ਬਣਨ ਦੇ ਕਾਬਲ ਹੋਵੇ?

ਕੀ ਅਜਿਹਾ ਕੋਈ ਦਲਿਤ ਵਕੀਲ ਨਹੀ ਜੋ ਸਿੱਧਾ ਸੁਪਰੀਮ ਕੋਰਟ ਦਾ ਜੱਜ ਥਾਪਿਆ ਜਾ ਸਕੇ? ਜਦੋਂ 2010 ਵਿਚ ਜੀ. ਬਾਲਾਕ੍ਰਿਸ਼ਨਨ ਚੀਫ ਜਸਟਿਸ ਸੁਪਰੀਮ ਕੋਰਟ ਨੇ ਦਿਨਾਕਰਨ ਨੂੰ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕਰਨਾ ਚਾਹਿਆ ਤਾਂ ਯਾਰੇ ਮਾਣਯੋਗ ਜੱਜ ਉਸ ਦੇ ਮਗਰ ਹੱਥ ਧੋ ਕੇ ਪੈ ਗਏ। ਡਾ. ਅੰਬੇਡਕਰ ਨੇ ਇਕ ਵਾਰ ਮੋਹਨ ਦਾਸ ਕਰਮਚੰਦ ਗਾਂਧੀ ਨੂੰ ਭਰੇ ਮਨ ਨਾਲ ਉਲਾਂਭਾ ਦਿੱਤਾ ਸੀ ਕਿ 'ਮੈਂ ਉਸ ਦੇਸ਼ ਨੂੰ ਆਪਣਾ ਦੇਸ਼ ਕਿਵੇਂ ਕਹਾਂ ਜਿੱਥੇ ਮੇਰੇ ਸਮਾਜ ਨਾਲ ਭੈੜਾ ਵਿਵਹਾਰ ਕੀਤਾ ਜਾਂਦਾ ਹੈ? ਜਸਟਿਸ ਕਰਨਨ ਨੂੰ ਖੁੱਡੇ ਲਾਈਨ ਲਾਉਣ ਲਈ ਜਦੋਂ ਸੁਪਰੀਮ ਕੋਰਟ ਨੇ ਕੋਲਕਾਤਾ ਹਾਈ ਕੋਰਟ ਦੇ ਮੁੱਖ ਜੱਜ ਦੀਆਂ ਤਾਕਤਾਂ ਇਸਤੇਮਾਲ ਕਰਦਿਆਂ ਉਸ ਦਾ ਕੰਮ ਵਾਪਸ ਲੈ ਲਿਆ ਤਾਂ ਪੂਰੇ ਭਾਰਤ ਵਿਚ ਕਿਸੇ ਨੇ ਵੀ ਇਸ ਦਾ ਵਿਰੋਧ ਨਹੀ ਕੀਤਾ। 2014 ਵਿਚ ਭਾਰਤ ਸਰਕਾਰ ਨੇ ਆਲ ਇੰਡੀਆ ਜੂਡੀਸ਼ੀਅਲ ਕਮਿਸ਼ਨ ਬਣਾਉਣ ਲਈ ਐਕਟ ਪਾਸ ਕੀਤਾ ਤਾਂ ਸੁਪਰੀਮ ਕੋਰਟ ਨੇ ਉਸ ਨੂੰ ਜੂਡੀਸ਼ਰੀ ਦੀਆਜ਼ਾਦੀ 'ਤੇ ਹਮਲਾ ਕਰਾਰ ਦਿੱਤਾ ਅਤੇ ਰੱਦ ਕਰ ਦਿੱਤਾ। ਹੁਣ ਸਵਾਲ ਇਹ ਉਠਦਾ ਹੈ ਕਿ ਕੀ ਸੰਵਿਧਾਨ ਵਿਚ ਕਿਧਰੇ ਵੀ ਕੋਲੀਜੀਅਮ ਸਿਸਟਮ ਦੀ ਵਿਵਸਥਾ ਹੈ? ਕੀ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਵਿਅਕਤੀਆਂ ਨੂੰ ਹਾਈ ਕੋਰਟ ਜਾਂ ਸੁਪਰੀਮ ਕੋਰਟ ਦੇ ਜੱਜਾਂ ਦੇ ਅਹੁਦਿਆਂ 'ਤੇ ਬੈਠਣਲਈ ਕਦੇ ਜਗ੍ਹਾ ਮਿਲੇਗੀ? ਕੀ ਪੱਛੜੇ ਵਰਗ ਦੇ ਵਿਅਕਤੀ ਇਨ੍ਹਾਂ ਅਹੁਦਿਆਂ 'ਤੇ ਬਿਰਾਜਮਾਨਹੋ ਸਕਣਗੇ? ਕੀ ਸੰਵਿਧਾਨ ਦੇ ਆਰਟੀਕਲ 36 ਦੀ ਪਾਲਣਾ ਹੋ ਸਕੇਗੀ?

ਕੀ ਭਾਰਤੀ ਸੰਵਿਧਾਨ ਨੂੰ ਲਾਗੂ ਨਾ ਕਰਕੇ ਅਸੀਂ ਸੰਵਿਧਾਨ ਦਾ ਮਖੌਲ ਤਾਂ ਨਹੀਂ ਉਡਾ ਰਹੇ? ਜੇਕਰ ਇਹਨਾਂ ਸਵਾਲਾਂ ਦਾ ਉਤਰ ਸਾਡੇ ਕੋਲ ਨਹੀਂ ਤਾਂ ਆਓ ਰਲ-ਬੈਠ ਕੇ ਇਹਨਾਂ ਦਾ ਉਤਰ ਲੱਭੀਏ।

ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਅੰਬੇਡਕਰ ਨੇ ਕਿਹਾ ਸੀ, 'ਸੰਵਿਧਾਨ ਭਾਵੇਂ ਕਿੰਨਾ ਵੀ ਚੰਗਾ ਕਿਉਂ ਨਾ ਹੋਵੇ, ਜੇਕਰ ਉਸ ਨੂੰ ਲਾਗੂ ਕਰਨ ਵਾਲੇ ਲੋਕ ਬਦਨੀਅਤ ਹੋਣ ਤਾਂ ਯਕੀਨਨ ਸੰਵਿਧਾਨ ਮਾੜਾ ਸਾਬਤ ਹੋਵੇਗਾ? ਸੰਵਿਧਾਨ ਨੂੰ ਲਾਗੂ ਕਰਨ ਵਾਲਿਆਂ ਵਿਚ ਸਭ ਤੋਂ ਉਪਰ ਸੁਪਰੀਮ ਕੋਰਟ ਦਾ ਨਾਂ ਆਉਂਦਾ ਹੈ। ਜੇ ਸੁਪਰੀਮ ਕੋਰਟ ਦੇ ਮੁੱਖ ਜੱਜ ਦੀ 'ਇੰਪੀਚਮੈਂਟ' ਸਬੰਧੀ ਰਾਜ ਸਭਾ ਵਿਚ ਮਤਾ ਪੇਸ਼ ਕੀਤਾ ਜਾਵੇ ਤਾਂ ਭਾਰਤੀਆਂ ਦੇ ਮਨਾਂ ਨੂੰ ਠੇਸ ਪਹੁੰਚਣੀ ਕੁਦਰਤੀ ਗੱਲ ਹੈ। ਭਾਰਤੀ ਪ੍ਰਸ਼ਾਸਨ ਨੂੰ ਚਲਾਉਣ ਲਈ ਆਲ ਇੰਡੀਆ ਸਰਵਿਸ ਦਾ ਸਿਸਟਮ ਬਾਖੂਬੀ ਪਿਛਲੇ 70 ਸਾਲਾਂ ਤੋਂ ਚਲਦਾ ਆ ਰਿਹਾ ਹੈ। ਸੰਵਿਧਾਨ ਰਾਹੀਂ ਸਥਾਪਤ ਯੂ. ਪੀ. ਐਸ.ਸੀ. ਅਦਾਰੇ ਨੇ ਆਪਣੀ ਕਾਰਜਕੁਸ਼ਲਤਾ, ਗੋਪਨੀਅਤਾ ਅਤੇ ਨਿਪੁੰਨਤਾ ਆਦਿ ਦਾ ਮੁਜ਼ਾਹਰਾ ਕੀਤਾ ਹੈ ਅਤੇ ਪਿਛਲੇ 70 ਸਾਲਾਂ ਵਿਚ ਅਫਸਰਾਂ ਦੀ ਚੋਣ ਸਬੰਧੀ ਬੇਦਾਗ ਸੰਸਥਾ ਹੋਣ ਦਾ ਸਬੂਤ ਦਿੱਤਾ ਹੈ। ਕਿਉਂ ਨਾ 'ਆਲ ਇੰਡੀਆ ਜੂਡੀਸ਼ੀਅਲ ਸਰਵਿਸ' ਸ਼ੁਰੂ ਕੀਤੀ ਜਾਵੇ, ਜਿਸ ਵਿਚ ਭਾਰਤ ਦੇ ਸਮੂਹ ਲੋਕਾਂ ਦੀ ਨੁਮਾਇੰਦਗੀ ਯਕੀਨੀ ਹੋ ਸਕੇ।

# ਲੋਕ ਲਹਿਰ ਬਣੇ ਮਿਸ਼ਨ ਤੰਦਰੁਸਤ ਪੰਜਾਬ



ਨਿਰਮਲ ਸੰਧੂ

ਅੱਜ ਕੱਲ੍ਹ ਸਿਆਸੀ/ ਮੀਡੀਆ ਦਾ ਸਮੁੱਚਾ ਧਿਆਨ ਲੋਕ-ਕੇਂਦਰਿਤ ਮਸਲਿਆਂ, ਮਸਲਨ ਲਾਲਫੀਤਾਸ਼ਾਹੀ, ਸੇਵਾਵਾਂ ਮੁਹੱਈਆ ਕਰਵਾਉਣਾ, ਰਾਜ ਪ੍ਰਬੰਧ, ਵਾਤਾਵਰਨ, ਸਿਹਤ, ਸਾਫ਼ ਹਵਾ, ਸ਼ੁੱਧ ਤੇ ਸੁਰੱਖਿਅਤ ਪਾਣੀ ਤੇ ਰਸਾਇਣ-ਮੁਕਤ ਖ਼ੁਰਾਕ ਵੱਲ ਹੈ। ਪੰਜਾਬ ਵਿੱਚ ਨਿੱਤ ਦਿਨ ਦੇ ਸਿਆਸੀ ਕਲੇਸ਼ ਤੋਂ ਇਹ ਮੋੜਾ ਸਵਾਗਤਯੋਗ ਹੈ। "ਮਿਸ਼ਨ ਤੰਦਰੁਸਤ ਪੰਜਾਬ" ਬਾਰੇ ਐਲਾਨ ਉਸ ਸਿਆਸੀ ਲੀਡਰਸ਼ਿਪ ਵੱਲੋਂ ਆਇਆ ਹੈ ਜਿਹੜੀ ਅਗਲੀਆਂ ਚੋਣਾਂ ਤੋਂ ਪਾਰ ਜਾ ਕੇ ਕਦੀ-ਕਦਾਈਂ ਹੀ ਸੋਚਦੀ ਹੈ।

ਪੰਜਾਬ ਨੂੰ ਛੱਡ ਕੇ ਭਾਰਤ ਵਿੱਚ ਕਿਸੇ ਵੀ ਹੋਰ ਸਰਕਾਰ ਨੇ ਲਾਲਫੀਤਾਸ਼ਾਹੀ ਦੀ ਲਗਾਤਾਰ ਫੈਲਣ ਵਾਲੀ ਸਮੱਸਿਆ ਦੇ ਹੱਲ ਲਈ ਕਾਨੂੰਨ ਬਣਾਉਣ ਬਾਰੇ ਕਿਉਂ ਨਹੀਂ ਸੋਚਿਆ? ਉਂਜ, ਜਿਨ੍ਹਾਂ ਮੀਡੀਆ ਰਿਪੋਰਟਾਂ ਵਿੱਚ ਦਾਅਵੇ ਕੀਤੇ ਗਏ ਹਨ ਕਿ ਪੰਜਾਬ ਲਾਲਫੀਤਾਸ਼ਾਹੀ ਬਾਰੇ ਕਾਨੂੰਨ ਦਾ ਖਰੜਾ ਤਿਆਰ ਕਰਨ ਵਾਲਾ ਪਹਿਲਾ ਸੂਬਾ ਬਣ ਜਾਵੇਗਾ, ਉਨ੍ਹਾਂ ਨੂੰ ਘੋਖਣ ਤੋਂ ਇੰਜ ਜਾਪਦਾ ਹੈ ਜਿਵੇਂ ਕਾਂਗਰਸ ਸਰਕਾਰ, 2011 ਵਾਲੇ ਪੁਰਾਣੇ 'ਰਾਈਟ ਟੂ ਸਰਵਿਸਿਜ਼ ਐਕਟ' (ਸੇਵਾ ਅਧਿਕਾਰ ਐਕਟ) ਨੂੰ ਹੀ ਮੁੜ ਲਿਆ ਰਹੀ ਹੈ। ਇਹ ਐਕਟ ਅਕਾਲੀ-ਭਾਜਪਾ ਗੱਠਜੋੜ ਦੇ ਦਸ ਸਾਲਾਂ ਦੇ ਕਾਰਜਕਾਲ ਦੌਰਾਨ ਕੀਤੇ ਕੁਝ ਕੁ ਚੰਗੇਰੇ ਕੰਮਾਂ ਵਿਚੋਂ ਇੱਕ ਸੀ।

ਤਜਵੀਜ਼ਸ਼ੁਦਾ ਕਾਨੂੰਨ ਦਾ ਟੀਚਾ ਲੋਕਾਂ ਨੂੰ ਸਮਾਂਬੱਧ ਸੇਵਾਵਾਂ ਮੁਹੱਈਆ ਕਰਵਾਉਣਾ ਹੈ। ਇਸ ਅੰਦਰ ਉਨ੍ਹਾਂ ਮੁਲਾਜ਼ਮਾਂ ਨੂੰ ਸਜ਼ਾ ਦੇਣ ਦਾ ਪ੍ਰਬੰਧ ਵੀ ਰੱਖਿਆ ਗਿਆ ਹੈ ਜਿਹੜੇ ਵੱਢੀ ਲੈਣ ਦੀ ਤਾਕ ਵਿੱਚ ਫਾਈਲਾਂ ਦੱਬੀ ਰੱਖਦੇ ਹਨ। ਜੇ ਤਾਂ ਇਹ ਪੁਰਾਣੇ ਕਾਨੂੰਨ ਦਾ ਹੀ ਨਵਾਂ ਰੂਪ ਹੈ, ਫਿਰ ਤਾਂ ਸਰਕਾਰ ਸਿਰੇ ਦੀ ਚੁਸਤ ਤੇ ਚਲਾਕ ਬਣ ਰਹੀ ਹੈ। ਇਹ ਉਹੀ ਸਰਕਾਰ ਹੈ ਜਿਸ ਨੇ ਲੋਕਾਂ ਨੂੰ ਇੱਕੋ ਛੱਤ ਹੇਠ ਆਸਾਨੀ ਨਾਲ 67 ਸੇਵਾਵਾਂ ਦੇ ਰਹੇ 2147 'ਸੇਵਾ ਕੇਂਦਰਾਂ' ਵਿੱਚੋਂ 1647 ਇਹ ਕਹਿ ਕੇ ਬੰਦ ਕਰ ਦਿੱਤੇ ਕਿ "ਵਿੱਤੀ ਪੱਖ ਤੋਂ ਲਾਭਕਾਰੀ ਨਹੀਂ" ਸਨ। ਜਦੋਂ ਇਹ ਸੇਵਾ ਕੇਂਦਰ ਸ਼ੁਰੂ ਕੀਤੇ ਗਏ ਸਨ ਤਾਂ ਇਨ੍ਹਾਂ ਦਾ ਮਕਸਦ ਲਾਭ ਕਮਾਉਣਾ ਕਤਈ ਨਹੀਂ ਸੀ।

ਕਿਸੇ ਸਿਸਟਮ ਅੰਦਰ ਰਚੀ-ਵਸੀ ਲਾਲਫੀਤਾ ਸ਼ਾਹੀ ਨੂੰ ਇਕੱਲਾ ਕਾਨੂੰਨ ਹੀ ਖ਼ਤਮ ਨਹੀਂ ਕਰ ਸਕੇਗਾ, ਖ਼ਾਸ ਕਰ ਜਦੋਂ ਉੱਚ ਪੱਧਰ 'ਤੇ ਕੀਤੇ ਜਾਂਦੇ ਫ਼ੈਸਲੇ ਆਮ ਕਰ ਕੇ ਸਿਆਸਤ ਤੋਂ ਪ੍ਰੇਰਿਤ ਹੋਣ। ਇੱਥੇ ਸਿਆਸੀ ਹਿਤ ਸਰਕਾਰ ਦੇ ਲਾਗੂ ਹੋਏ ਨੇਮਾਂ 'ਤੇ ਅਸਰਅੰਦਾਜ਼ ਹੁੰਦੇ ਹਨ। ਮੁੱਖ ਮੰਤਰੀ ਨੇ ਨਸ਼ਿਆਂ ਦੇ ਅਹਿਮ ਮਾਮਲੇ ਵਿੱਚ ਸ਼ੱਕੀ "ਵੱਡੇ ਸ਼ਿਕਾਰ" ਖ਼ਿਲਾਫ਼ ਕਾਰਵਾਈ ਨੂੰ ਆਪਣੀ ਸਹੂਲਤ ਮੁਤਾਬਿਕ ਹਾਈ ਕੋਰਟ ਦੇ ਹਵਾਲੇ ਕਰ ਦਿੱਤਾ। ਉਨ੍ਹਾਂ ਨੇ ਇਸ ਮਸਲੇ ਬਾਰੇ ਆਪੇ ਬਣਾਈ ਸਪੈਸ਼ਲ ਟਾਸਕ ਫੋਰਸ ਦੀ ਰਿਪੋਰਟ ਉੱਤੇ ਕਾਰਵਾਈ ਲਟਕਾਉਣ ਲਈ ਹਾਈ ਕੋਰਟ ਦਾ ਸਹਾਰਾ ਲੈ ਲਿਆ ਹਾਲਾਂਕਿ ਅਦਾਲਤ ਨੇ ਇਸ ਕੇਸ ਵਿੱਚ ਕਾਰਵਾਈ ਉੱਤੇ ਕੋਈ ਰੋਕ ਵੀ ਨਹੀਂ ਸੀ ਲਾਈ।

ਇਸ ਤਰ੍ਹਾਂ ਦੀਆਂ ਹੋਰ ਬਥੇਰੀਆਂ ਮਿਸਾਲਾਂ ਹਨ ਜਿਨ੍ਹਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਜਾਣਬੁੱਝ ਕੇ ਕਾਰਵਾਈ ਨਹੀਂ ਕੀਤੀ ਜਾਂਦੀ ਪਰ ਫ਼ਿਲਹਾਲ ਇੱਥੇ ਇਹ ਨੁਕਤਾ ਮੁੱਖ ਮੁੱਦਾ ਨਹੀਂ। ਸੰਖੇਪ ਨੁਕਤਾ ਇਹ ਹੈ: ਜੇ ਉਪਰਲੀ ਲੀਡਰਸ਼ਿਪ ਕਾਨੂੰਨ ਦਾ ਸਤਿਕਾਰ ਨਹੀਂ ਕਰਦੀ ਅਤੇ ਆਪਣੇ ਚਹੇਤਿਆਂ ਨੂੰ ਬਚਾਉਂਦੀ ਹੈ, ਫਿਰ ਇਹ ਕਿਸ ਆਧਾਰ 'ਤੇ ਇਹ ਆਸ ਕਰ ਰਹੀ ਹੈ ਕਿ ਤਜਵੀਜ਼ਸ਼ੁਦਾ ਪੰਜਾਬ ਲਾਲਫੀਤਾਸ਼ਾਹੀ- ਵਿਰੋਧੀ ਐਕਟ ਜਾਂ ਵਾਤਾਵਰਨ ਦੀ ਸੁਰੱਖਿਆ ਬਾਰੇ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਮੁਲਾਜ਼ਮ ਅਨੁਸ਼ਾਸਨ ਵਿੱਚ ਰਹਿਣਗੇ?

ਇਸ ਸਾਲ ਦੇ ਸ਼ੁਰੂ ਵਿੱਚ ਇਨ੍ਹਾਂ ਹੀ ਕਾਲਮਾਂ ਵਿੱਚ ਸੁਝਾਅ ਦਿੱਤਾ ਗਿਆ ਸੀ ਕਿ ਜ਼ਮੀਨ ਦੀ ਮਾੜੀ ਸਿਹਤ, ਹਵਾ ਤੇ ਪਾਣੀ ਦੀ ਗੁਣਵੱਤਾ ਵਿੱਚ ਲਗਾਤਾਰ ਆ ਰਹੀ ਗਿਰਾਵਟ, ਸਿੱਖਿਆ ਤੇ ਸਿਹਤ ਸੇਵਾਵਾਂ ਵਿੱਚ ਅਣਗਹਿਲੀ ਵਰਗੇ ਮੁੱਖ ਲੋਕ ਮਸਲਿਆਂ ਨਾਲ ਨਜਿੱਠਣ ਲਈ ਪੁਰਾਣੇ, ਬਜਟ ਵਾਲੇ ਢੰਗ-ਤਰੀਕੇ ਨੂੰ ਤਜ ਕੇ ਫੰਡਾਂ ਦੀ ਵੰਡ ਬਾਰੇ ਨਵੀਂ ਲੀਹ ਪਾਉਣੀ ਚਾਹੀਦੀ ਹੈ। ਪਰ ਸਰਕਾਰ ਨੇ ਲਕੀਰ ਦੀ ਫ਼ਕੀਰ ਦੇ ਹਿਸਾਬ ਨਾਲ ਕਾਂਗਰਸ ਦੇ ਸਿਆਸੀ ਏਜੰਡੇ ਮੁਤਾਬਿਕ ਹੀ ਫ਼ੈਸਲੇ ਕਰਨੇ ਆਰੰਭ ਕੀਤੇ ਅਤੇ ਕਰਜ਼ਾ ਮੁਆਫ਼ੀ ਤੇ ਬਿਜਲੀ ਸਬਸਿਡੀ ਵਾਲੇ ਰਾਹ ਪੈ ਗਈ। ਸਿੱਟੇ ਵਜੋਂ ਬਜਟ ਬਾਰੇ ਮਰਜ਼ੀ ਮੁਤਾਬਿਕ ਕੰਮ ਕਰਨ ਦੀਆਂ ਸੀਮਾਵਾਂ ਬਣ ਗਈਆਂ। ਹੁਣ "ਮਿਸ਼ਨ ਤੰਦਰੁਸਤ ਪੰਜਾਬ" ਨਾਲ ਇਹ ਨਾਜ਼ੁਕ ਤੇ ਫ਼ੈਸਲਾਕੁਨ ਮੁੱਦੇ ਵੱਲ ਮੁੜੀ ਹੈ।

"ਤੰਦਰੁਸਤ ਪੰਜਾਬ" ਦਾ ਮਤਲਬ ਪੰਜਾਬ ਨੂੰ "ਮੁਲਕ ਦਾ ਸਭ ਤੋਂ ਸਿਹਤਮੰਦ ਸੂਬਾ" ਬਣਾਉਣਾ ਹੈ ਅਤੇ ਇਹ ਗੱਲ ਸ਼ਲਾਘਾਯੋਗ ਹੈ। ਉਂਜ, ਜੇ ਇਸ ਨੂੰ ਸਿਰਫ਼ ਸਰਕਾਰ ਉੱਤੇ ਹੀ ਛੱਡ ਦਿੱਤਾ ਜਾਂਦਾ ਹੈ ਤਾਂ ਇਸ ਦੀ ਕਾਮਯਾਬੀ ਸ਼ੱਕੀ ਹੈ। ਐਨਆਰਆਈ ਭਾਈਚਾਰੇ ਦੀ ਲੋਕ ਭਲਾਈ ਵਾਲੀ ਪਹੁੰਚ, ਲੋਕਾਂ ਤੋਂ ਸਹਿਯੋਗ ਅਤੇ ਭਾਈਚਾਰਕ ਯਤਨਾਂ ਵਿੱਚ ਬਾਬਾ ਬਲਬੀਰ ਸਿੰਘ ਸੀਚੇਵਾਲ ਵੱਲੋਂ ਦਿਖਾਇਆ ਕਾਰ ਸੇਵਾ ਵਰਗਾ ਜਜ਼ਬਾ, ਇਸ ਸਰਕਾਰੀ ਪਹਿਲਕਦਮੀ ਲਈ ਸੋਨੇ ''ਤੇ ਸੁਹਾਗਾ ਬਣਨਾ ਚਾਹੀਦਾ ਹੈ ਤਾਂ ਕਿ ਪੰਜਾਬ ਸਿਹਤਮੰਦ ਬਣ ਸਕੇ।

ਇਹ ਭਾਵੇਂ ਕਾਂਗਰਸ ਦੀ ਸਰਕਾਰ ਹੋਵੇ ਜਾਂ ਅਕਾਲੀ-ਭਾਜਪਾ ਗੱਠਜੋੜ ਵਾਲੀ ਸਰਕਾਰ, ਰਾਜਭਾਗ ਚਲਾ ਰਹੇ ਸਿਆਸਤਦਾਨਾਂ ਨੇ ਦਰਿਆਵਾਂ ਦੀ ਸਫ਼ਾਈ, ਨਹਿਰੀ ਪਟੜੀਆਂ ਦੀ ਮੁਰੰਮਤ ਅਤੇ ਮੀਂਹ ਜਾਂ ਧਰਤੀ ਹੇਠਲੇ ਪਾਣੀ ਦੀ ਸਾਂਭ-ਸੰਭਾਲ ਲਈ ਕੁਝ ਨਹੀਂ ਕੀਤਾ। ਦੂਜੇ ਬੰਨੇ ਸਿਆਸੀ ਲਾਹੇ ਲਈ ਇਹ ਲੋਕ, ਸਤਲੁਜ-ਯਮੁਨਾ ਲਿੰਕ ਨਹਿਰ ਪਿੱਛੇ ਲੜਾਈ ਲਈ ਤਿਆਰ-ਬਰ-ਤਿਆਰ ਰਹਿੰਦੇ ਹਨ। ਸਭ ਨੂੰ ਪਤਾ ਹੈ ਕਿ ਫ਼ਲ ਪਕਾਉਣ ਲਈ ਰਸਾਇਣ ਵਰਤੇ ਜਾਂਦੇ ਹਨ। ਦੁੱਧ ਅਤੇ ਸਬਜ਼ੀਆਂ ਵਿੱਚ ਕਿੰਨੇ ਰਸਾਇਣ ਘੁਲੇ ਹੋਏ ਹਨ ਪਰ ਕਦੀ ਕਿਸੇ ਨੇ ਕੋਈ ਜਾਂਚ ਹੀ ਨਹੀਂ ਕਰਵਾਈ।

ਚੰਗਾ ਪ੍ਰਸ਼ਾਸਨ ਯਕੀਨੀ ਬਣਾਉਣ ਅਤੇ ਭ੍ਰਿਸ਼ਟਾਚਾਰ ਤੇ ਹੋਰ ਦੁਰਾਚਾਰ ਰੋਕਣ ਲਈ ਕਾਨੂੰਨ ਬਣੇ ਹੋਏ ਹਨ ਅਤੇ ਇਨ੍ਹਾਂ ਦੀ ਰਾਖੀ ਲਈ ਸੰਸਥਾਵਾਂ ਵੀ ਹਨ ਪਰ ਸਿਆਸੀ ਦਖ਼ਲ ਨੇ ਇਨ੍ਹਾਂ ਨੂੰ ਬੇਅਸਰ ਬਣਾ ਦਿੱਤਾ ਹੈ। ਪਿਛਲੀ ਅਕਾਲੀ ਸਰਕਾਰ ਨੇ ਪ੍ਰਦੂਸ਼ਣ ਰੋਕੂ ਬੋਰਡ ਨੂੰ ਕੰਮ ਹੀ ਨਹੀਂ ਕਰਨ ਦਿੱਤਾ ਅਤੇ ਸਨਅਤਕਾਰਾਂ ਦੀ ਸ਼ਿਕਾਇਤ 'ਤੇ ਬੋਰਡ ਦੇ ਤਤਕਾਲੀ ਮੁਖੀ ਆਈਏਐਸ ਅਫ਼ਸਰ ਕਾਹਨ ਸਿੰਘ ਪੰਨੂ ਦੀ ਬਦਲੀ ਕਰ ਦਿੱਤੀ ਜਿਸ ਨੇ ਪ੍ਰਦੂਸ਼ਣ ਫੈਲਾਉਣ ਵਾਲੀਆਂ ਸਨਅਤਾਂ ਉੱਤੇ ਸ਼ਿਕੰਜਾ ਕੱਸਣ ਦੀ ਕੋਸ਼ਿਸ਼ ਕੀਤੀ ਸੀ।

ਇਸ ਪੱਖ ਤੋਂ ਕੈਪਟਨ ਅਮਰਿੰਦਰ ਸਿੰਘ ਦੀ ਭੱਲ ਬਣੀ ਹੈ ਕਿ ਉਹ ਪੰਨੂ ਨੂੰ ਵਾਪਸ ਬੋਰਡ ਵਿੱਚ ਲੈ ਕੇ ਆਏ। ਬੋਰਡ ਨੇ ਹਾਲ ਹੀ ਵਿੱਚ ਬਿਆਸ ਵਿੱਚ ਸੀਰਾ ਛੱਡੇ ਜਾਣ ਲਈ ਜ਼ਿੰਮੇਵਾਰ ਚੱਢਾ ਸ਼ੂਗਰ ਮਿੱਲ ਨੂੰ 5 ਕਰੋੜ ਰੁਪਏ ਦਾ ਜੁਰਮਾਨਾ ਲਾਇਆ ਹੈ। ਪਰ ਮੁੱਖ ਮੰਤਰੀ ਨੇ ਪ੍ਰਦੂਸ਼ਣ ਫੈਲਾਉਣ ਵਾਲੀਆਂ ਹੋਰ ਮਿੱਲਾਂ ਉੱਤੇ ਨੇਮ ਲਾਗੂ ਕਰਨ ਵੇਲੇ ਨਿਰਪੱਖਤਾ ਨਹੀਂ ਦਿਖਾਈ ਜਿਨ੍ਹਾਂ ਵਿੱਚ ਰਾਣਾ ਸ਼ੂਗਰ ਮਿੱਲ ਸ਼ਾਮਿਲ ਹੈ। ਟੀਵੀ ਚੈਨਲਾਂ ਵਿੱਚ ਬਾਕਾਇਦਾ ਦਿਖਾਇਆ ਗਿਆ ਕਿ ਇਹ ਮਿੱਲ ਕਿਸ ਤਰ੍ਹਾਂ ਪ੍ਰਦੂਸ਼ਿਤ ਪਾਣੀ ਨਾਲੇ ਵਿੱਚ ਸੁੱਟ ਰਹੀ ਹੈ।

ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ, ਦੋਵੇਂ ਹੀ ਵਾਤਾਵਰਨ ਵਿਰੋਧੀ ਤੇ ਲੋਕ-ਲੁਭਾਊ ਨੀਤੀਆਂ 'ਤੇ ਚੱਲਦੇ ਰਹੇ ਹਨ, ਮਸਲਨ ਝੋਨੇ ਦੀ ਸੁਖਾਲੀ ਕਾਸ਼ਤ ਲਈ ਮੁਫ਼ਤ ਬਿਜਲੀ ਦਿੱਤੀ ਗਈ ਜਿਸ ਨਾਲ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਲਈ ਰਾਹ ਖੁੱਲ੍ਹ ਗਿਆ। ਮੀਂਹ ਵਾਲੇ ਪਾਣੀ ਦੀ ਸਾਂਭ-ਸੰਭਾਲ ਜਾਂ ਸੂਬੇ ਦੇ ਜਲ ਸਰੋਤਾਂ ਦੇ ਅਸਰਦਾਰ ਪ੍ਰਬੰਧ ਕਦੀ ਸਰਕਾਰੀ ਤਰਜੀਹ ਹੀ ਨਹੀਂ ਰਹੇ। ਹਵਾ ਪ੍ਰਦੂਸ਼ਣ ਉੱਤੇ ਵੀ ਕੋਈ ਕੰਟਰੋਲ ਨਹੀਂ ਰੱਖਿਆ ਗਿਆ। ਬਤੌਰ ਮੁੱਖ ਮੰਤਰੀ, ਦੋਹਾਂ ਆਗੂਆਂ ਨੇ ਹੀ ਪਰਾਲੀ ਸਾੜਨ ਦੇ ਮਾਮਲੇ ਵਿੱਚ ਕਾਨੂੰਨ ਦਾ ਮਜ਼ਾਕ ਉਡਾਇਆ। ਦੋਹਾਂ ਨੇ ਹੀ ਸ਼ਹਿਰ ਪੱਧਰ ਉੱਤੇ ਵੀ, ਤੇ ਸੂਬਾ ਪੱਧਰ ਉੱਤੇ ਵੀ, ਸਰਕਾਰੀ ਟਰਾਂਸਪੋਰਟ ਦੀ ਮਜ਼ਬੂਤੀ ਦੇ ਮਾਮਲੇ ਵਿੱਚ ਲਾਪ੍ਰਵਾਹੀ ਵਰਤੀ ਜਿਸ ਨਾਲ ਵੱਧ ਤੋਂ ਵੱਧ ਲੋਕ ਆਪੋ-ਆਪਣੀਆਂ ਕਾਰਾਂ 'ਤੇ ਨਿਰਭਰ ਹੋ ਗਏ। ਇਸ ਦਾ ਸਿੱਟਾ ਸੜਕਾਂ ਉੱਤੇ ਭੀੜ-ਭੜੱਕਾ, ਟਰੈਫਿਕ ਜਾਮ, ਹਾਦਸਿਆਂ ਤੇ ਹਵਾ ਪ੍ਰਦੂਸ਼ਣ ਵਿੱਚ ਨਿੱਕਲਿਆ।

ਇਤਫ਼ਾਕਨ ਸ਼ਹਿਰੀ ਵਿਕਾਸ ਦਾ ਅਸਰ ਲੋਕਾਂ ਦੀ ਸਿਹਤ ਉੱਤੇ ਪੈਂਦਾ ਹੈ। ਕਾਨੂੰਨ ਲਾਗੂ ਕਰਨ ਵਿੱਚ ਕੋਤਾਹੀ ਤੇ ਲਾਪ੍ਰਵਾਹੀ ਕਾਰਨ ਗ਼ੈਰ ਮਨਜ਼ੂਰਸ਼ੁਦਾ ਹਾਊਸਿੰਗ ਕਾਲੋਨੀਆਂ ਖੁੰਭਾਂ ਵਾਂਗ ਉੱਗ ਆਈਆਂ ਜਿੱਥੇ ਮਿਉਂਸਿਪਲ ਜਲ ਸਪਲਾਈ, ਸੀਵਰੇਜ ਤੇ ਸੜਕਾਂ ਦੀਆਂ ਸਹੂਲਤਾਂ ਮਨਮਰਜ਼ੀ ਦੀਆਂ ਹਨ। ਵਿਕਾਸ ਦੇ ਇਸ ਮਾਡਲ ਵਿੱਚ ਸਭ ਵਸੀਲੇ ਸੜਕਾਂ ਚੌੜੀਆਂ ਕਰਨ ਅਤੇ ਫਲਾਈਓਵਰ ਬਣਾਉਣ ਵਾਲੇ ਪਾਸੇ ਮੋੜ ਦਿੱਤੇ ਗਏ ਅਤੇ ਸਾਈਕਲ ਸਵਾਰਾਂ ਅਤੇ ਪੈਦਲ ਚੱਲਣ ਵਾਲਿਆਂ ਨੂੰ ਉਨ੍ਹਾਂ ਦੇ ਹਾਲ ਉੱਤੇ ਛੱਡ ਦਿੱਤਾ ਗਿਆ।

ਸਮਾਰਟ ਸਿਟੀ ਦੀ ਤਜਵੀਜ਼ ਅਤੇ ਇਸ ਦੇ ਨਾਲ ਹੀ ਕੇਂਦਰੀ ਪੈਸਾ ਆਉਂਦਾ ਦੇਖ ਕੇ ਕੋਈ ਵੀ ਮਾੜਾ ਮੋਟਾ ਜਾਗਰੂਕ ਅਤੇ ਜ਼ਿੰਮੇਵਾਰ ਲੀਡਰ ਬਾਗ਼ੋ-ਬਾਗ਼ ਹੋ ਜਾਂਦਾ ਪਰ ਪੰਜਾਬ ਦੇ ਸਿਆਸਤਦਾਨਾਂ ਨੇ ਆਪਣੇ ਸ਼ਹਿਰਾਂ ਨੂੰ ਗੰਦਗੀ ਤੋਂ ਨਿਜਾਤ ਦਿਵਾਉਣ ਅਤੇ ਇਨ੍ਹਾਂ ਨੂੰ ਵਧੇਰੇ ਰਹਿਣਯੋਗ ਬਣਾਉਣ ਲਈ ਆਪਣੇ ਹਿੱਸੇ ਦੇ ਫੰਡ ਜੁਟਾਉਣ ਖ਼ਾਤਿਰ ਅਣਉਪਜਾਊ ਜਾਂ ਨਿੱਜੀ ਖ਼ਰਚੇ ਘਟਾਏ ਹੀ ਨਹੀਂ।

ਵਾਤਾਵਰਨ ਬਾਰੇ ਪਿਆ ਘੜਮੱਸ ਦੂਰ ਕਰਨ ਲਈ ਪੰਜਾਬ ਹੀ ਕਿਉਂ, ਮੁਲਕ ਨੂੰ ਪਾਕਿਸਤਾਨ ਦੇ ਚੀਫ਼ ਜਸਟਿਸ ਮੀਆਂ ਸਾਕਿਬ ਨਿਸਾਰ ਵਰਗੇ ਜਿਊੜੇ ਦੀ ਲੋੜ ਹੈ। ਉਹ ਵਧੇਰੇ

(ਬਾਕੀ ਸਫਾ 21 'ਤੇ)

# ਸੁਚੱਜੇ ਸਾਹਿਤ ਤੋਂ ਪਾਸਾ ਵੱਟਣਾ ਬਹੁਤ ਵੱਡੀ ਚਿੰਤਾ ਦਾ ਵਿਸ਼ਾ



ਪਰਸ਼ੋਤਮ ਲਾਲ ਸਰੋਏ
91-92175-44348

ਪਿਆਰੇ ਬੱਚਿਓ! ਰੋਜ਼ਮਰਾ ਦੀ ਜ਼ਿੰਦਗੀ ਵੱਲ ਧਿਆਨ ਦੇਈਏ ਤਾਂ ਅਸੀਂ ਦੇਖਦੇ ਹਾਂ ਕਿ ਜਦੋਂ ਅਸੀਂ ਕਿਸੇ ਕੰਮ ਬਾਬਤ ਜਾਂ ਕੁਝ ਖਰੀਦਣ ਜਾਂ ਵੇਚਣ ਘਰੋਂ ਬਾਹਰ ਕਿਸੇ ਦੂਸਰੀ ਥਾਂ ਜਾਂਦੇ ਹਾਂ ਉਸ ਸਮੇਂ ਸਾਡੇ ਮਨ ਵਿੱਚ ਇੱਕੋ ਚੀਜ਼ ਹੁੰਦੀ ਹੈ ਕਿ ਅਸੀਂ ਸਜ ਸੰਵਰ ਕੇ ਘਰੋਂ ਬਾਹਰ ਜਾਣਾ ਹੈ। ਉਸ ਵਾਸਤੇ ਅਸੀਂ ਆਪਣਾ ਅਕਸ਼ ਕਿਸੇ ਆਇਨੇ ਵਿੱਚ ਜ਼ਰੂਰ ਦੇਖਦੇ ਹਾਂ। ਉਹ ਆਇਨਾ ਸਾਨੂੰ ਸਾਡੀ ਖ਼ੂਬਸੂਰਤੀ ਵਿੱਚ ਰਹਿ ਗਈ ਕਮੀ-ਪੇਸ਼ੀ ਨੂੰ ਸਾਡੀਆਂ ਅੱਖਾਂ ਸਾਹਮਣੇ ਰੂਬਰੂ ਪੇਸ਼ ਕਰ ਦਿੰਦਾ ਹੈ। ਉਸ ਆਇਨੇ ਨੂੰ ਦੇਖ ਕੇ ਅਸੀਂ ਉਸ ਕਮੀ ਨੂੰ ਦੂਰ ਕਰ ਸਕਦੇ ਹਾਂ। ਭਾਵ ਸਾਡੀ ਬਾਹਰੀ ਖ਼ੂਬਸੂਰਤੀ ਜਾਂ ਸਜਾਵਟ ਉਸ ਆਇਨੇ ਦੀ ਮੁਹਤਾਜ਼ ਹੁੰਦੀ ਹੈ।

ਇਹ ਤਾਂ ਹੋਈ ਉਸ ਆਇਨੇ ਜਾਂ ਦੂਜੇ ਸ਼ਬਦਾਂ ਵਿੱਚ ਸ਼ੀਸ਼ੇ ਦੀ ਗੱਲ। ਹੁਣ ਦੂਜੇ ਪਾਸੇ ਜਦੋਂ ਅਸੀਂ ਆਪਣੇ ਅੰਦਰੂਨੀ ਨਿਖਾਰ ਵੱਲ ਝਾਤ ਮਾਰਨ ਦੀ ਗੱਲ ਕਰਦੇ ਹਾਂ ਤਾਂ ਉਸ ਸੂਰਤ ਵਿੱਚ ਸਾਨੂੰ ਜਿਸ ਤਰ੍ਹਾਂ ਸਾਨੂੰ ਬਾਹਰੀ ਸੁੰਦਰਤਾ ਜਾਂ ਨਿਖਾਰ ਦੀ ਪਹਿਚਾਣ ਕਰਨ ਲਈ ਅਸੀਂ ਸ਼ੀਸ਼ਾ ਦੇਖਣ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ ਉਸੇ ਤਰ੍ਹਾਂ ਹੀ ਸਾਨੂੰ ਅੰਦਰੂਨੀ ਨਿਖ਼ਾਰ ਵਾਸਤੇ ਵੀ ਕਿਸੇ ਨਾ ਕਿਸੇ ਆਇਨੇ ਨੂੰ ਦੇਖਣਾ ਪਵੇਗਾ। ਇਹ ਆਇਨਾ (ਸ਼ੀਸ਼ਾ) ਸਾਹਿਤ ਦੇ ਰੂਪ ਵਿੱਚ ਹੁੰਦਾ ਅਰਥਾਤ ਸਾਹਿਤ ਰੂਪੀ ਆਇਨਾ ਹੁੰਦਾ ਹੈ।

ਅਸਲ ਵਿੱਚ ਸਾਹਿਤ ਦਾ ਆਇਨਾ ਕਈ ਰੂਪਾਂ ਵਿੱਚ ਦੇਖਿਆ ਜਾ ਸਕਦਾ ਹੈ। ਉਹ ਚਾਹੇ ਕਵਿਤਾ ਹੈ, ਗੀਤ ਹੈ, ਕਹਾਣੀ, ਵਿਅੰਗ ਹੈ ਜਾਂ ਕੋਈ ਲੇਖ ਜਾਂ ਆਰਟੀਕਲ ਆਦਿ ਹੈ। ਜੋ ਵੀ ਸਮਾਜ ਵਿੱਚ ਚੱਲ ਰਿਹਾ ਹੁੰਦਾ ਹੈ, ਬੀਤ ਚੁੱਕਾ ਚੁੱਕਾ ਹੈ ਜਾਂ ਭਵਿੱਖ ਦੇ ਫ਼ਾਇਦੇ ਜਾਂ ਨੁਕਸਾਨ ਬਾਰੇ ਅਵਗਤ ਕਰਾਉਣ ਲਈ ਇੱਕ ਤਸਵੀਰ ਖਿੱਚ ਕੇ ਉਸਨੂੰ ਸਾਹਿਤ ਦੇ ਕਿਸੇ ਰੂਪ ਰਾਹੀ ਪੇਸ਼ ਕੀਤਾ ਜਾਂਦਾ ਹੈ। ਅਰਥਾਤ ਸਮਾਜ ਨੂੰ ਹੀ ਸਮਾਜ ਦਾ ਦਰਪਣ ਦਿਖਾਇਆ ਜਾਂਦਾ ਹੈ। ਇਸ ਬਾਬਤ ਸਮਾਜ ਦੇ ਪੱਲੇ ਗੱਲ ਪੈਂਦੀ ਹੈ ਜਾਂ ਨਹੀਂ ਪੈਂਦੀ ਇਹ ਗੱਲ ਵੀ ਆਪਣਾ ਇਕ ਮਾਇਨਾ ਰੱਖਦੀ ਹੈ। ਭਾਵ ਸਾਹਿਤ ਲੋਕਾਂ ਦੀ ਸਮਝ ਵਿੱਚ ਆ ਰਿਹਾ ਹੈ ਜਾਂ ਨਹੀਂ ਇਸ ਗੱਲ ਦਾ ਆਪਣਾ ਮਹੱਤਵ ਹੁੰਦਾ ਹੈ।

ਹੁਣ ਦੁੱਖ ਵਾਲੀ ਗੱਲ ਤਾਂ ਇਹ ਬਣਦੀ ਜਾ ਰਹੀ ਹੈ ਕਿ ਅੱਜ ਪੈਸੇ ਤੇ ਚੌਧਰ ਦੀ ਬੇਲੋੜੀ ਭੁੱਖ ਨੇ ਜੀਵ ਨੂੰ ਸਾਹਿਤ ਤੋਂ ਪਾਸਾ ਵੱਟਣ ਲਈ ਮਜ਼ਬੂਰ ਕਰ ਦਿੱਤਾ ਹੈ। ਬੇਕਾਰ ਕੰਮਾਂ ਵੱਲ ਧਿਆਨ ਜ਼ਿਆਦਾ ਜਾਂਦਾ ਹੈ ਪਰ ਚੰਗੇ ਸਾਹਿਤ ਤੋਂ ਕੰਨੀ ਵੱਟੀ ਜਾ ਰਹੀ ਹੈ। ਅੱਜ ਜਿਸ ਤਰ੍ਹਾਂ ਦੀ ਸਮਾਜ ਦੀ ਤਸਵੀਰ ਦੇਖਣ ਨੂੰ ਮਿਲਦੀ ਹੈ ਉਸ ਨੂੰ ਦਰਪਣ ਵਿੱਚ ਉਤਾਰਨਾ ਆਪਣੀ ਮੌਤ ਨੂੰ ਆਪ ਸਹੇੜਨ ਦੇ ਸਮਾਨ ਹੋ ਗਿਆ ਹੈ। ਕਿਉਂਕਿ ਸੱਚ ਹਮੇਸ਼ਾਂ ਕੜਵਾ ਹੁੰਦਾ ਹੈ। ਸਮਾਜ ਨੂੰ ਸਾਹਿਤ ਦੇ ਰੂਪ ਵਿੱਚ ਆਪਣਾ ਅਕਸ਼ ਦੇਖ ਕੇ ਬੜਾ ਚੁੱਭਦਾ ਹੈ। ਇਸ ਕਰਕੇ ਅੱਜ ਸਾਹਿਤ ਨੂੰ ਇੱਕ ਸੁਧਾਰਵਾਦੀ ਦਰਪਣ ਨਾ ਹੋ ਕੇ ਇੱਕ ਪੈਸੇ ਦੀ ਵਿਕਰੀ 'ਤੇ ਲੱਗੀ ਹੋਈ ਕੋਈ ਵਸਤੂ ਬਣ ਕੇ ਰਹਿ ਗਿਆ ਹੈ। ਅੱਜ ਸੱਚ ਦੀ ਤੇਸਵੀਰ ਪੇਸ਼ ਕਰਨ ਦੀ ਬਜਾਏ ਝੂਠ ਭਾਵ ਕੂੜ ਦੇ ਗੋਗੇ ਗਾਏ ਜਾਂਦੇ ਹਨ।

ਏਥੇ ਗਧਿਆਂ ਤਾਂਈਂ ਬਾਪ ਬਣਾ ਕੇ, ਘੋੜਿਆਂ ਤਾਂਈਂ ਸਤਾਉਂਦੇ,
ਮਹਾਂਪੁਰਸ਼ ਨੂੰ ਛੱਡ, ਮੁਰਦਾ ਰੂਹ, ਲੀਡਰਾਂ ਤਾਂਈਂ ਵਡਿਆਉਂਦੇ।
ਅੰਮ੍ਰਿਤ ਬਣ ਚੁੱਕਾ ਹੈ ਗਾਰਾ, ਕਿਹੋ ਜਿਹਾ ਹੋ ਰਿਹਾ ਏ ਕਾਰਾ,
ਸੱਚੀਆਂ ਰੂਹਾਂ ਤੋਂ ਖੋਹ ਦੁੱਧ ਵੀ, ਸੱਪਾਂ ਨੂੰ ਨੇ ਪਿਲਾਉਂਦੇ।

ਗੱਲ ਕੀ ਸਾਹਿਤ ਦਾ ਦਰਪਣ ਵੀ ਅੱਜ ਵਿਕਰੀ 'ਤੇ ਲੱਗ ਚੁੱਕਾ ਹੈ। ਸੱਚਾਈ ਦਾ ਸਾਥ ਨਾ ਦੇ ਕੇ ਮੱਲੋ-ਮੱਲੀ ਦੇ ਘਸੀਟਾ ਮੱਲਾਂ ਦੇ ਗੁਣ ਗਾਉਣ ਵਿੱਚ ਸਮਾਂ ਖਚਿੱਤ ਹੋਈ ਜਾ ਰਿਹਾ ਹੈ। ਸਮਾਜ ਵਿੱਚ ਸੁਧਾਰ ਲਿਆਉਣ ਦੀ ਬਜਾਏ ਸਮਾਜ ਨੂੰ ਇੱਕ ਬਰਬਾਦੀ ਦੇ ਸਮੁੰਦਰ ਵੱਲ ਧਕੇਲਿਆ ਜਾ ਰਿਹਾ ਹੈ। ਅੱਜ ਸ਼ਮਸ਼ਾਨਘਾਟ ਦਾ ਰਾਸਤਾ ਜ਼ਿਆਦਾ ਖੁੱਲ੍ਹ ਗਿਆ ਜਾਪਦਾ ਹੈ। ਉੱਥੇ ਸੰਗਮਰਮਰ ਦੇ ਪੱਥਰ ਲੱਗ ਗਏ ਹਨ ਤੇ ਜਿਸ ਉੱਤੇ ਚੱਲਣਾ ਆਸਾਨ ਲੱਗਦਾ ਹੈ ਤੇ ਸੱਚਾਈ ਦੇ ਸੁਧਾਰ ਦਾ ਰਾਸਤਾ ਕੰਢਿਆਂ ਵਾਲਾ ਹੁੰਦਾ ਦੇਖ ਕੇ ਕੋਈ ਉਸ ਪਾਸੇ ਵੱਲ ਪੈਰ ਤੱਕ ਵੀ ਪੱਟਣ ਨੂੰ ਤਿਆਰ ਨਹੀਂ ਹੈ।

ਸਮਾਜ ਨੂੰ ਅੱਜ ਸੁਚੱਜੇ ਸਾਹਿਤ ਦੀ ਲੋੜ ਮਹਿਸੂਸ ਹੋ ਰਹੀ ਹੈ। ਲੇਕਿਨ ਅੱਜ ਪੱਛਮੀ ਪੱਖ ਜ਼ਿਆਦਾ ਭਾਰੂ ਹੁੰਦਾ ਜਾ ਰਿਹਾ ਹੈ। ਅਸਲ ਵਿੱਚ ਅੱਜ ਉਹ ਗੱਲ ਹੋ ਰਹੀ ਹੈ ਜਿਵੇਂ ਕੋਈ ਮਾਸਟਰ ਕਹਿ ਰਿਹਾ ਹੋਵੇ "ਕਹਿ ਕਾਕਾ ਊੜਾ ਊਠ ਤੇ ਅੱਗੋਂ ਬੱਚਾ ਕਹਿ ਰਿਹਾ ਹੋਵੇ ਕਿ ਨਹੀਂ ਮਾਸਟਰ ਜੀ ਊੜਾ ਬੋਤਾ ਹੁੰਦਾ ਹੈ ਤੇ ਅੱਗੋਂ ਕੋਲੋਂ ਦੀ ਲੰਘ ਰਿਹਾ ਕੋਈ ਸ਼ੈਤਾਨ ਕਹਿ ਰਿਹਾ ਹੋਵੇ ਕਿ ਮਾਸਟਰ ਜੀ ਪੂਛ ਚੱਕ ਕੇ ਦੇਖ ਲਓ ਕਿ ਸ਼ਾਇਦ ਬੋਤੀ ਹੀ ਨਿਕਲ ਆਵੇ। ਉਸ ਕੇਸ ਵਿਚ ਮਾਸਟਰ ਕਿਸ ਤਰ੍ਹਾਂ ਕਾਮਯਾਬ ਹੋ ਸਕਦਾ ਹੈ।

ਸੋ ਸਾਹਿਤ ਦਾ ਹਾਲ ਵੀ ਉਸ ਲਾਚਾਰ ਮਾਸਟਰ ਵਾਲਾ ਹੋ ਗਿਆ ਜਾਪਦਾ ਹੈ ਸੁਚੱਜਾ ਸਾਹਿਤ ਅੱਵਲ ਤਾਂ ਲਿਖਿਆ ਹੀ ਨਹੀਂ ਜਾ ਰਿਹਾ ਪਰ ਜੇਕਰ ਲਿਖਿਆ ਵੀ ਜਾ ਰਿਹਾ ਹੋਵੇ ਤਾਂ ਉਸ ਦੇ ਪ੍ਰਚਾਰ ਲਈ ਮਾਇਆ ਦੀ ਘਾਟ ਖਲਦੀ ਹੋਈ ਨਜ਼ਰੀ ਪੈਂਦੀ ਹੈ। ਗੱਲ ਕਿ ਕੂੜ ਦੇ ਪ੍ਰਚਾਰ ਲਈ ਮਣਾਂ-ਮੂਹੀ ਮਾਇਆ ਇਕੱਤਰ ਹੋ ਜਾਂਦੀ ਹੈ ਪਰ ਸੱਚ ਦਾ ਪ੍ਰਚਾਰ ਲਾਚਾਰ ਹੋ ਕੇ ਆਪਣੀ ਮਜ਼ਬੂਰੀ ਤੇ ਲਾਚਾਰੀ 'ਤੇ ਰੋਂਦਾ ਵਿਲਕਦਾ ਨਜ਼ਰੀਂ ਪੈਂਦਾ ਹੈ।

ਜੇਕਰ ਸੱਚਾਈ ਦੀ ਕੋਈ ਲਹਿਰ ਉੱਠ ਕੇ ਕਹਿ ਰਹੀ ਹੋਵੇ ਕਿ "ਬਾਪੂ ਵੇ ਅੱਡ ਹੁੰਦੀ ਆਂ, ਮੈਂ ਕਿਹਾ ਬਾਪੂ ਵੇ ਅੱਡ ਹੁੰਦੀ ਆਂ, ਇੱਕ ਗਾਂ ਲੈ ਦੇ, ਇੱਕ ਮਹਿ ਲੈਂਦਾ, ਦੋ ਬਲਦਾਂ ਟੱਲੀਆਂ ਵਾਲੇ, ਬੋਤੀ ਲੈ ਦੇ ਝਾਂਜਰਾਂ ਵਾਲੀ ਵੇ ਅੱਡ ਹੁੰਦੀ ਹਾਂ।" ਅੱਗੋਂ ਬਾਪੂ ਕਹਿੰਦਾ ਹੈ ਕਿ ਅੱਡ ਬੇਸ਼ੱਕ ਹੋ ਜਾ ਪਰ ਇਹ ਲੈ ਕੇ ਇਹਦਾ ਗੋਹਾ ਸਾਨੂੰ ਦੇ ਦੇਵੀਂ ਤਾਂ ਕਿ ਆਉਂਦੇ ਜਾਂਦੇ ਰਾਹੀਂ ਦੇ ਪੈਰਾਂ ਨੂੰ ਲਗਾ ਸਕੀਏ। ਸੋ ਅੱਜ ਸਾਹਿਤਕ ਲਿਖਤਾਂ ਵਿਚ ਪਸ਼ੂਤਾ ਨੂੰ ਨਕਾਰਨ ਦੀ ਬਜਾਏ ਉਸ ਦੇ ਗੁਣ ਗਾਏ ਜਾਂਦੇ ਹਨ। ਕਹਿਣ ਦਾ ਮਤਲਬ ਹੈ ਕਿ ਸਾਹਿਤਕ ਦਰਪਣ ਨੂੰ ਦਾਗ਼ੀ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਜਾ ਰਹੀ।

ਅੱਜ ਪੈਸੇ ਲੈ ਕਿ ਪਸ਼ੂਤਾ ਬਿਰਤੀ ਦੇ ਗੋਗੇ ਗਾਉਣ ਵਾਲਾ ਸਾਹਿਤ ਸਮਾਜ ਦੀ ਝੋਲੀ ਪਾਏ ਜਾਣ ਨੂੰ ਅਕਲਮੰਦੀ ਦਾ ਕੰਮ ਮੰਨਿਆ ਜਾਂਦਾ ਹੈ, ਜਿਹੜਾ ਕਿ ਪੂਰੇ ਸਮਾਜ ਲਈ ਇੱਕ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਸਾਹਿਤਕ ਦਰਪਣ ਕਿਤਾਬਾਂ, ਮੈਗਜ਼ੀਨਾਂ, ਮੀਡੀਆ ਜਿਵੇਂ ਅਖ਼ਬਾਰਾਂ, ਟੀ. ਚੈਨਲਾਂ ਆਦਿ ਰਾਹੀਂ ਪ੍ਰਚਾਰਿਆ ਜਾ ਸਕਦਾ ਹੈ ਪਰ ਅੱਜ ਇਹ ਇੱਕ ਵਪਾਰ ਦਾ ਹਿੱਸਾ ਬਣ ਕੇ ਰਹਿ ਗਏ ਹਨ। ਗਧਿਆਂ ਦੇ ਪ੍ਰਚਾਰ ਵਿੱਚ ਵਾਧਾ ਜ਼ੋਰਾਂ ਸ਼ੋਰਾਂ 'ਤੇ ਹੈ। ਪਰ ਚੰਗੀ ਚੀਜ਼ ਘੱਟ ਹੀ ਦੇਖਣ, ਪੜ੍ਹਨ - ਸੁਣਨ ਨੂੰ ਮਿਲਦੀ ਹੈ।

ਸਾਹਿਤ ਇਨਕਲਾਬੀ ਹੁੰਦਾ ਹੈ ਤੇ ਇਹ ਸਮਾਜ ਦੀਆਂ ਬੁਰਾਈਆਂ 'ਤੇ ਵਿਅੰਗ ਕੱਸਦਾ ਹੈ ਲੇਕਿਨ ਅੱਜ ਸਹਿਤ ਦਾ ਅਰਥ ਵੀ ਬਦਲਿਆ ਜਾਪਦਾ ਹੈ। ਅੱਜ ਘੋੜੇ ਦੇ ਕੀਤੇ ਕੰਮਾਂ ਦਾ ਕਰੈਡਿਟ ਗਧੇ ਨੂੰ ਦੇ ਦਿੱਤਾ ਜਾਂਦਾ ਹੈ। ਅੱਜ ਸਮਾਜ ਦੇ ਨਕਾਰਤਮਕ ਪਾਤਰਾਂ ਨੂੰ ਸਾਕਾਰਤਮਕ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਤੇ ਨਾਕਾਰਾਤਮਕ ਘਟਨਾਵਾਂ ਦਾ ਭਾਂਡਾ ਸਾਕਾਰਾਤਮਕ ਪਾਤਰਾਂ ਸਿਰ ਭੰਨ੍ਹ ਦਿੱਤਾ ਜਾਂਦਾ ਹੈ। ਅਰਥਾਤ ਸਾਹਿਤਕ ਸ਼ੀਸ਼ੇ ਨੂੰ ਦਾਗ਼ ਲਾਉਂਣ ਵਿੱਚ ਚਾਰ ਚੰਨ ਲਗਾਏ ਜਾਂਦੇ ਹਨ। ਸਾਰੇ ਦੇ ਸਾਰੇ ਤਮਾਸ਼ਬੀਨ ਬਣ ਕੇ ਖੁਸ਼ ਹੁੰਦੇ ਹਨ ਤੇ ਉਨ੍ਹਾਂ ਨਾਕਾਰਤਮਕ ਪਾਤਰਾਂ ਦੇ ਚਰਨਾਂ ਦੇ ਸੇਵਕ ਬਣ ਕੇ ਉਨ੍ਹਾਂ ਨਾਕਾਰਾਤਮਕ ਪਾਤਰਾਂ ਦੀ ਪੂਜਾ ਕਰਨ ਲੱਗਦੇ ਹਨ ਤੇ ਸਾਰੇ ਸਾਕਾਰਾਤਮਕ ਹੋਣ ਦੀ ਬਜਾਏ ਉਨ੍ਹਾਂ ਵਰਗੇ ਬਣਨਾ ਲੋਚਣ ਲੱਗਦੇ ਹਨ। ਇਸ ਵਿਚ ਦੋਸ਼ ਸਾਹਿਤ ਦਾ ਹੈ ਜਾਂ ਸਾਹਿਤ ਨੂੰ ਰਚਨ ਵਾਲਿਆਂ ਦਾ।

ਸਾਹਿਤ ਦਾ ਅਸਲ ਮਕਸਦ ਹੁੰਦਾ ਹੈ ਕਿ ਉਨ੍ਹਾਂ ਸਮਾਜ ਵਿਚਲੀਆਂ ਬੁਰਾਈਆਂ 'ਤੇ ਇੱਕ ਤਨਜ ਕੱਸਿਆ ਜਾਵੇ ਪਰ ਉਲਟਾ ਗਧਿਆਂ ਨੂੰ ਘੋੜੇ ਦਾ ਖ਼ਿਤਾਬ ਮਿਲ ਜਾਂਦਾ ਹੈ। ਸਾਹਿਤ ਵਿੱਚ ਆਇਆ ਹੋਇਆ ਇਹ ਕੁਚੱਜਾਪਨ ਤੇ ਸਾਹਿਤਕ ਦਰਪਣ 'ਤੇ ਲੱਗਾ ਹੋਇਆ ਦਾਗ ਇੱਕ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਬਣ ਚੁੱਕਾ ਹੈ ਜਿਹੜਾ ਕਿ ਸੱਚਾਈ ਤੋਂ ਪਾਸਾ ਵੱਟ ਕੇ ਕੇਵਲ ਪੈਸੇ ਕਮ-ਾਉਣ ਦਾ ਜਰੀਆ ਬਣਦਾ ਜਾ ਰਿਹਾ ਹੈ।

ਪ੍ਰੋ ਪੂਰਨ ਸਿੰਘ ਦਾ ਸਾਹਿਤ ਬਾਰੇ ਮੱਤ ਇਹ ਹੈ ਕਿ - ਸਾਹਿਤ ਦਾ ਕਦੇ ਨਿਰਮਾਣ ਨਹੀਂ ਹੁੰਦਾ ਸਗੋਂ ਇਹ ਲੋਕਾਂ ਦੇ ਦਿਲਾਂ ਵਿਚ ਸੁਭਾਵਤ ਹੀ ਪੈਦਾ ਹੋ ਜਾਂਦਾ ਹੈ, ਜਿਵੇਂ ਕਿ ਆਸਮਾਨ ਵਿੱਚ ਵਰਖਾ ਹੁੰਦੀ ਹੋਵੇ।

ਪਰ ਅੱਜ ਲੋਕਾਂ ਦੇ ਦਿਲ ਹੀ ਐਹੋ ਜਿਹੇ ਹੋ ਗਏ ਹਨ ਜਿੱਥੇ ਕਿਸੇ ਕਿਸਮ ਦੀ ਕੋਈ ਚੰਗਿਆਈ ਵਸੇਵਾਂ ਕਰਨ ਨੂੰ ਵੀ ਰਾਜ਼ੀ ਨਹੀਂ ਹੈ। ਚੰਗਾ ਸਾਹਿਤ ਲਿਖਿਆ ਵੀ ਜਾਂਦਾ ਹੈ ਤਾਂ ਅੱਜ ਦੀ ਆਧੁਨਿਕ ਵਿਜ਼ੀ ਲਾਈਫ਼ ਵਿੱਚ ਇਸ ਵੱਲ ਧਿਆਨ ਜਾਂਦਾ ਹੀ ਨਹੀਂ ਹੈ। ਸਾਹਿਤਕ ਦਰਪਣ ਉੱਤੇ ਧੂੜ ਪਾ ਕੇ ਇਸ ਵਿਚ ਦਿਖਾਈ ਦਿੰਦਾ ਹੋਇਆ ਚਿਹਰਾ ਹੀ ਧੁੰਦਲਾ ਕਰਨ ਦੀਆਂ ਕੋਸ਼ਿਸ਼ਾਂ ਆਰੰਭ ਦਿੱਤੀਆਂ ਜਾਂਦੀਆਂ ਹਨ ਤੇ ਦੇਖਣ, ਸੋਚਣ ਦੀ ਤਾਕਤ ਹੋਣ ਦੇ ਬਾਵਜੂਦ ਵੀ ਸਮਾਜ ਇਸ ਤੋਂ ਪਾਸਾ ਵੱਟ ਕੇ ਅੰਨਾਂ, ਗੂੰਗਾ, ਤੇ ਬੋਲਾ ਬਣ ਜਾਂਦਾ ਹੈ। ਸੱਚ ਚੁੱਭਦਾ ਹੈ, ਕਸ਼ਟਦਾਈ ਹੁੰਦੀ ਹੈ ਇਸ ਕਰਕੇ ਅਜਿਹਾ ਕਸ਼ਟ ਸਹੇੜਣ ਨੂੰ ਵੀ ਕੋਈ ਤਿਆਰ ਨਹੀਂ ਹੁੰਦਾ।

ਸੋ ਸਾਹਿਤਕ ਦਰਪਣ ਵਲੋਂ ਇਸ ਤਰ੍ਹਾਂ ਦਾ ਪਾਸਾ ਵੱਟਿਆ ਜਾਣਾ ਸਮਾਜ ਲਈ ਬੜਾ ਘਾਤਕ ਸਿੱਧ ਹੋ ਰਿਹਾ ਹੈ। ਬੁਰਾਈਆਂ ਦਿਨੋਂ-ਦਿਨ ਆਸਮਾਨ ਨੂੰ ਛੋਹ ਰਹੀਆਂ ਹਨ। ਪਰ ਇਨਸਾਨ ਆਪਣੇ ਅੰਦਰ ਝਾਤੀ ਮਾਰਨ ਨੂੰ ਤਿਆਰ ਹੀ ਨਹੀਂ ਹੈ।

ਉਹ ਇਸ ਲਈ ਕਿਉਂ ਕਿ ਉਹ ਸੁਚੱਜੇ ਸਾਹਿਤ ਵੱਲ ਧਿਆਨ ਲਿਆਉਣ ਤੋਂ ਵੀ ਮੁਨਕਰ ਹੋ ਗਿਆ ਹੈ। ਸੋ ਇਹ ਇੱਕ ਬਹੁਤ ਵੱਡਾ ਚਿੰਤਾ ਦਾ ਵਿਸ਼ਾ ਹੈ।

# ਸਮਾਜ ਸੇਵੀ ਮਾਸਟਰ ਜਤਿੰਦਰ ਭਾਰਦਵਾਜ ਪਾਤੜਾਂ



ਮੇਜਰ ਸਿੰਘ ਨਾਭਾ
91-94635-53962

ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੁੰਦਾ ਹੈ। ਇਸ ਲਈ ਵਿੱਦਿਆ ਦੇਣ ਦਾ ਕੰਮ ਅਧਿਆਪਕ ਦੇ ਜ਼ਿੰਮੇ ਹੈ।ਇਸ ਜ਼ਿੰਮੇਵਾਰੀ ਨੂੰ ਬਾਖ਼ੂਬੀ ਨਿਭਾਉਂਦੇ ਹੋਏ ਸ੍ਰੀ ਜਤਿੰਦਰ ਕੁਮਾਰ ਭਾਰਦਵਾਜ ਸ.ਸ. ਮਾਸਟਰ ਸਰਕਾਰੀ ਹਾਈ ਸਕੂਲ ਹਰਿਆਊ ਖੁਰਦ ਜਿਲ੍ਹਾ ਪਟਿਆਲਾ ਤੋਂ 31 ਜਨਵਰੀ 2017 ਨੂੰ ਰਿਟਾਇਰ ਹੋ ਚੁੱਕੇ ਹਨ। ਇਹਨਾਂ ਦਾ ਜਨਮ ਪਿੰਡ ਦੰਦਰਾਲਾ ਢੀਡਸਾਂ ਜਿਲ੍ਹਾ ਪਟਿਆਲਾ ਵਿਖੇ 03 ਜਨਵਰੀ 1957 ਨੂੰ ਮਾਤਾ ਸ੍ਰੀਮਤੀ ਦਿਆਵੰਤੀ ਜੀ ਦੀ ਕੁੱਖ ਤੋਂ ਹੋਇਆ। ਆਪ ਦੇ ਪਿਤਾ ਸ੍ਰੀ ਧਰਮਪਾਲ ਇੱਕ ਵੈਦ ਅਤੇ ਸਮਾਜ ਸੇਵਕ ਸਨ।ਉਨ੍ਹਾਂ ਨੇ ਕਾਫੀ ਸਮਾਂ ਪਿੰਡ ਦੀ ਪੰਚਾਇਤ ਵਿੱਚ ਬਤੌਰ ਪੰਚਾਇਤ ਮੈਂਬਰ ਕੰਮ ਕੀਤਾ। ਇਸ ਕਾਰਨ ਜਤਿੰਦਰ ਕੁਮਾਰ ਨੂੰ ਆਪਣੇ ਘਰੋਂ ਹੀ ਸਮਾਜ ਸੇਵਾ ਕਰਨ ਦੀ ਪ੍ਰੇਰਣਾ ਮਿਲੀ। ਜਤਿੰਦਰ ਕੁਮਾਰ ਨੇ ਆਪਣੀ ਮੁੱਢਲੀ ਸਿੱਖਿਆ ਆਪਣੇ ਹੀ ਪਿੰਡ ਦੇ ਸਰਕਾਰੀ ਸਕੂਲ ਤੋਂ 1974 ਵਿੱਚ ਮੈਟ੍ਰਿਕ ਦੀ ਪ੍ਰੀਖਿਆ ਸਕੂਲ ਵਿੱਚੋਂ ਅੱਵਲ ਆ ਕੇ ਪਾਸ ਕੀਤੀ। ਇਸ ਉਪਰੰਤ ਸਰਕਾਰੀ ਰਿਪੁਦਮਨ ਕਾਲਜ ਨਾਭਾ ਤੇ ਸਰਕਾਰੀ ਬਿਕਰਮ ਕਾਲਜ ਪਟਿਆਲਾ ਤੋਂ ਉਚੇਰੀ ਵਿੱਦਿਆ ਹਾਸਿਲ ਕੀਤੀ। ਇਸ ਦੌਰਾਨ ਇਨ੍ਹਾਂ ਨੇ ਅਧਿਆਪਕ ਬਣਨ ਦਾ ਸੁਪਨਾ ਲਿਆ ਅਤੇ ਨਾਭੇ ਦੀ ਟੀਚਰ ਟ੍ਰੇਨਿੰਗ ਤੋਂ ਜੇ.ਬੀ.ਟੀ. ਟ੍ਰੇਨਿੰਗ ਪ੍ਰਾਪਤ ਕਰ ਲਈ।

ਅਧਿਆਪਨ ਖੇਤਰ ਵਿੱਚ ਇਹ ਬਤੌਰ ਜੇ.ਬੀ.ਟੀ ਅਧਿਆਪਕ 25 ਜਨਵਰੀ 1978 ਨੂੰ ਆਏ।ਸੇਵਾ ਦੌਰਾਣ ਇਹਨਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬੀ.ਐਂਡ ਦੀ ਪੜ੍ਹਾਈ ਕਰਕੇ ਡਿਗਰੀ ਪ੍ਰਾਪਤ ਕਰ ਲਈ। 22 ਸਾਲ ਬਤੌਰ ਜੇ.ਬੀ.ਟੀ ਅਧਿਆਪਕ ਸੱਚੇ ਦਿਲੋਂ ਇਮਾਨਦਾਰੀ ਨਾਲ ਸੇਵਾ ਕੀਤੀ ਅਤੇ 20 ਜਨਵਰੀ 2001 ਨੂੰ ਤਰੱਕੀ ਲੈਣ ਉਪਰੰਤ 17 ਸਾਲ ਬਤੌਰ ਸ.ਸ. ਮਾਸਟਰ ਵਜੋਂ ਵੱਖੋ-ਵੱਖਰੇ ਸਕੂਲਾਂ ਵਿੱਚ ਸੇਵਾ ਨਿਭਾਈ।

ਇਸ ਦੌਰਾਨ ਆਪ ਨੇ ਸਰਕਾਰੀ ਹਾਈ ਸਕੂਲ ਹਰਿਆਊ ਖੁਰਦ (ਪਟਿਆਲਾ) ਵਿਖੇ ਬਤੌਰ ਡੀ.ਡੀ.ਓ ਵੀ ਕੰਮ ਕੀਤਾ। 1981 ਵਿੱਚ ਹੋਈ ਦੇਸ਼ ਦੀ ਮਰਦਮਸ਼ੁਮਾਰੀ ਵਿੱਚ ਸ਼ਾਨਦਾਰ ਸੇਵਾਵਾਂ ਬਦਲੇ ਮੈਡਲ ਤੇ ਪ੍ਰਸੰਸਾਂ-ਪੱਤਰ ਹਾਸਿਲ ਕੀਤਾ।

ਜਤਿੰਦਰ ਕੁਮਾਰ ਇੱਕ ਅਧਿਆਪਕ ਹੋਣ ਦੇ ਨਾਲ-ਨਾਲ ਇੱਕ ਵਧੀਆ ਲਿਖਾਰੀ ਵੀ ਹਨ। ਇਨਾਂ ਨੂੰ ਮਿੰਨੀ ਕਹਾਣੀਆਂ ਲਿਖਣ ਦਾ ਸੌਕ ਰਿਹਾ ਹੈ। ਆਪਣੀ ਲੇਖਣ ਕਲਾ ਨਾਲ ਸਮਾਜਿਕ ਬੁਰਾਈਆਂ ਤੇ ਭਖਦਿਆਂ ਮਸਲਿਆਂ ਤੇ ਕਟਾਖਸ ਕਰਦੇ ਰਹਿੰਦੇ ਹਨ।ਇਨ੍ਹਾਂ ਦੀਆਂ 'ਚੋਗਾ' ਅਤੇ 'ਪਛਤਾਵਾ' ਵਰਗੀਆਂ ਕਹਾਣੀਆਂ ਸੱਚਮੁੱਚ ਅੱਜ ਦੇ ਭ੍ਰਿਸ਼ਿਟ ਸਮਾਜ ਦੀ ਗੱਲ ਕਰਦੀਆਂ ਹਨ।

ਭਾਸ਼ਾ ਵਿਭਾਗ ਪੰਜਾਬ, ਜੰਮੂ ਕਸ਼ਮੀਰ ਅਤੇ ਪੰਜਾਬੀ ਅਖਬਾਰਾਂ, ਰਸਾਲਿਆਂ ਵਿੱਚ ਆਪ ਦੀਆਂ ਕਈ ਕਹਾਣੀਆਂ ਪ੍ਰਕਾਸ਼ਿਤ ਹੋਈਆਂ ਹਨ। ਇਸ ਤੋਂ ਇਲਾਵਾ ਜਤਿੰਦਰ ਕੁਮਾਰ ਨੂੰ ਭਾਸ਼ਣ ਕਲਾ ਅਤੇ ਗੀਤ ਗਾਉਣ ਦਾ ਵੀ ਸ਼ੌਕ ਰਿਹਾ ਹੈ। ਕਈ ਥਾਵਾਂ ਤੇ ਸਮਾਜਿਕ ਵਿਸ਼ਿਆ ਤੇ ਇਨ੍ਹਾਂ ਨੇ ਭਾਸਣ ਦੇ ਕੇ ਸਰੋਤਿਆਂ ਨੂੰ ਪ੍ਰਭਾਵਿਤ ਕੀਤਾ ਹੈ ਤੇ ਸਰੋਤਿਆਂ ਵਲੋਂ ਤਾਰੀਫ ਵੀ ਕੀਤੀ ਜਾਂਦੀ ਰਹੀ ਹੈ। ਇਹ ਇੱਕ ਸਪੱਸ਼ਟ ਜਿਹੇ ਇਨਸਾਨ ਹਨ ਜੋ ਗੱਲਾਂ ਵਿੱਚ ਘੱਟ



ਤੇ ਕੰਮ ਵਿੱਚ ਜਿਆਦਾ ਵਿਸ਼ਵਾਸ ਰੱਖਦੇ ਹਨ। ਉਸ ਨੇ ਆਪਣੀ ਸਰਵਿਸ ਦੌਰਾਣ ਸਮਾਜ ਦੀ ਬੇਹਤਰ ਉਸਾਰੀ ਲਈ ਬੇਖ਼ੌਫ ਹੋ ਕੇ ਕੰਮ ਕੀਤਾ । ਇਨ੍ਹਾਂ ਨੇ 39 ਸਾਲ ਦੀ ਬੇਦਾਗ ਸੇਵਾ ਤਕਰੀਬਨ ਪਾਤੜਾਂ ਦੇ ਆਲੇ ਦੁਆਲੇ ਦੇ ਸਕੂਲਾਂ ਵਿੱਚ ਹੀ ਨਿਭਾਈ ਹੈ। ਇਸੇ ਕਰਕੇ ਇਨ੍ਹਾਂ ਨੇ ਪਾਤੜਾਂ ਦੀ ਮਿੱਟੀ ਨਾਲ ਮੋਹ ਪਾ ਕੇ ਇਥੇ ਹੀ ਪੱਕਾ ਰੈਣ ਬਸੇਰਾ ਬਣਾ ਲਿਆ ਹੈ।

ਇਹਨਾਂ ਦੀ ਪਤਨੀ ਸ੍ਰੀਮਤੀ ਸੰਤੋਸ਼ ਰਾਣੀ ਵੀ ਅਧਿਆਪਨ ਦੇ ਖੇਤਰ ਵਿੱਚ ਸੇਵਾ ਨਿਭਾ ਚੁੱਕੇ ਹਨ। ਇਹਨਾਂ ਦੇ ਦੋ ਬੱਚੇ ਇੱਕ ਬੇਟਾ ਤੇ ਇੱਕ ਬੇਟੀ ਮੈਡੀਕਲ ਦੀ ਪੜਾਈ ਕਰ ਕੇ ਬਤੌਰ ਸਰਕਾਰੀ ਡਾਕਟਰ ਸੇਵਾ ਨਿਭਾ ਰਹੇ ਹਨ ਜੋ ਕਿ ਆਪਣੇ ਗ੍ਰਹਿਸਥੀ ਜੀਵਨ ਵਿੱਚ ਮਸ਼ਰੂਫ ਹੋ ਚੁੱਕੇ ਹਨ। ਇਨ੍ਹਾਂ ਦੇ ਛੋਟੇ ਭਰਾ ਕਮਲ ਸ਼ਰਮਾ ਵੀ ਪਾਤੜਾਂ ਵਿਖੇ ਰਹਿ ਰਹੇ ਹਨ ਜੋ ਕਿ ਸਰਕਾਰੀ ਮਿਡਲ ਸਕੂਲ ਪੂਰਨਮਾਜਰਾ (ਫਤਿਆਬਾਦ) ਵਿਖੇ ਬਤੌਰ ਕਲਾ ਅਧਿਆਪਕ ਸੇਵਾ ਨਿਭਾ ਰਹੇ ਹਨ ਅਤੇ ਵੱਡੇ ਭਰਾ ਰਾਮਿੰਦਰ ਕੁਮਾਰ ਤਹਿਸੀਲ ਦਫਤਰ ਅਮਲੋਹ ਵਿਖੇ ਸ਼ਾਨਦਾਰ ਬੇਦਾਗ ਸੇਵਾ ਨਿਭਾ ਕੇ ਸੇਵਾ ਮੁਕਤੀ ਉਪਰੰਤ ਆਪਣੇ ਪਿੰਡ ਦੰਦਰਾਲਾ ਢੀਂਡਸਾ ਵਿਖੇ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ। ਜਤਿੰਦਰ ਕੁਮਾਰ ਸਾਡੇ ਸਮਾਜ ਲਈ ਇੱਕ ਮਾਰਗ ਦਰਸ਼ਕ ਹਨ ।ਉਹ ਛੋਟੇ ਹੁੰਦੇ ਪਿੰਡ ਦੇ ਮੰਦਰ 'ਚ ਆਏ ਇੱਕ ਸਾਧੂ ਤੋਂ ਕੁਝ ਯੋਗੇ ਦੇ ਆਸ਼ਣ ਸਿੱਖ ਗਏ ਸਨ ਜੋ ਉਹ 18 ਮਈ 1983 ਤੋਂ ਲੈ ਕੇ ਲਗਾਤਾਰ ਅੱਜ ਵੀ ਯੋਗਾ ਕਰ ਰਹੇ ਹਨ।ਉਹ ਆਪਣੀ ਸਿਹਤ ਪ੍ਰਤੀ ਹਮੇਸ਼ਾਂ ਜਾਗਰੂਕ ਰਹਿੰਦੇ ਹਨ। ਉਹ ਹਫਤੇ ਵਿੱਚ ਦੋ ਦਿਨ ਸੇਂਟ ਮੈਰੀ ਪਬਲਿਕ ਸਕੂਲ ਨਿਹਾਲਗੜ੍ਹ (ਸੰਗਰੂਰ) ਵਿਖੇ ਸਵੇਰ ਦੀ ਸਭਾ ਵਿੱਚ ਬੱਚਿਆਂ ਨੂੰ ਨੈਤਿਕ ਸਿੱਖਿਆ ਅਤੇ ਚੰਗੇ ਸੰਸਕਾਰਾਂ ਬਾਰੇ ਕਿਸੇ ਕਹਾਣੀ ਜਾਂ ਪ੍ਰੇਰਕਪ੍ਰਸੰਗ ਸੁਣਾ ਕੇ ਅੱਜ ਦੇ ਸਮੇਂ ਸਮਾਜ ਵਿੱਚ ਪਨਪ ਰਹੇ ਅਸੱਭਿਅਕ ਬੋਲਬਾਲੇ ਨੂੰ ਠੱਲ੍ਹ ਪਾਉਣ ਦੀ ਦਿਲੋਂ ਕੋਸ਼ਿਸ ਕਰ ਰਹੇ ਹਨ। ਉਹ ਸਕੂਲ ਦੀ ਕਿਸੇ ਨਾ ਕਿਸੇ ਕਲਾਸ ਵਿੱਚ ਵਿਸ਼ੇਸ ਘੰਟੀ ਲਾ ਕੇ ਆਂਪਣੇ ਤਜਰਬਿਆਂ ਦੀ ਸਾਂਝ ਪਾ ਕੇ ਵੀ ਆਉਂਦੇ ਹਨ ।ਉਹ ਜਾਨਵਰਾਂ ਦੀ ਸੰਭਾਲ ਲਈ ਪਟਿਆਲਾ ਦੀ ਸੰਸਥਾ 'ਵੰਦੇ ਮਾਤਰਮ' ਨਾਲ ਜੁੜੇ ਹੋਏ ਹਨ। ਉਹ ਜਾਨਵਰਾਂ ਦੀ ਸੇਵਾ ਸੰਭਾਲ ਅਤੇ ਉਨ੍ਹਾਂ ਦੀਆਂ ਬਿਮਾਰੀਆਂ ਦਾ ਇਲਾਜ ਕਰਨਾ ਆਪਣਾ ਫਰਜ਼ ਸਮਝਦੇ ਹਨ ਜਦੋਂ ਵੀ ਕੋਈ ਕੁੱਤਾ ਗਲੀ ਵਿੱਚ ਜਾਂ ਆਲੇ ਦੁਆਲੇ ਬਿਮਾਰ ਦਿੱਸਦਾ ਹੈ ਤਾਂ ਉਸ ਨੂੰ ਦਵਾਈ ਦੇ ਕੇ ਉਸ ਦਾ ਇਲਾਜ ਕਰਨ ਦੀ ਕੋਸ਼ਿਸ਼ ਕਰਦੇ ਹਨ।ਪ੍ਰਮਾਤਮਾ ਕਰੇ ਉਹ ਇਸੇ ਤਰ੍ਹਾਂ ਸਮਾਜ ਦੀ ਸੇਵਾ ਕਰਦੇ ਰਹਿਣ।

## ਸਕੂਲ ਮੈਗਜ਼ੀਨ ਦੀ ਮਹੱਤਤਾ

**ਮੇਜਰ ਸਿੰਘ ਨਾਭਾ**

ਅੱਜ ਮਨੁੱਖ ਦੇ ਕੋਲ ਕਿਸੇ ਦੀ ਗੱਲ ਸੁਣਨ ਦਾ ਵਹਿਲ ਬਹੁਤ ਘੱਟ ਹੈ ਪਰ ਬੱਚਿਆਂ ਦੀਆਂ ਗੱਲਾਂ ਸੁਣਨਾ ਉਨ੍ਹਾਂ ਦੇ ਬੌਧਿਕ ਵਿਕਾਸ ਲਈ ਜਰੂਰੀ ਹੈ। ਹਰੇਕ ਬੱਚੇ ਦੇ ਮਨ ਅੰਦਰ ਬਹੁਤ ਛੁਪੀਆਂ ਹੋਈਆਂ ਰੁਚੀਆਂ, ਖਿਆਲ, ਵਲਵਲੇ ਆਦਿ ਹੁੰਦੇ ਹਨ ਜੋ ਕਿ ਉਸਦੀ ਸਖਸ਼ੀਅਤ ਨੂੰ ਨਿਖਾਰਨ ਵਿੱਚ ਸਹਾਈ ਹੋ ਸਕਦੇ ਹਨ, ਜੇਕਰ ਇਨ੍ਹਾਂ ਨੂੰ ਬਾਹਰ ਕੱਢਕੇ ਉਨ੍ਹਾਂ ਦਾ ਵਿਸਲੇਸ਼ਣ ਕਰਕੇ ਸਹੀ ਸੇਧ ਦਿੱਤੀ ਜਾਵੇ। ਇਸ ਕਾਰਜ ਲਈ ਸਕੂਲ ਮੈਗਜ਼ੀਨ ਦਾ ਮਹੱਤਵਪੂਰਣ ਰੋਲ ਹੈ।ਭਾਵੇਂ ਬਹੁਤੇ ਪ੍ਰਾਈਵੇਟ ਸਕੂਲ ਤਾਂ ਮੈਗਜ਼ੀਨ ਹਰ ਸਾਲ ਕੱਢਦੇ ਰਹਿੰਦੇ ਹਨ ਪਰ ਸਰਕਾਰੀ ਸਕੂਲਾਂ ਦੀ ਇਸ ਸਬੰਧੀ ਕਾਰਗੁਜ਼ਾਰੀ ਮਾੜੀ ਹੀ ਹੈ, ਬਹੁਤ ਘੱਟ ਸਕੂਲ ਹੀ ਮੈਗਜ਼ੀਨ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਕਰਦੇ ਹਨ। ਬੱਚੇ ਅੰਦਰਲੀ ਸੋਚ ਨਾਕਾਰਾਤਮਕ ਅਤੇ ਸਾਕਾਰਾਤਮਕ ਸੋਚ ਹੋਣੀ ਉਸ ਦੇ ਆਲੇ ਦੁਆਲੇ ਉੱਪਰ ਜਿਆਦਾ ਨਿਰਭਰ ਕਰਦੀ ਹੈ। ਫਿਰ ਵੀ ਵਹਿਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ ਜਿਹੜਾ ਕਿ ਨਾਕਾਰਾਤਮਕ ਸੋਚ ਨੂੰ ਪਹਿਲ ਦੇ ਆਧਾਰ ਤੇ ਅਪਣਾਉਂਦਾ ਹੈ। ਬੱਚੇ ਦਾ ਮਨ ਵਹਿਲੇ ਸਮੇਂ ਕਿਸੇ ਨਾ ਕਿਸੇ ਕੰਮ'ਚ ਰੁਝਿਆ ਹੋਣਾ ਜਰੂਰੀ ਹੈ।ਇਨ੍ਹਾਂ ਵਿੱਚੋਂ ਹੀ ਆਪਣੇ ਵਿਚਾਰਾਂ ਨੂੰ ਦੂਸਰਿਆਂ ਸਾਹਮਣੇ ਪ੍ਰਗਟਾਉਣ ਸਮੇਂ ਬੱਚੇ ਅੰਦਰ ਅਵੱਸ਼ ਹੀ ਸਾਕਾਰਾਤਮਕ ਸੋਚ ਪੈਦਾ ਹੋਵੇਗੀ। ਇਸੇ ਸੋਚ ਨੂੰ ਅੱਗੇ ਵਧਾਉਣ ਲਈ ਹਰੇਕ ਸਕੂਲ ਵਲੋਂ ਆਪਣਾ ਮੈਗਜ਼ੀਨ ਪ੍ਰਕਾਸ਼ਿਤ ਕਰਕੇ ਨਵਾਂ ਇਤਿਹਾਸ ਸਿਰਜਿਆ ਜਾਵੇ, ਜਿਸ ਵਿੱਚ ਬੱਚਿਆਂ ਦੀਆਂ ਰਚਨਾਵਾਂ, ਕਲਾਕ੍ਰਿਤਾਂ ਆਦਿ ਸਾਮਲ ਕਰਨ ਨਾਲ ਉਨ੍ਹਾਂ ਅੰਦਰ ਰਚਨਾਤਮਕ ਕ੍ਰਿਆਵਾਂ/ਸੋਚ ਪੈਦਾ ਹੋਣ ਦੇ ਨਾਲ ਨਾਲ ਉਨ੍ਹਾਂ ਦੇ ਗਿਆਨ ਵਿੱਚ ਵੀ ਵਾਧਾ ਹੋਵੇਗਾ ਜੋ ਕਿ ਉਨ੍ਹਾਂ ਦੀ ਜ਼ਿੰਦਗੀ ਵਿੱਚ ਇੱਕ ਨਿਵੇਕਲੀ ਪਹਿਚਾਣ ਦਾ ਪ੍ਰਤੀਕ ਬਣੇਗਾ ਅਤੇ ਬੱਚਿਆਂ ਅੰਦਰ ਸਾਹਿਤਕ ਰੁ-ਚੀਆਂ ਪੈਦਾ ਕਰਨ ਲਈ ਵੀ ਸਹਾਈ ਹੋਵੇਗਾ।ਆਮ ਤੌਰ ਤੇ ਇਹੋ ਜਿਹੇ ਕੰਮ ਵਿੱਤੀ ਸਹਾਇਤਾ ਤੋਂ ਬਿਨ੍ਹਾਂ ਹੋਣੇ ਅਸੰਭਵ ਹੁੰਦੇ ਹਨ। ਇਸ ਲਈ ਬੱਚਿਆਂ,ਮਾਪਿਆਂ,ਪੱਤਵੰਤੇ ਦਾਨੀ ਸੱਜਣਾਂ, ਸਮੂਹ ਸਟਾਫ਼ ਦਾ ਸਹਿਯੋਗ ਲਿਆ ਜਾ ਸਕਦਾ ਹੈ। ਕਈ ਸਕੂਲ ਇਸ ਪ੍ਰੰਪਰਾ ਨੂੰ ਬਰਕਰਾਰ ਰੱਖਦੇ ਹੋਏ ਆਪਣੇ ਪੱਧਰ ਤੇ ਸਕੂਲ ਮੈਗਜ਼ੀਨ ਹਰ ਸਾਲ ਪ੍ਰਕਾਸ਼ਿਤ ਕਰ ਰਹੇ ਹਨ ਜੋ ਵਧਾਈ ਦੇ ਪਾਤਰ ਹਨ। ਪਿਛਲੇ ਸਾਲਾਂ ਦੌਰਾਣ ਮਹਿਕਮੇ ਵਲੋਂ ਮੈਗਜ਼ੀਨ ਹਰੇਕ ਸਕੂਲ ਲਈ ਪ੍ਰਕਾਸ਼ਿਤ ਕਰਨ ਨੂੰ ਲਾਜ਼ਮੀ ਕਰ ਦਿੱਤਾ ਸੀ, ਇਹ ਵਧੀਆ ਉਪਰਾਲਾ ਸੀ ਪਰ ਕਾਮਯਾਬ ਨਾ ਹੋ ਸਕਿਆ। ਬਹੁਤੇ ਸਕੂਲਾਂ ਨੇ ਇੱਕ ਵਾਰੀ ਮੈਗਜ਼ੀਨ ਪ੍ਰਕਾਸ਼ਿਤ ਕਰਕੇ ਮਹਿਕਮੇ ਦੇ ਆਦੇਸ਼ਾਂ ਦੀ ਪਾਲਣਾ ਕਰ ਦਿੱਤੀ,ਪਰ ਇਸ ਦੀ ਮਹੱਤਤਾ ਨਹੀਂ ਸਮਝੀ। ਸਕੂਲ ਮੁੱਖੀਆਂ ਨੂੰ ਇਸ ਵਿਸ਼ੇ ਵੱਲ ਜਰੂਰ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਹੋਣਹਾਰ ਬੱਚਿਆ ਦੇ ਅਰਮਾਨਾਂ ਨੂੰ ਬੂਰ ਪੈ ਸਕੇ। ਮਹਿਕਮੇ ਨੂੰ ਵੀ ਇਸ ਸਬੰਧੀ ਵਿੱਤੀ ਸਹਾਇਤਾ ਦੀ ਵਿਵਸਥਾ ਕਰਨੀ ਚਾਹੀਦੀ ਹੈ ਤਾਂ ਜੋ ਹਰੇਕ ਸਕੂਲ ਆਪਣਾ ਮੈਗਜ਼ੀਨ ਪ੍ਰਕਾਸ਼ਿਤ ਕਰਕੇ ਯਾਦਗਾਰੀ ਪਲਾਂ ਨੂੰ ਸਾਂਭਣ ਦਾ ਮਾਣ ਮਹਿਸੂਸ ਕਰ ਸਕੇ।

**ਪਿਤਾ ਦਿਵਸ 'ਤੇ ਵਿਸ਼ੇਸ**

# ਭਗਵਾਨ ਦਾ ਰੂਪ ਹੈ ਪਿਤਾ




ਨਵਜੋਤ ਬਜਾਜ ਗੱਗੂ
91-98721-02614

ਪਤਾ ਸ਼ਬਦ ਦੋ ਅੱਖਰਾਂ ਦਾ ਸੁਮੇਲ ਹੀ ਨਹੀਂ ਹੈ ਸਗੋਂ ਹਰ ਇੱਕ ਮਨੁੱਖ ਦੇ ਜੀਵਨ ਦੀ ਪਰਿਭਾਸ਼ਾ ਹੈ। ਜਨਮ ਤੋ ਬਾਅਦ ਪਿਤਾ ਹੀ ਉਗਲ ਫੜ ਕੇ ਬੱਚੇ ਨੂੰ ਤੁਰਨਾ ਸਿਖਾਉਂਦਾ ਹੈ ਅਤੇ ਮੋਢਿਆਂ ਤੇ ਬਿਠਾ ਕੇ ਝੂਟੇ ਦਿੰਦਾ ਹੈ। ਸਕੂਲੀ ਪੜਾਈ ਤੋ ਲੈ ਕੇ ਕਾਰੋਬਾਰ ਇਥੋਂ ਤੱਕ ਬੱਚੇ ਦੇ ਵਿਆਹ ਤੋ ਬਾਅਦ ਵੀ ਪਿਤਾ ਨੂੰ ਫਿਕਰ ਰਹਿੰਦਾ ਹੈ ਕਿ ਮੇਰੇ ਬੱਚੇ ਨੂੰ ਕਿਸੇ ਪ੍ਰਕਾਰ ਦੀ ਤੱਤੀ ਵਾਅ ਨਾ ਲੱਗੇ। ਅਸੀਂ ਅਕਸਰ ਹੀ ਗੀਤ ਸੁਣਦੇ ਹਾਂ 'ਕੀਤੀਆਂ ਬਾਪੂ ਨੇ ਸਭ ਰੀਝਾਂ ਪੂਰੀਆਂ' ਪਿਤਾ ਦਾ ਸਾਇਆ ਬੱਚੇ ਲਈ ਭਗਵਾਨ ਤੋ ਘੱਟ ਨਹੀਂ ਹੁੰਦਾ।

ਇਸ ਲਈ ਵੈਸਟ ਵਰਜੀਨੀਆ ਦੇਸ ਨੇ ਪਹਿਲੀ ਵਾਰ ਪੰਜ ਜੁਲਾਈ 1908 ਨੂੰ ਫਾਦਰਜ਼ ਡੇਅ (ਪਿਤਾ ਦਿਵਸ) ਮਨਾਉਣ ਦੀ ਸ਼ੁਰੂਆਤ ਕੀਤੀ। ਗਰੇਸ ਕਲੇਟਨ ਜੋ ਐਨਾ ਜਰਵਿਸ ਤੋ ਬਹੁਤ ਪ੍ਰਭਾਵਿਤ ਸੀ ਐਨਾ ਜਰਵਿਸ ਜਿਸ ਨੇ ਮਾਤਾ ਦਿਵਸ ਮਨਾਉਣਾ ਸ਼ੁਰੂ ਕੀਤਾ ਸੀ। ਦਸੰਬਰ 1907 ਵਿੱਚ ਇੱਕ ਦਿਲ ਕੰਬਾਉ ਘਟਨਾ ਵਿੱਚ ਗਰੇਸ ਦੇ ਪਿਤਾ ਦੀ ਮੌਤ ਹੋ ਗਈ ਸੀ। ਉਸ ਦੇ ਨਾਲ 250 ਆਦਮੀ ਵੀ ਆਪਣੇ ਵਿਲਕਦਿਆਂ ਬੱਚਿਆਂ ਨੂੰ ਛੱਡ ਕੇ ਦੁਨੀਆ ਤੋ ਰੁਖਸਤ ਹੋ ਗਏ ਸਨ। ਗਰੇਸ ਆਪਣੇ ਮਾਰੇ ਗਏ ਪਿਤਾ ਅਤੇ ਲੋਕਾਂ ਦੀ ਯਾਦ ' ਪਿਤਾ ਦਿਵਸ ਮਨਾਂ ਕੇ ਉਹਨਾਂ ਨੂੰ ਸਰਧਾਂਜਲੀ ਦੇਣਾ ਚਾਹੁੰਦੀ ਸੀ, ਪਰ ਉਸ ਸਮੇਂ ਆਪਣੇ ਇਲਾਕੇ ਤੋ ਬਿਨਾਂ ਹੋਰ ਲੋਕਾਂ ਨੂੰ ਇਸ ਪ੍ਰਤੀ ਉਤਸ਼ਾਹਿਤ ਨਾ ਕਰ ਸਕੀ। ਉਸ ਤੋ ਬਾਅਦ 19 ਜੂਨ 1910 ਈਸਵੀ ਨੂੰ ਵਾਸ਼ਿੰਗਟਨ 'ਚ ਇਹ ਦਿਵਸ ਮਨਾਇਆ ਗਿਆ ਜਿਸ ਤੋ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਲੋਕਾਂ ਨੇ ਪਿਤਾ ਦਿਵਸ ਮਨਾਉਣਾ ਸ਼ੁਰੂ ਕੀਤਾ।ਸੰਨ 1966 ਵਿੱਚ ਰਾਸ਼ਟਰਪਤੀ ਲਿੰਡਨ ਬੀ ਜਾਨਸਨ ਨੇ ਪਹਿਲੀ ਵਾਰ ਜੂਨ ਦੇ ਤੀਜੇ ਐਤਵਾਰ ਨੂੰ ਫਾਦਰਜ਼ ਡੇਅ ਮਨਾਉਣ ਦਾ ਫੈਸਲਾ ਕੀਤਾ।ਹੁਣ ਸੰਸਾਰ ਦੇ ਵੱਖ-ਵੱਖ ਦੇਸ਼ਾਂ ਅਮਰੀਕਾ, ਇੰਗਲੈਂਡ, ਭਾਰਤ ਅਤੇ ਕਈ ਹੋਰ ਦੇਸ਼ਾਂ ਵਿੱਚ ਪਿਤਾ ਦਿਵਸ ਜੂਨ ਮਹੀਨੇ ਦੇ ਤੀਜੇ ਐਤਵਾਰ ਨੂੰ ਮਨਾਇਆ ਜਾਂਦਾ ਹੈ।

ਪਰ ਅੱਜ ਭੱਜ ਦੋੜ ਵਾਲੀ ਜਿੰਦਗੀ 'ਚ ਲੋਕ ਕਿੱਤੇ ਨਾ ਕਿਤੇ ਆਪਣੀਆਂ ਸਕਾਰਤਮਿਕ ਪਰੰਪਰਾਵਾਂ ਤੋ ਮੂੰਹ ਫੇਰ ਰਹੇ ਹਨ। ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਕਿਸੇ ਕੋਲ ਐਨਾ ਵਕਤ ਹੀ ਨਹੀਂ ਕਿ ਉਹ ਦੂਜਿਆਂ ਦੀ ਸੁੱਖ ਸਾਂਦ ਪੁੱਛ ਸਕੇ। ਇਸ ਸਮੱਸਿਆ ਨਾਲ ਬਜ਼ੁਰਗ ਅੱਜ ਜੂਝ ਰਹੇ ਹਨ। ਜ਼ਿਆਦਾਤਰ ਘਰਾਂ 'ਚ ਉਹਨਾਂ ਨਾਲ ਸਿੱਧੇ ਮੂੰਹ ਨਾਲ ਗੱਲ ਤਕ ਨਹੀਂ ਕੀਤੀ ਜਾਂਦੀ। ਉਹਨਾਂ ਦੀ ਖੁਸ਼ੀ ਗਮੀ ਦਾ ਕੋਈ ਧਿਆਨ ਨਹੀਂ ਰੱਖਿਆ ਜਾਂਦਾ। ਸਮਾਜ ਦੇ ਮਜ਼ਬੂਤ ਥੰਮ੍ਹ ਇਹਨਾਂ ਬਜ਼ੁਰਗ ਨੇ ਸਾਰੀ ਉਮਰ ਆਪਣੀ ਔਲਾਦ ਦੇ ਨਾ ਲਗਾਈ ਹੁੰਦੀ ਹੈ। ਜਦ ਉਹੀ ਔਲਾਦ ਆਪਣੇ ਪੈਰਾ ਤੇ ਖੜ੍ਹੀ ਹੁੰਦੀ ਹੈ ਤਾਂ ਬਜ਼ੁਰਗ ਮਾਪਿਆਂ ਨੂੰ ਤ੍ਰਿਸਕਾਰਨ ਲੱਗ ਜਾਂਦੀ ਹੈ। ਜਦ ਤਕ ਮਾਪੇ ਪੈਸੇ



ਦੀ ਮਸ਼ੀਨ ਹੁੰਦੇ ਹਨ ਤਾਂ ਪੁੱਛ ਪੜਤਾਲ ਹੁੰਦੀ ਹੈ ਬਾਅਦ 'ਚ ਬਿਗਾਨਿਆਂ ਵਾਲਾ ਵਰਤਾਉ ਹੋਣ ਲੱਗ ਜਾਂਦਾ ਹੈ। ਬਜ਼ੁਰਗਾਂ ਦੀ ਸਾਂਭ-ਸੰਭਾਲ ਨੂੰ ਅੱਜ ਦੇ ਪੁੱਤ ਬੋਝ ਸਮਝਣ ਲੱਗ ਪਏ ਹਨ। ਬਜ਼ੁਰਗਾਂ ਦੇ ਸਰਮਾਏ ਤੇ ਕਬਜ਼ਾ ਕਰਕੇ ਔਲਾਦ ਉਹਨਾਂ ਨੂੰ ਫਿਟਕਾਰਾਂ ਸੁਣਨ ਲਈ ਮਜਬੂਰ ਕਰ ਦਿੰਦੀ ਹੈ। ਅਸੱਭਿਅਕ ਸ਼ਬਦਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ।ਆਖਰ ਅਜਿਹਾ ਕਿਉਂ ਹੁੰਦਾ ਹੈ ਜਿਹਨਾਂ ਦੀ ਖੁਸ਼ੀ ਲਈ ਮਾਪਿਆ ਦੇ ਦਿਨ ਰਾਤ ਇਕ ਕੀਤਾ ਹੁੰਦਾ ਹੈ।ਉਹ ਬੱਚੇ ਸਭ ਕੁਝ ਭੁੱਲ ਕੇ ਪੈਸੇ ਦੇ ਪੀਰ ਬਣ ਜਾਂਦੇ ਹਨ। ਮਾਪਿਆ ਨੂੰ ਬਜ਼ੁਰਗ ਹੁੰਦੇ ਘਰੋਂ ਕੱਢਣਾ ਸਾਡੇ ਸਮਾਜ ਦੇ ਚੰਦ ਲੋਕਾਂ ਦੀ ਸ਼ੁਰੂ ਤੋ ਹੀ ਪ੍ਰਥਾ ਰਹੀ ਹੈ। ਜਦ ਮਾਪੇ ਸਹਾਰਾ ਲੈਣ ਯੋਗ ਹੁੰਦੇ ਹਨ ਤਾਂ ਉਹਨਾਂ ਦੀ ਅਯੋਗ ਔਲਾਦ ਉਹਨਾਂ ਨੂੰ ਤੀਰਥ ਤੇ ਛੱਡ ਆਉਂਦੀ ਸੀ। ਅਜੋਕੇ ਦੌਰ ਅੰਦਰ ਬਿਰਧ ਆਸ਼ਰਮ ਸਮਾਜ ਦੇ ਮੱਥੇ ਤੇ ਬਹੁਤ ਵੱਡੇ ਕਲੰਕ ਹਨ।

ਅਜੋਂਕੇ ਇਨਸਾਨ ਦੀ ਮਤਲਬਪ੍ਰਸਤੀ ਇਸ ਹੱਦ ਤਕ ਗਿਰ ਚੁੱਕੀ ਹੈ ਬਿਰਧ ਮਾਪਿਆ ਨੂੰ ਬਿਰਧ ਆਸ਼ਰਮਾਂ ਵਿੱਚ ਛੱਡ ਕੇ ਆਪ ਦੁਨੀਆ ਦੀਆਂ ਰੰਗੀਨੀਆ ਚ' ਮਸਤ ਹੋ ਰਿਹਾ ਹੈ। ਜੋ ਆਪਣੇ ਜਨਮ ਦਾਤੇ ਦਾ ਨਹੀਂ ਹੋਇਆ, ਉਹ ਦੇਸ ਸਮਾਜ ਦਾ ਕੀ ਸੰਵਾਰੇਗਾ। ਸੋਚਣ ਦੀ ਗੱਲ ਹੋ ਅਗਰ ਜਨਮ ਸਮੇਂ ਸਾਡੇ ਮਾਪੇ ਸਾਡੇ ਵਾਗ ਮਤਲਬੀ ਹੋ ਜਾਂਦੇ ਤਾਂ ਸਾਡਾ ਭਵਿਖ ਕੀ ਹੁੰਦਾ। ਸ਼ਾਇਦ ਅਸੀਂ ਵੀ ਅੱਜ ਕਿਸੇ ਅਨਾਥ ਆਸ਼ਰਮ 'ਚ ਹੋਣਾ ਸੀ, ਪਰ ਉਹ ਖ਼ੁਦਗਰਜ਼ ਨਹੀਂ ਬਣੇ। ਉਹਨਾਂ ਦੇ ਇਸ ਨੂੰ ਨੈਤਿਕ ਫਰਜ਼ ਸਮਝ ਕੇ ਨਿਭਾਇਆ ਫਿਰ ਅਸੀਂ ਅਨੈਤਿਕਤਾ' ਤੇ ਕਿਉਂ ਉਤਰ ਆਏ ਹਾਂ। ਅਗਰ ਦੇਖਿਆਂ ਜਾਵੇ ਜੇ ਸਮਾਜ' ਚ ਬਿਰਧ ਆਸ਼ਰਮ ਮੌਜੂਦ ਹਨ ਤਾਂ ਅਨਾਥ ਆਸ਼ਰਮਾਂ ਦੀ ਵੀ ਕੋਈ ਕਮੀ ਨਹੀਂ ਹੈ। ਮੰਨਿਆ ਮਸ਼ੀਨੀ ਯੁੱਗ' ਚ ਮਸ਼ੀਨ ਬਣੇ ਬਿਨਾਂ ਪੂਰੀ ਨਹੀਂ ਪੈਂਦੀ ਪਰ ਮਾਪਿਆ ਲਈ ਚੰਦ ਪਲ ਕੱਢਣੇ ਇੰਨੇ ਵੀ ਜਿਆਦਾ ਔਖੇ ਨਹੀਂ ਹਨ। ਬੱਚਿਆਂ ਨਾਲ ਪਿਕਨਿਕ ਤੇ ਜਾਣ ਲਈ, ਪਾਰਟੀਆਂ ਕਰਨ ਜਾਂ ਹੋਰ ਸਮਾਜਿਕ, ਧਾਰਮਿਕ, ਕੰਮਾਂ ਲਈ ਤਾਂ ਸਮਾਂ ਬਹੁਤ ਹੈ। ਪਰ ਮਾਪਿਆ ਲਈ ਸਮਾ ਕਿਉਂ? ਸਾਨੂੰ ਅੱਜ ਇਹ ਜਰੂਰ ਦੇਖਣਾ ਹੋਵੇਗਾ ਕਿ ਅਸੀਂ ਆਪਣੇ ਬੱਚਿਆਂ ਨੂੰ ਕੀ ਸਿਖਾ ਰਹੇ ਹਾਂ? ਅੱਜ ਜੇ ਅਸੀਂ ਆਪਣੇ ਮਾਪਿਆ ਦਾ ਕਹਿਣਾ ਨਹੀਂ ਮੰਨਦੇ ਉਹਨਾਂ ਦੀ ਸੇਵਾ ਸੰਭਾਲ ਨਹੀਂ ਕਰਦੇ ਤਾਂ ਕੀ ਸਾਡੀ ਆਉਣ ਵਾਲੀ ਪੀੜੀ ਆਗਿਆਕਾਰ ਹੋਵੇਗੀ ਤੇ ਸਾਡੇ ਅਰਮਾਨਾਂ ਤੇ ਖਰਾ ਉੱਤਰੇਗੀ? ਇਹ ਪਿਰਤ ਚਾਹੇ ਸਾਡੇ ਲਈ ਨਵੀਂ ਹੈ। ਪਰ ਸਾਡੇ ਦੇਸ ਵਿੱਚ ਹਮੇਸ਼ਾ ਤੋ ਹੀ ਆਪਣੇ ਪੂਰਵਜਾਂ ਦਾ ਸਤਿਕਾਰ ਕੀਤਾ ਜਾਂਦਾ ਹੈ ਅਤੇ ਮਾਪਿਆ ਨੂੰ ਰੱਬ ਦਾ ਦਰਜਾ ਦਿੱਤਾ ਜਾਂਦਾ ਹੈ। ਹਰ ਮਾਂ ਬਾਪ ਆਪਣੇ ਬੱਚਿਆਂ ਨੂੰ ਜਿੰਦਗੀ 'ਚ ਸਫਲ ਇਨਸਾਨ ਬਣਾਉਣ ਲਈ ਆਪਾ ਕੁਰਬਾਨ ਕਰਨ ਤੋ ਵੀ ਗੁਰੇਜ਼ ਨਹੀਂ ਕਰਦੇ ਮਾਂ ਦੀ ਕੁਰਬਾਨੀ ਦੇ ਸੋਹਲੇ ਤਾਂ ਸਾਰੇ ਗਾਉਂਦੇ ਹਨ, ਪਰ ਪਿਤਾਂ ਦੇ ਯੋਗਦਾਨ ਨੂੰ ਅਕਸਰ ਅਣਗੌਲਿਆ ਕੀਤਾ ਜਾਂਦਾ ਹੈ। ਜਾਂਦੀ ਉਮਰੇ ਮਾਪਿਆ ਦੀ ਸਾਂਭ-ਸੰਭਾਲ ਦੀ ਜਿੰਮੇਵਾਰੀ ਔਲਾਦ ਦੇ ਮੋਢਿਆਂ ਤੇ ਹੁੰਦੀ ਹੈ। ਜਿਸ ਨੂੰ ਨਿਭਾਇਆ ਜਾਣਾ ਲਾਜ਼ਮੀ ਹੈ। ਇਹਨਾਂ ਦਿਵਸਾਂ ਦਾ ਮਹੱਤਵ ਹੀ ਇਹ ਹੈ ਕਿ ਮਾਪਿਆ ਵੱਲੋਂ ਮੂੰਹ ਫੇਰੀ ਬੈਠੀ ਔਲਾਦ ਨੂੰ ਉਸ ਦੇ ਕਰਤੱਵਾਂ ਦਾ ਗਿਆਨ ਕਰਾਇਆ ਜਾਵੇ। ਇਹਨਾਂ ਦਿਵਸਾਂ ਦੀ ਸਾਰਥਿਕਤਾ ਇਸ ਗੱਲ ਚ ਹੈ ਕਿ ਔਲਾਦ ਆਪਣੇ ਮਾਪਿਆ ਦੀ ਦੇਣ,ਸੰਘਰਸ਼ ਤੇ ਉਹਨਾਂ ਲਈ ਕੀਤੀਆਂ ਕੁਰਬਾਨੀਆਂ ਨੂੰ ਸਦਾ ਯਾਦ ਰੱਖੇ। ਉਦੋਂ ਦਿਲ ਚੋ ਚੀਸ ਨਿਕਲਦੀ ਹੈ ਜਦ ਲੋਕ ਕਹਿੰਦੇ ਹਨ ਸਾਡੇ ਬੁੜੇ ਨੇ ਸਾਡੇ ਲਈ ਕੀ ਕੀਤਾ। ਜਿਨ੍ਹਾਂ ਕੁ ਉਹਨਾਂ ਨੂੰ ਗਿਆਨ ਸੀ, ਸ਼ਕਤੀ ਤੇ ਸਰਮਾਇਆ ਸੀ, ਉਸ ਨਾਲ ਲਾਜ਼ਮੀ ਹੀ ਉਹਨਾਂ ਨੇ ਚੰਗੇਰਾ ਕਰਨ ਦੀ ਕੋਸ਼ਿਸ਼ ਕੀਤੀ ਹੋਵੇਗੀ। ਕਿਸੇ ਵਿਦਵਾਨ ਨੇ ਕਿਹਾ ਹੈ ਆਪਣੀ ਜਿੰਦਗੀ 'ਚ ਦੋ ਵਿਅਕਤੀਆਂ ਨੂੰ ਕਦੇ ਨਾ ਭੁੱਲੋ, ਇੱਕ ਪਿਤਾਂ ਉਹ ਜੋ ਤੁਹਾਨੂੰ ਕਿਸੇ ਮੁਕਾਮ ਤੇ ਪਹੁੰਚਾਉਣ ਲਈ ਆਪਣਾ ਸਭ ਕੁਝ ਨਿਛਾਵਰ ਕਰਨ ਨੂੰ ਤਿਆਰ ਰਹਿੰਦਾ ਹੈ। ਦੂਜਾ ਉਹ (ਮਾਤਾ) ਜੋ ਹਰ ਦੁੱਖ ਦਰਦ ਤੇ ਤੁਹਾਡਾ ਸਾਥ ਦਿੰਦੀ ਹੈ। ਇਸ ਲਈ ਇਹ ਬੇਹੱਦ ਜਰੂਰੀ ਹੋ ਲੋਕ ਆਪਣੀ ਜਿੰਮੇਵਾਰੀ ਸਮਝਣ ਤੇ ਮਾਪਿਆ ਨੂੰ ਬਣਦਾ ਮਾਣ ਸਨਮਾਨ ਦੇਣ ਦੀ ਕੋਸ਼ਿਸ਼ ਕਰਨ। ਮਾਪੇ ਸਦਾ ਕੋਲ ਨਹੀਂ ਰਹਿੰਦੇ ਉਹਨਾਂ ਦਾ ਵਿਛੋੜਾ ਹੀ ਉਹਨਾਂ ਦੀ ਅਹਿਮੀਅਤ ਦਾ ਅਹਿਸਾਸ ਕਰਾਉਂਦਾ ਹੈ। ਬਜ਼ੁਰਗ ਦੁਆਵਾਂ ਤੇ ਤਜਰਬੇ ਦੇ ਭੰਡਾਰ ਹੁੰਦੇ ਹਨ, ਇਸ ਦਾ ਲਾਹਾ ਲਿਆ ਜਾਂਦਾ ਹੈ।

ਮੇਰੇ ਪਿਤਾਂ ਜੀ ਇੱਕ ਸੜਕ ਦੁਰਘਟਨਾ ਵਿੱਚ ਸਾਨੂੰ ਹਮੇਸ਼ਾ ਲਈ ਵਿਛੋੜਾ ਦੇ ਗਏ ਸਨ ।ਉਹਨਾਂ ਦੀ ਯਾਦ ਅੱਜ ਵੀ ਝਿੰਜੋੜ ਕੇ ਰੱਖ ਦਿੰਦੀ ਹੈ ।ਕਰਮਾਂ ਵਾਲੇ ਹਨ ਉਹ ਧੀਆਂ ਪੁੱਤਰ ਜਿਨਾਂ ਦੇ ਸਿਰ ਤੇ ਮਾਂ-ਬਾਪ ਦਾ ਸਾਇਆ ਹਮੇਸ਼ਾ ਬਣਿਆ ਰਹਿੰਦਾ ਹੈ। ਮਾਂ-ਪਿਤਾ ਦੀ ਸੇਵਾ ਹੀ ਅਸਲ ਵਿੱਚ ਰੱਬ ਦੀ ਸੱਚੀ ਪੂਜਾ ਹੈ ।

# ਬਚਪਨ, ਸਵੈਮਾਣ ਅਤੇ ਬਗ਼ਾਵਤ



ਕੁਲਵੰਤ ਸਿੰਘ ਟਿੱਬਾ
91-92179-71379

ਭਾਰਤੀ ਸੰਵਿਧਾਨ ਦੇ ਨਿਰਮਾਤਾ ਅਤੇ ਭਾਰਤ ਰਤਨ ਡਾ. ਬੀ. ਆਰ. ਅੰਬੇਡਕਰ ਦਾ ਕਥਨ ਹੈ ਕਿ 'ਗ਼ੁਲਾਮਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾ ਦਿਓ ਤਾਂ ਉਹ ਬਗ਼ਾਵਤ ਕਰ ਦੇਣਗੇ।' ਆਪਣੇ ਆਪ ਵਿੱਚ ਸਵੈਮਾਣ ਪੈਦਾ ਹੋਣਾ ਹੀ ਬਗ਼ਾਵਤ ਨੂੰ ਜਨਮ ਦਿੰਦਾ ਹੈ। ਇਹ ਘਟਨਾ ਸਾਲ 1993 ਦੀ ਹੈ।

ਮੇਰੀ ਉਮਰ ਉਸ ਵੇਲੇ 10 ਮਸਾਂ ਹੀ ਸਾਲਾਂ ਦੀ ਹੋਵੇਗੀ ਅਤੇ ਮੈਂ ਚੌਥੀ ਸ਼੍ਰੇਣੀ ਵਿੱਚ ਪੜਦਾ ਸਾਂ। ਮੇਰੇ ਬਾਪੂ ਜੀ ਮਰੇ ਹੋਏ ਪਸ਼ੂ ਚੁੱਕਣ ਦਾ ਮਲੀਨ ਕਿੱਤਾ ਕਰਦੇ ਸਨ। ਪਿੰਡ ਦੀ ਪੰਚਾਇਤ ਨੇ ਇੱਕ ਸਾਂਝੀ ਥਾਂ 'ਤੇ ਖੁੱਲ੍ਹੀ ਬੋਲੀ ਰਾਹੀਂ ਚਮੜੇ ਦਾ ਠੇਕਾ ਦੇਣਾ ਅਤੇ ਵੱਧ ਬੋਲੀ ਦੇਣ ਵਾਲੇ ਦਲਿਤ ਦੇ ਨਾਂ ਠੇਕਾ ਇੱਕ ਸਾਲ ਲਈ ਤੋੜ ਦਿੰਦੇ। ਮੇਰੇ ਪਿਤਾ ਜੀ ਲੰਮੇ ਸਮੇਂ ਤੋਂ ਬੋਲੀ ਦੇ ਕੇ ਚਮੜੇ ਦਾ ਠੇਕਾ ਲੈਂਦੇ ਆ ਰਹੇ ਸਨ। ਸਾਡੇ ਘਰ ਦੇ ਇੱਕ ਕੋਨੇ ਵਿੱਚ ਬਣੀ ਕੱਚੀ ਕੋਠੜੀ ਵਿੱਚ ਮਰੇ ਹੋਏ ਪਸ਼ੂਆਂ ਦੀਆਂ ਖੱਲ੍ਹਾਂ ਜਿਵੇਂ ਮਾਝੀ, ਕਟਾਹਲ,ਗੋਕਾ,ਬਸੇਲਾ ਆਦਿ ਰੱਖੀਆਂ ਹੁੰਦੀਆਂ ਅਤੇ ਮੈਂ ਇਨ੍ਹਾਂ ਖੱਲ੍ਹਾਂ ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ ਨਮਕ ਲਗਾਉਂਦਾ ਹੁੰਦਾ ਸੀ। ਪਰ ਮੈਨੂੰ ਇਹ ਕਿੱਤਾ ਕਦੇ ਵੀ ਪਸੰਦ ਨਹੀ ਸੀ। ਇੱਕ ਦਿਨ ਪਿੰਡ ਦੇ ਕਿਸੇ ਜੱਟ ਪਰਿਵਾਰ ਦੇ ਘਰ ਮੱਝ ਮਰ ਗਈ,ਉਹ ਸਾਡੇ ਘਰ ਸੁਨੇਹਾ ਦੇ ਗਏ ਕਿ ਮਰੀ ਹੋਈ ਮੱਝ ਚੁੱਕ ਲਿਆਓ।

ਉਸ ਜੱਟ ਪਰਿਵਾਰ ਦੀ ਕੁੜੀ ਮੇਰੇ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਪੜ੍ਹਦੀ ਸੀ। ਮੇਰੇ ਪਿਤਾ ਜੀ ਕਹਿੰਦੇ ਕਿ ਤੂੰ ਨਾਲ ਚੱਲ, ਆਪਾ ਮੱਝ ਰੇਹੜੇ 'ਤੇ ਲੱਦ ਕੇ ਹੱਡਾਰੋੜੀ ਵਿੱਚ ਲੈ ਚੱਲੀਏ ਪਰ ਮੈਂ ਤਰੰਤ ਨਾਂਹ ਕਰ ਦਿੱਤੀ। ਮੇਰੇ ਮਨ ਵਿੱਚ ਇੱਕੋ ਹੀ ਗੱਲ ਚੱਲ ਰਹੀ ਸੀ ਕਿ ਕੱਲ੍ਹ ਨੂੰ ਸਕੂਲ ਵਿੱਚ ਮੈਂ ਉਨ੍ਹਾਂ ਜੱਟਾਂ ਦੀ ਕੁੜੀ ਨੂੰ ਕਿਵੇਂ ਮੂੰਹ ਦਿਖਾਵਾਂਗਾ? ਇਸ ਗੱਲ ਦੇ ਡਰੋਂ ਹੀ ਮੈਂ ਬਾਪੂ ਨੂੰ ਕਿਹਾ ਕਿ ਤੁਸੀ ਹੀ ਚੁੱਕ ਲਿਆਓ, ਮੈਂ ਸਿੱਧਾ ਹੱਡਾਰੋੜੀ ਵਿੱਚ ਆ ਜਾਵਾਂਗਾ। ਸਾਡੇ ਪਰਿਵਾਰ ਵਿੱਚ ਮੈਂ ਸਭ ਤੋਂ ਛੋਟਾ ਹੋਣ ਕਾਰਣ ਮੇਰੀ ਗੱਲ ਅਕਸਰ ਮੰਨ ਲਈ ਜਾਂਦੀ ਸੀ। ਇਹ ਗੱਲ ਆਈ ਗਈ ਹੋ ਗਈ ਪਰ ਇਸ ਘਟਨਾ ਨੇ ਸਾਡੇ ਪਰਿਵਾਰ ਦੇ ਮਲੀਨ ਕਿੱਤੇ ਪ੍ਰਤੀ ਮੇਰੇ ਮਨ ਵਿੱਚ ਨਫ਼ਰਤ ਪੈਦਾ ਕਰ ਦਿੱਤੀ। ਇੱਕ ਦਿਨ ਸਾਡੇ ਘਰ ਚੌਕੀਦਾਰ ਸੁਨੇਹਾ ਦੇ ਗਿਆ ਕਿ ਸੱਥ ਵਿੱਚ ਚਮੜੇ ਦੇ ਠੇਕੇ ਦੀ ਬੋਲੀ ਹੋ ਰਹੀ ਹੈ, ਪੰਚਾਇਤ ਨੇ ਕਿਹਾ ਕਿ ਆ ਕੇ ਬੋਲੀ ਦੇਵੋ।

ਮੇਰਾ ਬਾਪੂ ਤਰੰਤ ਹੀ ਪਿੰਡ ਦੀ ਸੱਥ ਵੱਲ ਹੋ ਤੁਰਿਆ। ਜਦੋਂ ਮੈਨੂੰ ਪਤਾ ਲੱਗਿਆ ਕਿ ਬਾਪੂ ਮੁੜ ਠੇਕੇ ਦੀ ਬੋਲੀ ਦੇਣ ਚੱਲਿਆ ਤਾਂ ਮੈਂ ਵਾਹੋ ਦਾਹੀ ਬਾਪੂ ਮਗਰ ਭੱਜਿਆ ਅਤੇ ਰਾਹ ਵਿੱਚ ਹੀ ਬਾਪੂ ਨੂੰ ਰੋਕ ਕੇ ਇਸ ਕਿੱਤੇ ਨੂੰ ਛੱਡ ਦੇਣ ਲਈ ਵਾਸਤਾ ਪਾਇਆ। ਬਾਪੂ ਮੇਰੀ ਗੱਲ ਮੰਨ ਕੇ ਘਰ ਮੁੜ ਮਾਇਆ, ਉਸ ਪਿੱਛੋਂ ਪਿੰਡ ਦੀ ਪੰਚਾਇਤ ਨੇ ਕਈ ਵਾਰ ਘਰ ਬੰਦੇ ਭੇਜ ਕੇ ਸੁਨੇਹਾ ਭੇਜਿਆ ਕਿ ਸੱਥ ਵਿੱਚ ਆ ਕੇ ਬੋਲੀ ਦੇਵੋ, ਨਹੀਂ ਤਾਂ ਚਮੜੇ ਦਾ ਠੇਕਾ ਕਿਸੇ ਹੋਰ ਨੂੰ ਦੇ ਦੇਵਾਂਗੇ। ਮੇਰੇ ਬਾਪੂ ਨੇ ਕੋਰਾ ਜੁਆਬ ਦੇ ਦਿੱਤਾ ਕਿ ਅੱਜ ਤੋਂ ਅਸੀਂ ਇਹ ਕੰਮ ਨਹੀ ਕਰਾਂਗੇ।

ਮੈਨੂੰ ਇਨ੍ਹਾਂ ਚਾਅ ਸੀ ਕਿ ਜਿਵੇਂ ਕੋਈ ਜੰਗ ਜਿੱਤ ਲਈ ਹੋਵੇ। ਬਚਪਨ ਵਿੱਚ ਮਲੀਨ ਕਿੱਤੇ ਵਿਰੁੱਧ ਕੀਤੀ ਬਗ਼ਾਵਤ ਨੇ ਮੇਰੀ ਜ਼ਿੰਦਗੀ ਹੀ ਬਦਲ ਦਿੱਤੀ। ਇਸ ਘਟਨਾ ਤੋਂ ਵੀਹ ਸਾਲ ਬਾਅਦ ਜਦੋਂ ਵੀ ਮੈਂ ਸੰਵਿਧਾਨ ਨਿਰਮਾਤਾ ਡਾ. ਬੀ. ਆਰ. ਅੰਬੇਡਕਰ ਨੂੰ ਪੜਿਆ ਤਾਂ ਉਨ੍ਹਾਂ ਵੱਲੋਂ ਦਲਿਤਾਂ ਨੂੰ ਮਲੀਨ ਕਿੱਤੇ ਛੱਡ ਦੇਣ ਦੀ ਦਿੱਤੀ ਸਲਾਹ ਬਾਰੇ ਪੜ੍ਹ ਕੇ ਅੱਖਾਂ ਵਿੱਚ ਹੰਝੂ ਆ ਗਏ।

ਬਚਪਨ ਵਿੱਚ ਨਾ ਤਾਂ ਮੈਂ ਅੰਬੇਡਕਰ ਨੂੰ ਜਾਣਦਾ ਸੀ ਅਤੇ ਨਾ ਹੀ ਉਨ੍ਹਾਂ ਦੀ ਵਿਚਾਰਧਾਰਾ ਬਾਰੇ। ਪਰ ਬਚਪਨ ਵਿੱਚ ਕੀਤੀ ਬਗ਼ਾਵਤ ਦਾ ਬਾਬਾ ਸਾਹਿਬ ਅੰਬੇਡਕਰ ਦੀ ਸੋਚ ਨਾਲ ਮੇਲ ਖਾ ਜਾਣਾ ਇੱਕ ਸੰਯੋਗ ਹੀ ਸਮਝਦਾ ਹਾਂ।

# ਬਚਪਨ, ਗਰੀਬੀ ਅਤੇ ਗਰਮੀ ਦੀਆਂ ਛੁੱਟੀਆਂ

**ਕੁਲਵੰਤ ਸਿੰਘ ਟਿੱਬਾ**

ਬੱਚਿਆਂ ਲਈ ਗਰਮੀ ਦੀਆਂ ਛੁੱਟੀਆਂ ਕਿਸੇ ਸੌਗਾਤ ਤੋਂ ਘੱਟ ਨਹੀ ਹੁੰਦੀਆਂ ਸਨ ਜਦਕਿ ਗਰੀਬ ਪਰਿਵਾਰਾਂ ਦੇ ਬੱਚਿਆਂ ਲਈ ਗਰਮੀ ਦੀਆਂ ਛੁੱਟੀਆਂ ਦਿਹਾੜੀ ਜੋਤਾ ਕਰਕੇ ਆਪਣੇ ਮਾਂ ਬਾਪ ਨੂੰ ਹੰਦਾ ਲਗਾਉਣ ਭਾਵ ਆਰਥਿਕ ਮੱਦਦ ਕਰਨ ਦਾ ਮੌਕਾ ਪ੍ਰਦਾਨ ਕਰਦੀਆਂ ਹਨ। ਬਚਪਨ ਅਤੇ ਗਰੀਬੀ ਇੱਕ ਅਜੀਬ ਤਰਾਂ ਦਾ ਅਹਿਸਾਸ ਹੈ। ਕਿਉਂਕਿ ਬਚਪਨ ਬਾਰੇ ਹਰ ਕੋਈ ਕਹਿੰਦਾ ਹੈ ਕਿ ਉਸ ਦਾ ਬਚਪਨ ਵਾਪਸ ਮੁੜ ਆਵੇ ਜਦਕਿ ਗਰੀਬੀ ਤੋਂ ਹਰ ਕੋਈ ਛੁਟਕਾਰਾ ਚਾਹੁੰਦਾ ਹੈ। ਵਕਤ ਦੀ ਚਾਲ ਦੇ ਨਾਲ ਨਾਲ ਜਦੋਂ ਇਨਸਾਨ ਬਚਪਨ ਤੋਂ ਜਵਾਨੀ ਵਿੱਚ ਪ੍ਰਵੇਸ਼ ਕਰਦਾ ਹੈ ਤਾਂ ਜ਼ਿਆਦਾਤਰ ਲੋਕ ਆਪਣੇ ਬਚਪਨ ਨੂੰ ਯਾਦ ਕਰਦੇ ਹਨ। ਪੰਜਾਬੀ ਦੇ ਕਈ ਗੀਤਾਂ ਵਿੱਚ ਇਸ ਭਾਵਨਾ ਦਾ ਜ਼ਿਕਰ ਹੁੰਦਾ ਹੈ ਕਿ ਕਾਸ਼ ! ਮੇਰਾ ਬਚਪਨ ਵਾਪਸ ਮੁੜ ਆਵੇ। ਪਰ ਮੇਰੇ ਮਾਮਲੇ ਵਿੱਚ ਅਜਿਹਾ ਨਹੀਂ ਹੈ,ਜਦੋਂ ਵੀ ਮੈਂ ਆਪਣੇ ਬਚਪਨ ਨੂੰ ਯਾਦ ਕਰਦਾ ਹਾਂ ਤਾਂ ਰੂਹ ਕੰਬ ਜਾਂਦੀ ਹੈ। ਅੰਤਾਂ ਦੀ ਗਰੀਬੀ ਅਤੇ ਤੰਗੀਆਂ ਤੁਰਸੀਆਂ ਦੀ ਯਾਦ ਮੈਨੂੰ ਡਰਾ ਦਿੰਦੀ ਹੈ। ਬਚਪਨ ਦੌਰਾਨ ਟਾਕੀਆਂ ਵਾਲੇ ਅਤੇ ਕਬਾੜੀਆਂ ਦੇ ਕੱਪੜਿਆਂ ਤੋਂ ਪਹਿਨਣ ਤੋਂ ਛੁਟਕਾਰਾ ਜਵਾਨੀ ਵਿੱਚ ਆ ਕੇ ਹੀ ਮਿਲਿਆ।

ਇਹ ਘਟਨਾ 90 ਦੇ ਦਹਾਕੇ ਦੀ ਹੈ। ਮੈਂ ਸਰਕਾਰੀ ਪ੍ਰਾਇਮਰੀ ਸਕੂਲ ਟਿੱਬਾ ਵਿਖੇ ਪੜਦਾ ਸੀ ਅਤੇ ਉਨ੍ਹਾਂ ਸਮਿਆਂ ਵਿੱਚ ਗਰਮੀ ਦੀਆਂ ਛੁੱਟੀਆਂ ਦੌਰਾਨ ਬੱਚੇ ਜ਼ਿਆਦਾਤਰ ਆਪਣੇ ਨਾਨਕੇ ਜਾਂ ਭੂਆ ਦੇ ਪਿੰਡ ਹੀ ਛੁੱਟੀਆਂ ਕੱਟਣ ਜਾਂਦੇ ਸਨ। ਅੱਜ ਵਾਂਗ ਕਸ਼ਮੀਰ ਜਾਂ ਹਿਮਾਚਲ ਦੀਆਂ ਪਹਾੜੀਆਂ ਵਿੱਚ ਕਿਸੇ ਹਿੱਲ ਸਟੇਸ਼ਨ ਤੇ ਜਾਣ ਦਾ ਰਿਵਾਜ ਨਹੀ ਸੀ। ਗਰਮੀ ਦੀਆਂ ਛੁੱਟੀਆਂ ਵਿੱਚ ਮੇਰਾ ਮਾਸਟਰ ਮਾਮਾ ਪਿੰਡ ਮਿਲਣ ਆਇਆ ਤਾਂ ਮੈਂ ਜ਼ਿੱਦ ਕਰਨ ਲੱਗਿਆ ਕਿ ਮੈਂ ਤਾਂ ਮਾਮੇ ਨਾਲ ਹੀ ਨਾਨਕੇ ਜਾਣਾ। ਮੇਰੀ ਜ਼ਿੱਦ ਕਰਕੇ ਘਰ ਦੇ ਮੰਨ ਗਏ ਅਤੇ ਮੈਂ ਹੋਮ ਵਰਕ ਵਾਲੀਆਂ ਕਾਪੀਆਂ ਨਾਲ ਲੈ ਕੇ ਛੁੱਟੀਆਂ ਕੱਟਣ ਲਈ ਆਪਣੇ ਨਾਨਕੇ ਪਿੰਡ ਲੱਡਾ ਵਿਖੇ ਆਪਣੇ ਮਾਮੇ ਨਾਲ ਆ ਗਿਆ। ਉਨ੍ਹਾਂ ਵੇਲਿਆਂ ਵਿੱਚ ਨਾਨਕੇ ਜਾਣ ਦਾ ਕਿਸੇ ਵਿਆਹ ਜਾਣ ਵਰਗਾ ਚਾਅ ਹੁੰਦਾ ਸੀ। ਨਾਨਕੇ ਪੁੱਜ ਕੇ ਜਲਦੀ ਨਾਲ ਕੁੱਝ ਦਿਨਾਂ ਵਿੱਚ ਹੀ ਸਕੂਲ ਦਾ ਛੁੱਟੀਆਂ ਵਾਲਾ ਕੰਮ ਮੁਕਾ ਕੇ ਮਸਤੀ ਕਰਨ ਵਿੱਚ ਰੁੱਝ ਗਿਆ। ਅਜੇ ਨਾਨਕੇ ਗਿਆਂ ਚਾਰ ਕੁ ਦਿਨ ਹੀ ਲੰਘੇ ਸਨ ਕਿ ਇੱਕ ਦਿਨ ਸਵੇਰ ਹੁੰਦਿਆਂ ਹੀ ਮੇਰਾ ਵੱਡਾ ਭਰਾ (ਜੋ ਹੁਣ ਸਰਕਾਰੀ ਅਧਿਆਪਕ ਹੈ) ਸਾਈਕਲ 'ਤੇ ਮੈਨੂੰ ਆ ਗਿਆ। ਉਸ ਸਮੇਂ ਮੇਰਾ ਬਾਪੂ ਕੱਕੜਵਾਲ ਭੱਠੇ 'ਤੇ ਪਥੇਰ ਦਾ ਕੰਮ ਕਰਦਾ ਸੀ। ਮੇਰਾ ਭਰਾ ਵੀ ਸਿੱਧਾ ਭੱਠੇ ਤੋਂ ਹੀ ਮੈਨੂੰ ਲੈਣ ਆਇਆ ਸੀ ਕਿਉਂਕਿ ਪਿੰਡ ਦੂਰ ਹੋਣ ਕਾਰਣ ਮੇਰੇ ਬਾਪੂ ਜੀ ਰਾਤ ਵੀ ਭੱਠੇ ਵਾਲੀ ਪਥੇਰ 'ਤੇ ਹੀ ਰੁਕਿਆ ਕਰਦੇ ਸੀ। ਮੇਰੇ ਭਰਾ ਨੇ ਕਿਹਾ ਕਿ ਬਾਪੂ ਨੇ ਤੈਨੂੰ ਲੈਣ ਭੇਜਿਆ ਕਿ ਭੱਠੇ 'ਤੇ ਰਿੰਗ ਮਾਰਨ ਤੋਂ ਇਲਾਵਾ ਕੱਚੀਆਂ ਇੱਟਾਂ ਦੀਆਂ ਘੋੜੀਆਂ ਬਣਾ ਦਿਆਂ ਕਰੀਂ। ਮੈਂ ਆਪਣੇ ਭਰਾ ਨਾਲ ਭੱਠੇ 'ਤੇ ਜਾਣ ਤੋਂ ਕੋਰੀ ਨਾਂਹ ਕਰ ਦਿੱਤੀ ਪਰ ਮੇਰੇ ਭਰਾ ਨੇ ਕਿਹਾ ਕਿ "ਭੱਠੇ 'ਤੇ ਠੰਢੀ ਹਵਾ ਦੇਣ ਵਾਲਾ ਕੂਲਰ, ਠੰਢੇ ਪਾਣੀ ਵਾਲਾ ਫ਼ਰਿਜ ਅਤੇ ਵਧੀਆਂ ਕਮਰਾ ਬਣਿਆ ਹੋਇਆ ਹੈ। ਤੂੰ ਮੇਰੇ ਨਾਲ ਚੱਲ।" ਕੂਲਰ ਅਤੇ ਫ਼ਰਿਜ ਤਾਂ ਗ਼ਰੀਬਾਂ ਲਈ ਬੜੀ ਵੱਡੀ ਸ਼ੈਅ ਸਨ, ਜਿਸ ਕਰਕੇ ਗਰਮੀ ਵਿੱਚ ਕੂਲਰ, ਫ਼ਰਿਜ ਦਾ ਆਨੰਦ ਲੈਣ ਦੀ ਆਸ ਵਿੱਚ ਭਰਾ ਨਾਲ ਸਾਈਕਲ 'ਤੇ ਕੱਕੜਵਾਲ ਆ ਗਿਆ। ਫ਼ਰਿਜ ਦਾ ਠੰਢਾ ਪਾਣੀ ਪੀਣ ਅਤੇ ਕੂਲਰ ਦੀ ਹਵਾ ਲੈਣ ਦੀ ਆਸ ਵਿੱਚ ਦੁਪਹਿਰ ਤੱਕ ਬਾਪੂ ਨਾ ਭੱਠੇ ਦੀ ਪਥੇਰ ਤੇ ਇੱਟਾਂ ਥੱਲਣ ਅਤੇ ਘੋੜੀਆਂ ਲਗਾਉਣ ਵਿੱਚ ਰੁੱਝਿਆ ਰਿਹਾ। ਤਿੱਖੜ ਦੁਪਹਿਰ ਅਤੇ ਗਰਮ ਹਵਾਵਾਂ ਨੇ ਮੇਰਾ ਬੁਰਾ ਹਾਲ ਕਰ ਦਿੱਤਾ। ਜਿਉਂ ਹੀ ਬਾਪੂ ਨੇ ਦੁਪਹਿਰ ਦੀ ਰੋਟੀ ਖਾਣ ਲਈ ਕਿਹਾ ਤਾਂ ਮਨ ਬੜਾ ਖ਼ੁਸ਼ ਹੋਇਆ ਕਿ ਹੁਣ ਵਧੀਆ ਕਮਰੇ ਵਿੱਚ ਬੈਠ ਕੇ ਰੋਟੀ ਖਾਵਾਂਗੇ। ਮੈਂ ਬੜੀ ਹੀ ਉਤਸੁਕਤਾ ਆਸੇ ਪਾਸੇ ਦੇਖਿਆ ਤਾਂ ਮੈਨੂੰ ਕੋਈ ਕਮਰਾ ਜਾਂ ਘਰ ਦੂਰ ਤੱਕ ਵੀ ਨਜ਼ਰ ਨਾ ਪਿਆ ਤਾਂ ਮੈ ਬਾਪੂ ਨੂੰ ਪੁਛਿਆ ਕਿ ਆਪਾਂ ਰੋਟੀ ਕਿੱਥੇ ਬੈਠ ਕੇ ਖਾਵਾਂਗੇ? ਤਾਂ ਬਾਪੂ ਨੇ ਕਿਹਾ ਕਿ ਤੈਨੂੰ ਆਪਣੇ ਟਿਕਾਣੇ ਤੇ ਲੈ ਕੇ ਚਲਦੇ ਹਾਂ। ਪਥੇਰ ਵਾਲੀ ਥਾਂ ਵਿੱਚ ਹੀ ਮੀਂਹ ਨਾਲ ਖ਼ਰਾਬ ਹੋਈਆਂ ਕੱਚੀਆਂ ਇੱਟਾਂ ਦਾ ਕੋਠਾ ਜਿਹਾ ਬਣਿਆ ਹੋਇਆ ਸੀ, ਜਿਸ ਦੀ ਛੱਤ ਦੀ ਥਾਂ ਫਟੀ ਪੁਰਾਣੀ ਤਰਪਾਲ ਪਾਈ ਹੋਈ ਸੀ। ਥਾਂ ਥਾਂ ਤੋਂ ਫਟੀ ਤਰਪਾਲ ਵਿਚੋਂ ਸੂਰਜ ਦੀਆਂ ਦਹਿਕਦੀਆਂ ਕਿਰਨਾਂ ਕਹਿਰ ਵਰਸਾ ਰਹੀਆਂ ਸਨ। ਬਾਪੂ ਨੇ ਇੱਕ ਘੜੇ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਆਹ ਆਪਣਾਂ ਫ਼ਰਿਜ ਏ। ਜਦੋਂ ਮੈਂ ਪਾਣੀ ਪੀਣ ਲਈ ਘੜੇ ਵਿੱਚ ਗਲਾਸ ਪਾਇਆ ਤਾਂ ਭੁੱਬਲ ਵਰਗਾ ਗਰਮ ਪਾਣੀ ਦੇਖ ਕੇ ਮੇਰੀ ਪਿਆਸ ਹੀ ਬੁੱਝ ਗਈ। ਅੰਤਾਂ ਦੀ ਗਰਮੀ ਵਿੱਚ ਸਾਡੇ ਸਾਰਿਆਂ ਦੇ ਕੱਪੜੇ ਪਸੀਨੇ ਨਾਲ ਗੜੁੱਚ ਹੋਏ ਪਏ ਸਨ। ਫਿਰ ਰੋਟੀ ਪਾਣੀ ਛਕਣ ਤੋਂ ਬਾਅਦ ਬੜੇ ਹੀ ਬੁੱਝੇ ਮਨ ਨਾਲ ਬਾਪੂ ਨਾਲ ਥੋੜਾ ਬਹੁਤਾ ਕੰਮ ਕਰਵਾਉਂਦਾ ਰਿਹਾ। ਰਾਤ ਵੀ ਭੱਠੇ ਦੀ ਪਥੇਰ ਵਿੱਚ ਹੀ ਕੱਟਣੀ ਸੀ। ਅਸੀਂ ਜ਼ਮੀਨ 'ਤੇ ਹੀ ਬੋਰੀਆਂ ਦੀ ਪੱਲੀ ਵਿਛਾ ਕੇ ਸੌਂ ਗਏ ਪਰ ਸੱਪ ਆ ਜਾਣ ਦੇ ਡਰ ਅਤੇ ਰੋੜਾਂ ਵਾਲਾ ਮੈਦਾਨ ਹੋਣ ਕਾਰਣ ਮੈਨੂੰ ਸਾਰੀ ਰਾਤ ਨੀਂਦ ਨਹੀਂ ਆਈ। ਅੱਜ ਵੀ ਜਦੋਂ ਮੈਂ ਕਦੇ ਇਸ ਘਟਨਾ ਨੂੰ ਯਾਦ ਕਰਦਾ ਹਾਂ ਜਾਂ ਕੋਈ ਗੀਤ ਸੁਣਦਾ ਹਾਂ ਕਿ ਮੈਨੂੰ ਮੇਰਾ ਬਚਪਨ ਮੋੜ ਦਿਓ ਤਾਂ ਰੂਹ ਕੰਬ ਜਾਂਦੀ ਹੈ ਕਿਉਂਕਿ ਮੈਨੂੰ ਮੇਰੇ ਬਚਪਨ 'ਤੇ ਗਰੀਬੀ ਭਾਰੀ ਪਈ ਲੱਗਦੀ ਹੈ। ਮੈਂ ਤਾਂ ਕੀ ਉਹ ਕੋਈ ਵੀ ਚਾਹੁੰਦਾ ਕਿ ਉਸ ਦਾ ਬਚਪਨ ਵਾਪਸ ਮੁੜ ਆਵੇ, ਜਿਸ ਨੇ ਬਚਪਨ ਵਿੱਚ ਗਰੀਬੀ ਅਤੇ ਬੇਵਸੀ ਨੂੰ ਆਪਣੇ ਪਿੰਡੇ 'ਤੇ ਹੰਢਾਇਆ।

ਚਲੰਤ ਮਾਮਲੇ

# ਆਖਿਰ ਕਦੋਂ ਬੰਦ ਹੋਵੇਗੀ ਬਾਲ ਮਜ਼ਦੂਰੀ?

ਖ਼ੁਸ਼ਹਾਲ ਦੇਸ਼ ਦੀ ਦਸ਼ਾ ਸਕਿੰਟੋ-ਸਕਿੰਟੀ ਚਿੰਤਾ ਭਰਪੂਰ ਹੁੰਦੀ ਜਾ ਰਹੀ ਹੈ। ਅਮਨ ਸ਼ਾਂਤੀ ਦੇ ਪ੍ਰਤੀਕ ਇਸ ਦੇਸ਼ ਅੰਦਰ ਅਣ-ਗਿਣਤ ਦੁਸ਼ਵਾਰੀਆਂ ਇਸ ਨੂੰ ਅੰਦਰੋ ਅੰਦਰੀ ਖੰਘਰ ਕਰਦੀਆਂ ਜਾ ਰਹੀਆਂ ਹਨ। ਜੇ ਕੁਝ ਬੌਧਿਕ ਨਾਲ ਵਿਚਾਰਿਆ ਜਾਵੇ ਤਾਂ ਇਕ ਬਹੁਤ ਵੱਡੀ ਪ੍ਰਾਪਤੀ ਹੁੰਦੀ ਹੈ ਕਿ ਖ਼ੁਸ਼ਹਾਲੀ ਦਾ ਵਜੂਦ ਮਹਾਨ ਹੋਣ ਉਪਰੰਤ ਸਿਰ ਉੱਚਾ ਕਰਕੇ ਅਤੇ ਹਿੱਕ ਠੋਕ ਕੇ ਖ਼ੁਸ਼ਹਾਲੀਆਂ ਦੇ ਖ਼ਜ਼ਾਨੇ ਹੀ ਖ਼ਜ਼ਾਨੇ ਸਿਰਜ ਸਕਦਾ ਹੈ, ਜਿਸ ਦੇ ਅਨੁਭਵ ਦੇ ਖ਼ੁਆਬਾਂ ਦਾ ਤਕਾਜ਼ਾ ਲਾਉਣਾ ਵੀ ਅਤਿ ਅਸੰਭਵ ਹੈ ਪਰ ਜੇ ਏਸੇ ਮਹਾਨ ਦੇਸ਼ ਵਿਚ ਰਿਸ਼ਵਤਖੋਰੀ, ਭ੍ਰਿਸ਼ਟਾਚਾਰੀ, ਦੇਸ਼-ਧ੍ਰੋਹੀ, ਬੇਈਮਾਨੀ ਅਤੇ ਬਾਲ ਮਜ਼ਦੂਰੀ ਜਿਹੀਆਂ ਘਾਤਕ ਫ਼ਸਲਾਂ ਉਪਜ ਪੈਣ, ਉਦੋਂ ਇਹ ਖ਼ੁਸ਼ਹਾਲੀ ਦਾ ਵਜੂਦ ਹੀ ਕਲੰਕਿਤ ਹੋਣ ਕਿਨਾਰੇ ਜਾ ਪਹੁੰਚਦਾ ਹੈ। ਫਿਰ ਦੇਸ਼ ਲਈ ਇਕ ਨਹੀਂ, ਬੇ-ਹਿਸਾਬੀਆਂ ਰੁੰਨ੍ਹਣ ਚੁਣੌਤੀਆਂ ਇਸਦਾ ਪਿੱਛਾ ਕਰਨੋਂ ਕਦੇ ਪਿਛਾਂਹ ਨਹੀਂ ਹਟਦੀਆਂ, ਜੋ ਕਿ ਇਕ ਪਾਸਾ ਕਰਕੇ ਹੀ ਸਾਹ ਲੈਂਦੀਆਂ ਹਨ 'ਜਾਂ ਇਸ ਪਾਰ ਜਾਂ ਫਿਰ ਉਸ ਪਾਰ'। ਅੱਜ ਬਾਲ ਮਜ਼ਦੂਰਾਂ ਕਾਰਨ ਖ਼ੁਸ਼ਹਾਲ ਦੇਸ਼ ਦੀ ਅਵਸਥਾ ਕਾਫ਼ੀ ਫ਼ਿਕਰਮੰਦੀ ਵਾਲੀ ਹੋ ਚੁੱਕੀ ਹੈ ਕਿਉਂਕਿ ਜੋ ਬੱਚੇ ਇਸ ਵੇਲੇ ਢਾਬਿਆਂ, ਹੋਟਲਾਂ, ਕਾਰਖਾਨਿਆਂ, ਦੁਕਾਨਾਂ, ਰੈਸਟੋਰੈਂਟਾਂ, ਸ਼ੈਲਰਾਂ ਅਤੇ ਇੱਟਾਂ ਦੇ ਭੱਠਿਆਂ 'ਤੇ ਬਾਲ ਮਜ਼ਦੂਰੀ ਕਰ ਰਹੇ ਨੇ, ਆਖ਼ਿਰ ਇਨ੍ਹਾਂ ਬੱਚਿਆਂ ਨੇ ਹੀ ਉੱਚ ਵਿੱਦਿਆ ਗਿਆਨ ਹਾਸਿਲ ਕਰਕੇ ਆਪਣੇ ਮਾਂ-ਪਿਉ ਦਾ ਤੇ ਦੇਸ਼ ਦਾ ਨਾਂਅ ਰੌਸ਼ਨ ਕਰਨਾ ਹੁੰਦਾ ਹੈ।

**ਦੇਸ਼ ਵਿਚੋਂ ਅਣਪੜ੍ਹਤਾ ਖਤਮ ਕਰਨ ਲਈ ਬਾਲ ਮਜਦੂਰੀ ਤੇ ਰੋਕ ਜਰੂਰੀ: ਅਧਿਆਪਕ ਪ੍ਰਮੋਦ ਧੀਰ**



ਅਗਰ ਅਸੀਂ ਆਪਣੇ ਭਾਰਤ ਦੇਸ਼ ਨੂੰ ਖੁਸ਼ਹਾਲ ਬਣਾਉਣਾਂ ਚਾਹੁੰਦੇ ਹਾਂ ਅਤੇ ਦੇਸ਼ ਵਿਚੋਂ ਅਣਪੜ੍ਹਤਾ ਖਤਮ ਕਰਨੀ ਚਾਹੁੰਦੇ ਹਾਂ ਤਾਂ ਬਾਲ ਮਜਦੂਰੀ ਬੰਦ ਕਰਵਾ ਕੇ ਇਨ੍ਹਾਂ ਗਰੀਬ ਬੱਚਿਆਂ ਲਈ ਢੁੱਕਵੀਆਂ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਚੰਗਾ ਪੜ੍ਹ ਲਿਖ ਕੇ ਲੋਕਾਂ ਲਈ ਪ੍ਰੇਰਨਾ ਸਰੋਤ ਵੀ ਬਣ ਸਕਦੇ ਹਨ ਪਰ ਅੱਜ ਤਾਂ 500-2000 ਰੁਪਏ ਮਹੀਨਾ ਬੱਚਿਆਂ ਨੂੰ ਮਾਮੂਲੀ ਮਿਹਨਤਾਨਾ ਦੇ ਕੇ ਸ਼ਰ੍ਹੇਆਮ ਡੰਗਰਾਂ ਵਾਂਗ ਕੰਮ ਕਰਵਾਇਆ ਜਾ ਰਿਹਾ ਹੈ। ਹੋਟਲਾਂ, ਰੈਸਟੋਰੈਂਟਾਂ, ਸਵੀਟ-ਸ਼ੌਪਾਂ 'ਤੇ ਇਨ੍ਹਾਂ ਬੱਚਿਆਂ ਕੋਲੋਂ ਜਬਰਦਸਤੀ ਲੋਕਾਂ ਦੇ ਸਮੋਸੇ, ਪਨੀਰ ਪਕੌੜੇ, ਬਰੈੱਡ, ਗੋਲੇ ਅਤੇ ਟਿੱਕੀਆਂ ਖਾ ਕੇ ਜੂਠੇ ਕੀਤੇ ਭਾਂਡੇ ਮੰਜਵਾਉਣਾ ਇਕ ਬਹੁਤ ਵੱਡਾ ਅਪਰਾਧ ਹੈ। ਅਜੋਕੇ ਦੁਕਾਨਦਾਰ ਸਰਕਾਰਾਂ ਦੇ ਡਰ-ਭੈਅ ਤੋਂ ਸੁਰਖ਼ਰੂ ਹੋ ਨਾਲੇ ਤਾਂ ਬਾਲ ਮਜ਼ਦੂਰਾਂ ਦੀ ਜ਼ਿੰਦਗੀ ਤਬਾਹ ਕਰੀ ਜਾ ਰਹੇ ਨੇ ਤੇ ਨਾਲੇ ਕਾਨੂੰਨ ਦੀਆਂ ਧੱਜੀਆਂ ਉਡਾ ਰਹੇ ਨੇ। ਬਾਲ ਮਜ਼ਦੂਰਾਂ ਦਾ ਘਾਣ ਕਰਨ ਵਾਲੇ ਇਨ੍ਹਾਂ ਸਖ਼ਸ਼ਾਂ ਵੱਲੋਂ ਉਕਤ ਬੱਚਿਆਂ ਨੂੰ ਬੇਹੱਦ ਤੰਗ-ਪ੍ਰੇਸ਼ਾਨ ਵੀ ਕੀਤਾ ਜਾਂਦਾ ਹੈ। ਇਥੋਂ ਤੱਕ ਕਿ ਜੇ ਅਚਨਚੇਤ ਇਨ੍ਹਾਂ ਮਾਸੂਮਾਂ ਦੀ ਸਿਹਤ ਜ਼ਿਆਦਾ ਖ਼ਰਾਬ ਹੋ ਜਾਵੇ ਤਾਂ ਵੀ ਬਹਾਨੇਬਾਜ਼ੀ ਦਾ ਨਾਂਅ ਦੇ ਕੇ ਮਾਮਲੇ ਨੂੰ ਅਦਿੱਖ ਕਰਨ ਦੀਆਂ ਸਫ਼ਲ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਜੇ ਮੁੱਦਾ ਕਾਫ਼ੀ ਭਖਦਾ ਦਿਸੇ ਤਾਂ ਫਿਰ ਨਾਬਾਲਗ ਬਾਲ ਮਜ਼ਦੂਰਾਂ 'ਤੇ ਕੁਟਾਪਾ ਵੀ ਚਾੜ੍ਹਿਆ ਜਾਂਦਾ ਹੈ। ਕੀ ਬੱਚਿਆਂ ਦਾ ਇਹ ਮਹਿਕਦਾ ਬਚਪਨ ਇਸ ਤਰ੍ਹਾਂ ਦੇ ਹਾਲਾਤਾਂ 'ਚੋਂ ਗੁਜ਼ਰਨ ਲਈ ਹੈ?

**ਬਹੁਤ ਹੀ ਨਾ-ਮਾਤਰ ਪੈਸਿਆਂ ਖਾਤਰ ਮਜਦੂਰੀ ਕਰਨ ਲਈ ਮਜਬੂਰ ਹਨ ਬੱਚੇ? ਲੇਖਕ: ਦਰਦੀ ਸਰਬਜੀਤ**



ਬਾਲ ਮਜ਼ਦੂਰਾਂ ਤੋਂ ਰੋਜ਼ਾਨਾ 20 ਜਾਂ 30 ਰੁਪਏ ਦਿਹਾੜੀ ਬਦਲੇ 250-300 ਰੁਪਏ ਦਾ ਕੰਮ ਲੈਣਾ, ਸਰਕਾਰਾਂ ਲਈ ਚਿੰਤਾਤੁਰ ਫੰਡੇ ਹਨ। ਇਕੱਲੇ ਹੋਟਲਾਂ 'ਤੇ ਹੀ ਨਹੀਂ, ਸਗੋਂ ਛੋਲੇ-ਭਟੂਰੇ ਅਤੇ ਗੋਲ-ਗੱਪਿਆਂ ਵਾਲੀਆਂ ਰੇਹੜੀਆਂ, ਬਰਗਰ ਸਟਾਲਾਂ, ਅੰਮ੍ਰਿਤਸਰੀ ਨਾਨ ਵਾਲੀਆਂ ਦੁਕਾਨਾਂ, ਹਲਵਾਈਆਂ ਦੀਆਂ ਦੁਕਾਨਾਂ ਅਤੇ ਹੋਰ ਅਨੇਕ ਥਾਵਾਂ 'ਤੇ ਬੱਸ ਬਾਲ ਮਜ਼ਦੂਰਾਂ ਦਾ ਹੀ ਬੋਲਬਾਲਾ ਰਹਿ ਗਿਆ ਹੈ। ਜੇ ਵੱਡੇ-ਵੱਡੇ ਸ਼ਾਪਿੰਗ ਮੌਲਾਂ ਤੇ ਸ਼ੋ-ਰੂਮ ਵਾਲਿਆਂ ਨੂੰ ਨਿਰੰਤਰ ਘਰਾਂ 'ਚ ਕੰਮ ਕਰਨ ਵਾਲੀਆਂ ਔਰਤਾਂ ਨਾ ਮਿਲਣ ਤਾਂ ਫਿਰ ਇਨ੍ਹਾਂ ਆਲੀਸ਼ਾਨ ਥਾਵਾਂ 'ਤੇ ਵੀ ਸਾਡੇ ਜਿਗਰ ਦੇ ਟੁਕੜੇ ਯਾਨੀ ਬਾਲ ਮਜ਼ਦੂਰ ਹੀ ਇਨ੍ਹਾਂ ਦੀ ਭੇਟ ਚੜ੍ਹਦੇ ਹਨ। ਸ਼ਾਪਿੰਗ ਮੌਲਾਂ ਅਤੇ ਸ਼ੋ-ਰੂਮਾਂ 'ਚ ਬੱਚਿਆਂ ਤੋਂ ਦੁਕਾਨ ਦੀ ਸਫ਼ਾਈ ਕਰਵਾਉਣੀ, ਝਾੜੂ ਮਰਵਾਉਣੇ, ਪੋਚੇ ਲਵਾਉਣੇ ਤੇ ਛੋਟੇ-ਛੋਟੇ ਬੱਚਿਆਂ ਦੇ ਅਤਿ ਖ਼ੁਸ਼ਹਾਲ ਭਵਿੱਖ ਨੂੰ ਦੁਕਾਨਦਾਰਾਂ ਵੱਲੋਂ ਗੰਧਲਾ ਕਰਨਾ, ਇਹ ਸਰਕਾਰਾਂ ਦੇ ਕਿਹੜੇ ਵਰਕੇ 'ਚ ਲਿਖਿਆ ਹੈ? ਭਾਵੇਂ ਸਰਕਾਰਾਂ ਵੱਲੋਂ ਬਾਲ ਮਜ਼ਦੂਰੀ ਨੂੰ ਖ਼ਤਮ ਕਰਨ ਲਈ ਅਨੇਕਾਂ ਉਪਰਾਲੇ ਕੀਤੇ ਜਾ ਰਹੇ ਹਨ।

ਬੱਚਿਆਂ ਨੂੰ ਪੜ੍ਹਨ-ਲਿਖਣ ਦੀ ਮੋਹਲਤ ਵੀ ਦਿੱਤੀ ਜਾ ਰਹੀ ਹੈ ਪਰ ਸ਼ਰਮ ਦੀ ਗੱਲ ਤਾਂ ਇਹ ਹੈ ਕਿ ਬਾਲ ਮਜ਼ਦੂਰੀ ਅੰਤ ਹੋਣ ਦੀ ਬਜਾਏ ਵਧਦੀ ਜਾ ਰਹੀ ਹੈ। ਇਹ ਜ਼ਹਿਰ ਨਾਲੋਂ ਵੀ ਕੌੜੀ ਸੱਚਾਈ ਹਯਾ ਨਾਲ ਮੂਕ ਦਰਸ਼ਕ ਬਣ ਆਣ ਖਲੋਂਦੀ ਹੈ। ਇਨ੍ਹਾਂ ਬਾਲ ਮਜ਼ਦੂਰਾਂ ਦਾ ਉਨਾ ਖ਼ੁਦ ਦਾ ਵਜ਼ਨ ਨਹੀਂ ਹੁੰਦਾ, ਜਿੰਨਾ ਭਾਰ ਇਹ ਢੋਂਦੇ ਨੇ।

**ਬਾਲ ਮਜ਼ਦੂਰੀ ਦੇਸ਼ ਦੇ ਮੱਥੇ 'ਤੇ ਕਲੰਕ: ਕਰਮਜੀਤ ਸਿੰਘ ਟਹਿਣਾ**



ਬਾਲ ਮਜ਼ਦੂਰੀ ਦੇਸ਼ ਦੇ ਮੱਥੇ 'ਤੇ ਕਲੰਕ ਹੈ। ਇਸ ਨੂੰ ਸ਼ਮਸ਼ਾਨਘਾਟ ਤੱਕ ਪਹੁੰਚਣ ਲਈ ਸਰਕਾਰਾਂ ਹੋਰ ਹਰਕਤ 'ਚ ਆਉਣ। ਇਹ ਨੈਣਾਂ ਦੇ ਟਿਮਟਿਮਾਉਂਦੇ ਤਾਰੇ ਬੱਚੇ, ਬਾਲ ਮਜ਼ਦੂਰੀ ਦੀ ਚਪੇਟ 'ਚ ਆਉਣ ਉਪਰੰਤ ਕਾਪੀਆਂ-ਕਿਤਾਬਾਂ ਦੇ ਸਫ਼ਿਆਂ ਦੀ ਗਿਣਤੀ ਵੀ ਮਨੋਂ ਵਿਸਾਰ ਚੁੱਕੇ ਹਨ। ਇਨ੍ਹਾਂ ਬੱਚਿਆਂ ਨੇ ਹੱਥ ਰੇਹੜੀ ਅਤੇ ਸਾਈਕਲ ਰੇਹੜੀ 'ਤੇ ਕਈ-ਕਈ ਕੁਇੰਟਲ ਠੋਸ ਵਜ਼ਨਦਾਰ ਸਾਮਾਨ ਢੋਣਾ ਅਤੇ ਸਕੂਲ ਜਾਣ ਤੋਂ ਵਾਂਝੇ ਰਹਿਣਾ, ਬਾਕੀ ਦੇ ਬੱਚਿਆਂ ਲਈ ਵੀ ਦੁਵਿਧਾ ਭਰੀ ਕਹਾਣੀ ਹੈ। ਜੇ ਬੱਚਿਆਂ ਦੀ ਇਹੀ ਵਰੇਸ਼ ਉਮਰ ਬਾਲ ਮਜ਼ਦੂਰੀ ਦੇ ਲੇਖੇ ਲਗਦੀ ਗਈ ਤਾਂ ਫਿਰ ਦੇਸ਼ ਵਿਚ ਅਨਪੜ੍ਹਤਾ ਹੀ ਅਨਪੜ੍ਹਤਾ ਜਨਮ ਲੈ ਲਵੇਗੀ। ਫਿਰ ਜਿਸਦੀ ਸਮਾਪਤੀ ਕਰਨੀ ਬਹੁਤ ਔਖੀ ਹੋ ਜਾਵੇਗੀ।

**ਬਾਲ ਮਜਦੂਰੀ ਕਰਾਉਣ ਵਲਿਆਂ ਨੂੰ ਜਰਮਾਨਾ 'ਤੇ ਸਜ਼ਾ ਹੋਵੇ: ਮਨਜਿੰਦਰ ਹੈਪੀ ਰੋਮਾਣਾ**

ਜਿਨ੍ਹਾਂ ਬੱਚਿਆਂ ਦੇ ਮਾਂ-ਪਿਉ ਜ਼ਿਆਦਾ ਗਰੀਬ ਹਨ, ਸਰਕਾਰਾਂ ਉਨ੍ਹਾਂ ਦੇ ਬੱਚਿਆਂ ਨੂੰ ਪੜ੍ਹਾਉਣ ਦਾ ਬੀੜਾ ਚੁੱਕਣ ਦੇ ਨਾਲ-ਨਾਲ ਵਿੱਤੀ ਸਹਾਇਤਾ ਵੀ ਦੇਣ, ਜੋ ਮੌਜੂਦਾ ਰਾਸ਼ੀ ਦੀ ਸਹੀ ਵਰਤੋਂ ਕਰਕੇ ਇਹੀ ਬੱਚੇ ਮੇਰੇ ਭਾਰਤ ਦੇਸ਼ ਮਹਾਨ ਦੀ ਪਹਿਚਾਣ ਦਾ ਪਲੇਠਾ ਸਬੂਤ ਬਣ ਸਕਣ।



ਜੋ ਬਾਲ ਮਜ਼ਦੂਰਾਂ ਪਾਸੋਂ ਧਿੰਗੋਜ਼ੋਰੀ ਕਿੱਤਾ ਕਰਵਾਉਂਦੇ ਹਨ। ਸਰਕਾਰਾਂ ਉਨ੍ਹਾਂ ਲਈ ਇਕੱਲਾ ਜ਼ੁਰਮਾਨਾ ਹੀ ਨਹੀਂ, ਸਜ਼ਾ ਵੀ ਤੈਅ ਕਰਨ ਜਿਸ ਵਿਚ ਜਮਾਨਤ ਦੀ ਕੋਈ ਗੁੰਜਾਇਸ਼ ਬਾਕੀ ਨਾ ਹੋਵੇ ਤਾਂ ਕਿ ਬਾਲ ਮਜ਼ਦੂਰੀ ਕਰਵਾਉਣ ਵਾਲਿਆਂ ਨੂੰ ਥੋੜ੍ਹੀ ਬਹੁਤ ਅਕਲ ਆ ਜਾਵੇ। ਫਿਰ ਤਾਂ ਦੇਸ਼ ਦਾ ਕਾਫ਼ੀ ਹੱਦ ਤੱਕ ਖੇਰੂੰ-ਖੇਰੂੰ ਹੋਇਆ ਨਕਸ਼ਾ ਸੁਧਰ ਸਕਦਾ ਹੈ। ਨਹੀਂ ਤਾਂ ਫਿਰ ਬੇੜਾ ਗਰਕਣ 'ਚ ਕੀ ਬਾਕੀ? ਜੇ ਸਰਕਾਰਾਂ ਚਾਹੁਣ ਤਾਂ ਬਹੁਤ ਕੁਝ ਕਰ ਸਕਦੀਆਂ ਨੇ। ਸਰਕਾਰਾਂ ਦੇ ਹੱਥ 'ਚ ਸਾਰੇ ਅਧਿਕਾਰ ਹਨ।

**– ਅਸ਼ੋਕ ਧੀਰ ਜੈਤੋ**

# ਨਿੱਤ-ਨਵੀਆਂ ਸੰਦਲੀ ਪੈੜ੍ਹਾਂ ਪਾ ਰਿਹੈ ਅਦਾਕਾਰ ਅਤੇ ਵੀਡੀਓ ਡਾਇਰੈਕਟਰ- ਗੱਗੀ ਸਾਰੋਂ

ਕਾਮਯਾਬੀਆਂ ਦੀਆਂ ਮੰਜ਼ਿਲਾਂ ਦੇ ਰੱਥ ਦਾ ਸ਼ਾਹ-ਅਸਵਾਰ ਬਨਣਾ ਜਾਂ ਨਾ ਬਣਨਾ ਤਾਂ ਵਕਤ ਦੀ ਖੇਡ ਹੈ, ਪਰ ਕੁਝ ਲੋਕ ਮਿਹਨਤ ਦੇ ਬਲਬੂਤੇ ਪੱਥਰ ਤੇ ਲਕੀਰ ਵਾਂਗ ਐਨੇ ਦ੍ਰਿੜ ਇਰਾਦੇ ਵਾਲੇ ਹੁੰਦੇ ਹਨ ਕਿ ਹਨੇਰੀਆਂ/ ਝੱਖੜ ਝੋਲਿਆਂ ਦੀਆਂ ਗਰਦਸ਼ਾਂ ਵਿੱਚ ਵੀ ਹਿੰਮਤ ਹਾਰ ਕੇ ਨਹੀਂ ਬਹਿੰਦੇ, ਸਗੋਂ ਦਿਨ-ਬ-ਦਿਨ ਫੁੱਲਾਂ ਦੀ ਖੁਸ਼ਬੋਈ ਵਾਂਗ ਹਮੇਸਾਂ ਤਰੋ-ਤਾਜ਼ਾ ਮਨ ਲੈ ਕੇ ਆਪਣੇ ਮਿਥੇ ਹੋਏ ਟੀਚੇ ਵੱਲ ਆਪਣੀਆਂ ਨਜ਼ਰਾਂ ਟਿਕਾਈ ਰੱਖਦੇ ਹਨ। ਅਜੋਕੇ ਸਮੇਂ ਦੇ ਅਦਾਕਾਰੀ ਅਤੇ ਵੀਡੀਓ ਫ਼ਿਲਮਾਂਕਣ ਖੇਤਰ ਵੱਲੀ ਝਾਤ ਮਾਰੀਏ ਤਾਂ ਇਹਦੇ ਵਿੱਚ ਆਪਣਾ ਨਾਮ ਬਣਾਉਣਾ ਤੇ ਇੱਕ ਨਿਵੇਕਲੇ ਜਿਹੇ ਉੱਭਰ ਕੇ ਸਾਹਮਣੇ ਆਉਣਾ ਕਿਹੜਾ ਸੁਖਾਲਾ ਹੈ। ਬਾਕੀ, ਜੋ ਵਕਤੀ ਕਰਵਟਾਂ ਦੇ ਹੁਨਰ 'ਤੇ ਯਕੀਨ ਰੱਖਦੇ ਹਨ, ਉਹਨਾਂ ਲਈ ਹਰ ਹੀਲਾ-ਵਸੀਲਾ ਹਮੇਸ਼ਾ ਲਾਹੇਵੰਦ ਸਿੱਧ ਹੁੰਦਾ ਹੈ ਤੇ ਉਹ ਇੱਕ-ਨਾ-ਇੱਕ ਦਿਨ ਪ੍ਰਾਪਤੀਆਂ ਦੇ ਆਨੰਦਮਈ ਪਲਾਂ ਨੂੰ ਮਾਣਦੇ ਹਨ। ਉਹਨਾਂ ਵਿੱਚੋਂ ਹੀ ਇੱਕ ਨਾਂ ਹੈ, ਜਿਹੜਾ ਅਜੋਕੇ ਅਦਾਕਾਰੀ ਅਤੇ ਵੀਡੀਓ ਫ਼ਿਲਮਾਂਕਣ ਖੇਤਰ ਵਿੱਚ ਨਿੱਤ-ਨਵੀਆਂ ਸੰਦਲੀ ਪੈੜ੍ਹਾਂ ਪਾ ਰਿਹੈ – ਗੱਗੀ ਸਾਰੋਂ



ਗੁਰਦੀਪ ਸਿੰਘ ਤੋਂ ਅਦਾਕਾਰੀ ਅਤੇ ਵੀਡੀਓ ਡਾਇਰੈਕਟਰ ਵਜੋਂ ਉੱਭਰ ਕੇ ਸਾਹਮਣੇ ਆਏ ਗੱਗੀ ਸਾਰੋਂ ਦਾ ਜਨਮ ਪਿੰਡ ਸਾਰੋਂ (ਸੰਗਰੂਰ) ਚ' ਮਾਤਾ ਸ੍ਰੀਮਤੀ ਹਰਦੀਪ ਕੌਰ ਦੀ ਕੁੱਖੋ, ਪਿਤਾ ਸ. ਕੁਲਦੀਪ ਸਿੰਘ ਧੀਮਾਨ ਦੇ ਘਰ ੧੯ ਅਗਸਤ ੧੯੯੦ ਨੂੰ ਹੋਇਆ। ਸੰਗੀਤਕ ਖੇਤਰ ਨਾਲ ਗੱਗੀ ਸਾਰੋਂ ਦਾ ਬਚਪਨ ਤੋਂ ਤਾਂ ਕੋਈ ਸ਼ੌਂਕ ਨਹੀ ਸੀ, ਜਵਾਨੀ ਚ' ਪੈਰ ਧਰਦਿਆਂ ਹੀ ਆਪਣੇ ਮਾਮਾ ਗੁਰਮੇਲ ਸਿੰਘ ਜੀ ਨੂੰ ਦੇਖ-ਦੇਖ ਕੇ ਉਸ ਅੰਦਰ ਵੀ ਕੁਝ-ਨਾ-ਕੁਝ ਕਰਨ ਦੀ ਚੇਸਟਾ ਜਾਗੀ ਅਤੇ ਫੇਰ ਕਰੀਬ 5 ਸਾਲ ਸੰਘਰਸ ਕਰਨ ਤੋਂ ਬਾਅਦ ਪਹਿਲੀ ਫ਼ਿਲਮ "ਜ਼ੁਲਮ ਦੀ ਅੱਗ" ਨਾਲ ਸੁਰੂਆਤ ਕੀਤੀ। ਫੇਰ "ਜਮੀਨ", "ਗਹਿਰੀ ਚਾਲ", "ਵੱਡਾ ਸਿਆਣਾ", "ਕਸੂਰ", "ਬਾਬੇ ਵਰਸਿਜ਼ ਮੋਟਰ", "ਔਲੀ ਟਾਲਤੀ", "ਮਿੱਠੀ ਲਾਈਫ" ਅਤੇ ਦਰਜਨ ਦੇ ਕਰੀਬ ਹੋਰ ਫਿਲਮਾਂ ਚ' ਕੰਮ ਕਰਨ ਦਾ ਮੌਕਾ ਮਿਲਿਆ ਅਤੇ ਹੁਣ ਭੁੱਲਰ ਫਿਲਮਜ਼ ਵਿੱਚ ਸਤਵੰਤ ਭੁੱਲਰ ਦੀ ਡਾਇਰੈਕਸ਼ਨ ਹੇਠ ਰਿਲੀਜ਼ ਹੋਈ ਫ਼ਿਲਮ "ਮਿੱਠੀ ਛੁਰੀ" ਹੋਈ। ਉਹਦੀ ਬਤੌਰ ਹੀਰੋ ਵਜੋਂ "ਪਿਆਰੇ ਦਾ ਭੂਤ" ਫ਼ਿਲਮ ਵੀ ਜਲਦੀ ਹੀ ਰਿਲੀਜ਼ ਹੋ ਰਹੀ ਹੈ। ਫ਼ਿਲਮਾਂ ਤੋਂ ਇਲਾਵਾ ਉਹਨੇ ਬਹੁਤ ਸਾਰੇ ਨਾਮਵਰ ਗਾਇਕਾ ਦੇ ਵੀਡੀਓ ਗੀਤਾਂ ਨੂੰ ਵੀ ਡਾਇਰੈਕਟ ਕਰਿਆ ਹੈ। ਜਿੰਨ੍ਹਾਂ ਚ' ਗਾਇਕ ਸਮਸ਼ੇਰ ਚੀਨਾ, ਹਾਕਮ ਬਖਤੜੀ ਵਾਲਾ-ਦਲਜੀਤ ਕੌਰ, ਲਾਭ ਰਾਜਸਥਾਨੀ, ਬਾਈ ਭੋਲਾ ਯਮਲਾ, ਬਬਲਾ ਧੂਰੀ, ਹਰਮੀਤ ਜੱਸੀ, ਪ੍ਰੀਤ ਸਾਜਨ, ਹਰਬੰਸ ਭੱਟੀ-ਪ੍ਰਵੀਨ ਭਾਰਟਾ, ਹਰਜਿੰਦਰ ਬਾਠ, ਸੁਖਦੀਪ ਮਰਾੜ, ਗੁਰਜੰਟ ਜੰਟੀ, ਲਖਵਿੰਦਰ ਮੋਹੀ, ਅਮਨ ਧੀਮਾਨ ਪਲਾਸੋਰ, ਗੁਰਮੀਤ ਪੰਜਾਬੀ-ਸੁਦੇਸ਼ ਕੁਮਾਰੀ ਆਦਿ ਸ਼ਾਮਿਲ ਹਨ। ਜਿੰਨ੍ਹਾਂ ਨੂੰ ਉਹਦੇ ਚਾਹੁੰਣ ਵਾਲਿਆ ਨੇ ਮਣਾਂ-ਮੂੰਹੀ ਪਿਆਰ/ ਸਤਿਕਾਰ ਦਿੱਤਾ। ਕੁੰਡੀ ਮੁੱਛ ਰਿਕ-ਾਰਡਜ਼ ਵਿੱਚ ਗੱਗੀ ਸਾਰੋਂ ਦੀ ਰਹਿਨੁਮਾਈ ਹੇਠ ਕੁਲਦੀਪ ਚੋਬਰ ਦਾ ਟਰੈਕ "ਮਿੱਠੀਏ" ਰਿਲੀਜ਼ ਹੋਇਆ। ਜਿਸ ਨੂੰ ਭਰਪੂਰ ਭਰਵਾਂ ਹੁੰਗਾਰਾ ਮਿਲਿਆ।

ਆਪਣੇ ਬੇਹੱਦ ਸਹਿਯੋਗੀ ਸਤਵੰਤ ਭੁੱਲਰ, ਬੌਬੀ ਸੇਖੋਂ, ਲਾਭ ਭੁੱਲਰ, ਸੀਪਾ ਸਾਰੋਂ, ਬਿੱਟੂ ਜੱਖਲਾਂ, ਜਸਵੀਰ ਬਠਿੰਡਾ, ਕੁਲਦੀਪ ਸਾਰੋਂ (ਦੋਹਾ), ਜੀਵਨ ਸਾਰੋਂ ਅਤੇ ਹਰਪਾਲ ਪਲਾਸੋਰ ਦਾ ਦਿਲੋਂ ਧੰਨਵਾਦ ਕਰਦਾ, ਜਿਲ੍ਹਾ ਸੰਗਰੂਰ ਦੇ ਸ਼ਹਿਰ ਧੂਰੀ ਦੇ ਨਾਲ ਲਗਦੇ ਆਪਣੇ ਜੱਦੀ ਪਿੰਡ ਸਾਰੋਂ ਵਿਖੇ ਆਪਣੇ ਪੂਰੇ ਪਰਿਵਾਰ ਨਾਲ ਖੁਸ਼ੀਆਂ ਭਰੀ ਜ਼ਿੰਦਗੀ ਬਤੀਤ ਕਰ ਰਿਹਾ, ਗੱਗੀ ਸਾਰੋਂ ਆਖਦੈ ਕਿ ਉਹ ਹਮੇਸ਼ਾ ਪੰਜਾਬੀ ਸੱਭਿਆਚਾਰ ਦੇ ਦਾਇਰੇ ਵਿੱਚ ਰਹਿ ਕੇ ਹੀ ਅਦਾਕਾਰੀ ਅਤੇ ਗੀਤਾਂ ਦਾ ਵੀਡੀਓ ਫ਼ਿਲਮਾਂਕਣ ਕਰੇਗਾ, ਜਿਸ ਤੇ ਉਸ ਦਾ ਪਰਿਵਾਰ ਹੀ ਨਹੀਂ, ਸਗੋਂ ਸਮਾਜ ਵੀ ਮਾਣ ਕਰੇ। ਮੇਰੀ ਵੀ ਇਹੋ ਦੁਆ ਹੈ ਕਿ ਗੱਗੀ ਸਾਰੋਂ ਦਾ ਅਦਾਕਾਰੀ ਅਤੇ ਵੀਡੀਓ ਡਾਇਰੈਕਟਰ ਖੇਤਰ ਵਿੱਚ ਖੂਬ ਨਾਮ ਹੋਵੇ ਅਤੇ ਹਰ ਕਦਮ ਉਹ ਬੁਲੰਦੀਆਂ ਨੂੰ ਛੂਹੇ।



**ਗੁਰਬਾਜ ਗਿੱਲ**
**91-98723-62507**

# ਲੋਕ ਲਹਿਰ ਬਣੇ ਮਿਸ਼ਨ ਤੰਦਰੁਸਤ ਪੰਜਾਬ

**(ਸਫਾ 18 ਦੀ ਬਾਕੀ**

ਕਰ ਕੇ ਤਾਂ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ ਅਯੋਗ ਠਹਿਰਾਉਣ ਦੇ ਮਾਮਲੇ 'ਤੇ ਹੀ ਜਾਣੇ ਜਾਂਦੇ ਹਨ, ਪਰ ਉਨ੍ਹਾਂ "ਸਾਫ਼ ਹਵਾ-ਪਾਣੀ ਅਤੇ ਸ਼ੁੱਧ ਦੁੱਧ" ਲਈ ਜਹਾਦ ਛੇੜਿਆ ਅਤੇ ਇਕੱਲੇ ਇਸ ਸਾਲ ਦੌਰਾਨ 30 ਕੇਸਾਂ ਵਿੱਚ ਆਪੇ ਕਾਰਵਾਈ ਕੀਤੀ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਸਰਕਾਰ ਨੇ ਸਿਹਤ ਅਤੇ ਸਿੱਖਿਆ ਵਿੱਚ ਸੁਧਾਰ ਨਾ ਕੀਤਾ ਤਾਂ ਉਹ ਲਾਹੌਰ ਮੈਟਰੋ ਬੰਦ ਕਰਵਾ ਦੇਣਗੇ। ਇੱਧਰ, ਸਾਡੇ ਪੰਜਾਬ ਵਿੱਚ, ਮੁੱਖ ਮੰਤਰੀ ਵੱਲੋਂ ਬੁੱਢੇ ਨਾਲੇ ਵਿੱਚ ਪ੍ਰਦੂਸ਼ਿਤ ਪਾਣੀ ਰੋਕਣ ਬਾਰੇ ਹਾਈ ਕੋਰਟ ਦੇ ਹੁਕਮਾਂ ਦੀ ਅਵੱਗਿਆ ਕੀਤੀ ਜਾਂਦੀ ਹੈ, ਤੇ ਉਨ੍ਹਾਂ ਖ਼ਿਲਾਫ਼ ਅਦਾਲਤੀ ਮਾਣਹਾਨੀ ਦਾ ਕੋਈ ਕੇਸ ਵੀ ਨਹੀਂ ਬਣਦਾ।

ਪਿਛਲੇ ਮਹੀਨੇ ਕਸੌਲੀ ਵਿੱਚ ਨਜਾਇਜ਼ ਕਬਜ਼ੇ ਛੁਡਾਉਣ ਦੀ ਨਿਗਰਾਨੀ ਕਰ ਰਹੀ ਮਹਿਲਾ ਅਫ਼ਸਰ ਦੇ ਕਤਲ ਤੋਂ ਬਾਅਦ, ਸਾਡੀ ਸੁਪਰੀਮ ਕੋਰਟ ਨੇ ਜ਼ਿੰਮੇਵਾਰੀ ਤੈਅ ਕਰਨ ਦੀ ਮਿਸਾਲ ਕਾਇਮ ਕੀਤੀ। ਅਦਾਲਤ ਨੇ ਉਨ੍ਹਾਂ ਅਫ਼ਸਰਾਂ ਦੇ ਨਾਂ ਤਲਬ ਕੀਤੇ ਜਿਨ੍ਹਾਂ ਦੇ ਕਾਰਜਕਾਲ ਦੌਰਾਨ ਗ਼ੈਰ ਕਾਨੂੰਨੀ ਉਸਾਰੀਆਂ ਹੋਈਆਂ ਸਨ। ਜੇ ਕੈਪਟਨ ਅਮਰਿੰਦਰ ਸਿੰਘ, ਬਾਦਲ ਨਾਲੋਂ ਰਤਾ ਕੁ ਚੰਗੀ ਵਿਰਾਸਤ ਪਿੱਛੇ ਛੱਡਣਾ ਚਾਹੁੰਦੇ ਹਨ ਤਾਂ ਉਹ ਸੁਪਰੀਮ ਕੋਰਟ ਦਾ ਮੈਨੇਜਮੈਂਟ ਫਾਰਮੂਲਾ ਅਪਣਾ ਸਕਦੇ ਹਨ ਅਤੇ ਆਪਣੇ ਮੰਤਰੀਆਂ ਤੇ ਅਫ਼ਸਰਾਂ ਨੂੰ ਉਨ੍ਹਾਂ ਦੇ ਅਧੀਨ ਹੁੰਦੇ ਗ਼ਲਤ ਕੰਮਾਂ ਲਈ ਜਵਾਬਦੇਹ ਬਣਾ ਸਕਦੇ ਹਨ; ਇਹ ਭਾਵੇਂ ਲਾਲਫੀਤਾਸ਼ਾਹੀ ਦਾ ਮਾਮਲਾ ਹੋਵੇ ਜਾਂ ਜਲ/ਹਵਾ ਪ੍ਰਦੂਸ਼ਣ, ਨਜਾਇਜ਼ ਕਬਜ਼ਿਆਂ, ਗ਼ੈਰ ਮਨਜ਼ੂਰਸ਼ੁਦਾ ਉਸਾਰੀਆਂ ਜਾਂ ਨਸ਼ਿਆਂ ਦਾ ਹੋਵੇ।

# ਨੀਰਵ ਮੋਦੀ ਦੇ ਬ੍ਰਿਟੇਨ ਵਿੱਚ ਹੋਣ ਦੀ ਪੁਸ਼ਟੀ

**ਲੰਡਨ–** ਭਾਰਤ ਵਿੱਚ ਕੌਮੀਕ੍ਰਿਤ ਬੈਂਕ ਪੀਐਨਬੀ ਨਾਲ 13 ਹਜ਼ਾਰ ਕਰੋੜ ਰੁਪਏ ਦੀ ਧੋਖਾਧੜੀ ਦੇ ਦੋਸ਼ 'ਚ ਲੋੜੀਂਦਾ ਹੀਰਾ ਕਾਰੋਬਾਰੀ ਨੀਰਵ ਮੋਦੀ ਯੂਕੇ ਵਿੱਚ ਹੈ। ਯੂਕੇ ਨੇ ਅੱਜ ਅਧਿਕਾਰਤ ਤੌਰ 'ਤੇ ਇਸ ਤੀ ਪੁਸ਼ਟੀ ਕੀਤੀ ਹੈ। ਇਸ ਦੇ ਨਾਲ ਹੀ ਯੂਕੇ ਦੇ ਮੰਤਰੀ ਬੈਰੋਨੈਸ ਵਿਲੀਅਮਜ਼ ਨੇ ਗ੍ਰਹਿ ਰਾਜ ਮੰਤਰੀ ਕਿਰਨ ਰਿਜਿਜੂ ਨੂੰ ਭਰੋਸਾ ਦਿੱਤਾ ਹੈ ਕਿ ਬ੍ਰਿਟੇਨ ਨੀਰਵ ਮੋਦੀ, ਸ਼ਰਾਬ ਕਾਰੋਬਾਰੀ ਵਿਜੈ ਮਾਲਿਆ ਤੇ ਹੋਰਨਾਂ ਦੀ ਸਪੁਰਦਗੀ ਲਈ ਭਾਰਤ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਵਿੱਚ ਪੂਰਾ ਸਹਿਯੋਗ ਦੇਵੇਗਾ। ਭਾਰਤ ਨੇ ਯੂਕੇ ਨੂੰ ਸਾਫ਼ ਕਰ ਦਿੱਤਾ ਕਿ ਹੋਰਨਾਂ ਮੁਲਕਾਂ 'ਚ ਲੋੜੀਂਦੇ ਅਪਰਾਧੀ ਬਰਤਾਨੀਆ ਨੂੰ ਸੁਰੱਖਿਅਤ ਛੁਪਣਗਾਹ ਵਜੋਂ ਨਾ ਵੇਖਣ।

ਭਾਰਤ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਪਰੈਲ ਵਿੱਚ ਲੰਡਨ ਫੇਰੀ ਦੌਰਾਨ ਤਿਰੰਗੇ ਦੀ ਹੋਈ ਬੇਅਦਬੀ ਅਤੇ ਕੁਝ ਕਸ਼ਮੀਰੀ ਤੇ ਸਿੱਖ ਜਥੇਬੰਦੀਆਂ ਬਰਤਾਨੀਆ ਦੀ ਧਰਤੀ ਤੋਂ ਚਲਾਈਆਂ ਜਾ ਰਹੀਆਂ ਭਾਰਤ ਵਿਰੋਧੀ ਸਰਗਰਮੀਆਂ 'ਤੇ ਨਿਰਾਸ਼ਾ ਵੀ ਜਤਾਈ। ਇਸ ਦੌਰਾਨ ਸੀਬੀਆਈ ਨੇ ਇੰਟਰਪੋਲ ਨੂੰ ਹੀਰਾ ਕਾਰੋਬਾਰੀ ਨੀਰਵ ਮੋਦੀ ਖ਼ਿਲਾਫ਼ ਰੈੱਡ ਕਾਰਨਰ ਨੋਟਿਸ ਜਾਰੀ ਕਰਨ ਲਈ ਕਿਹਾ ਹੈ। ਨੋਟਿਸ ਜਾਰੀ ਹੋਣ ਮਗਰੋਂ ਲਿਓਨ ਆਧਾਰਿਤ ਕੌਮਾਂਤਰੀ ਪੁਲੀਸ ਕੋਆਪਰੇਸ਼ਨ ਏਜੰਸੀ ਦੇ ਮੈਂਬਰ ਮੁਲਕ ਨੀਰਵ ਮੋਦੀ ਨੂੰ ਗ੍ਰਿਫ਼ਤਾਰ ਤੇ ਭਾਰਤ ਸਪੁਰਦ ਕਰਨ ਦੇ ਸਮਰੱਥ ਹੋ ਜਾਣਗੇ। ਉਧਰ 'ਦਿ ਫਾਇਨਾਂਸ਼ੀਅਲ ਟਾਈਮਜ਼' ਨੇ ਆਪਣੀ ਇਕ ਰਿਪੋਰਟ ਵਿੱਚ ਦਾਅਵਾ ਕੀਤਾ ਹੈ ਕਿ ਗ੍ਰਿਫ਼ਤਾਰੀ ਤੋਂ ਬਚਣ ਲਈ ਯੂਕੇ ਭੱਜਿਆ ਹੀਰਾ ਕਾਰੋਬਾਰੀ ਨੀਰਵ ਮੋਦੀ ਉਥੇ ਸਿਆਸੀ ਸ਼ਰਣ ਲੈਣ ਦੇ ਆਹਰ ਵਿੱਚ ਹੈ। ਹੀਰਾ ਕਾਰੋਬਾਰੀ ਕੌਮੀਕ੍ਰਿਤ ਬੈਂਕ ਵੱਲੋਂ ਉਸ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ ਕਰਾਉਣ ਤੋਂ ਹਫ਼ਤਿਆਂ ਪਹਿਲਾਂ ਯੂਕੇ ਭੱਜ ਗਿਆ ਸੀ।

# ਮਿਹਨਤੀ, ਸਹਿਜ, ਨਿੱਘੇ - ਮਿਲਾਪੜੇ ਸੁਭਾਅ ਅਤੇ ਸੇਵਾ ਭਾਵਨਾ ਨਾਲ ਲਬਰੇਜ਼ ਕਾਰੋਬਾਰੀ ਸ਼ਖ਼ਸ਼

# ਰਾਜਾ ਸਵੀਟਸ ਵਾਲੇ ਮੱਖਣ ਸਿੰਘ ਬੈਂਸ




ਕਾਦਰ ਨੇ ਬੜੀ ਰੰਗ-ਰੰਗੀਲੀ ਦੁਨੀਆ ਸਿਰਜੀ ਹੈ। ਸਾਰੇ ਜੀਵਾਂ ਤੋਂ ਵੱਧ ਮਨੁੱਖ ਨੂੰ ਸੰਸਾਰੀ ਅਤੇ ਸਮਾਜਿਕ ਹੋਣ ਦਾ ਦਰਜਾ ਹਾਸਿਲ ਹੈ। ਮਨੁੱਖਾਂ ਵਿਚ ਵੀ ਸਭ ਦੀ ਵੱਖਰੀ ਹੋਂਦ ਅਤੇ ਅਹਿਮੀਅਤ ਹੈ। ਸਮਾਜਿਕ ਹੋਣ ਦੇ ਕਰਕੇ ਹੀ ਮਨੁੱਖ ਨੇ ਆਪਣੀ ਸੂਝ ਸਿਆਣਪ ਤੇ ਮਿਹਨਤ ਲਗਨ ਨਾਲ ਹਰ ਬੁਲੰਦੀ ਛੋਹੀ ਹੈ, ਤਰੱਕੀ ਕੀਤੀ ਹੈ। ਇਸ ਦੇ ਲਾਭ ਨੁਕਸਾਨ ਵੱਖਰਾ ਵਿਸ਼ਾ ਹਨ। ਮਨੁੱਖ ਨੇ ਤੀਬਰ ਇੱਛਾ, ਮਿਹਨਤ ਅਤੇ ਕਲਪਨਾ ਨੂੰ ਅਸਲ ਰੂਪ ਦੇ ਕੇ ਦੁਨੀਆ ਦੇ ਨਕਸ਼ ਅਤੇ ਨਕਸ਼ੇ ਵਿਚ ਵਿਆਪਕ ਤਬ-ਦੀਲੀਆ ਲਿਆਦੀਆਂ ਹਨ। ਦੂਰ ਦੁਰਾਡੇ ਦੇਸ਼ਾਂ ਤੱਕ ਆਪਣੀ ਪਹੁੰਚ ਸੁਖਾਲੀ ਕੀਤੀ ਹੈ। ਦੁਨੀਆਂ ਨੂੰ ਛੋਟੀ ਕਰ ਦਿੱਤਾ ਹੈ। ਪਰ ਪੰਜਾ-ਬੀਆ ਨੇ ਪਹਿਲ ਦੇ ਅਧਾਰ ਤੇ ਆਪਣੇ ਅੱਥਰੇ ਸੁਭਾਅ ਕਰਕੇ ਦੁਨੀਆਂ ਭਰ ਦੇ ਦੇਸ਼ਾਂ ਵਿਚ ਜਾ ਕੇ ਵਾਸ ਕੀਤਾ ਹੈ। ਖ਼ੂਬ ਤਰੱਕੀਆ ਕੀਤੀਆ ਹਨ ਤੇ ਆਪਣੀ ਵੱਖਰੀ ਹੋਂਦ ਦੇ ਪਰਚਮ ਲਹਿਰਾਏ ਹਨ।



-ਰੇਸ਼ਮ ਕਰਨਾਣਵੀ
91-98158-80104

ਉਹਨਾਂ ਪੰਜਾਬੀਆਂ 'ਚੋਂ ਦੁਆਬੇ ਦੇ ਜ਼ਿਲ੍ਹੇ ਸ਼ਹੀਦ ਭਗਤ ਸਿੰਘ ਨਗਰ ਦੇ ਕਸਬਾ ਨੁਮਾ ਪਿੰਡ ਔੜ ਦੇ ਲਾਗੇ ਪੈਂਦੇ ਪਿੰਡ ਮੱਲ੍ਹਾ ਬੇਦੀਆ ਤੋਂ ਅਮਰੀਕਾ ਜਾ ਕੇ ਵਸੇ ਉਤਸ਼ਾਹਿਤ ਤੇ ਉੱਦਮੀ ਮੱਖਣ ਸਿੰਘ ਬੈਂਸ ਵੀ ਵਿਲੱਖਣ ਸ਼ਖਸ਼ੀਅਤ ਹੈ। ਜਿਨ੍ਹਾਂ ਨੇ ਅਮਰੀਕਾ ਦੇ ਸੂਬੇ ਕੈਲੇਫੋਰਨੀਆ ਦੇ ਸ਼ਹਿਰ ਯੂਨੀਅਨ ਸਿਟੀ ਅਤੇ ਹੈਵਰਡ 'ਚ ਮਠਿਆਈਆਂ ਅਤੇ ਕੈਟਰਿੰਗ ਦੇ ਕਾਰੋਬਾਰ 'ਚ ਬਾਦਸ਼ਾਹੀ ਕਾਇਮ ਕੀਤੀ ਹੈ ਅਤੇ ਆਪਣੀ ਬਿਜ਼ਨਸ ਦੀ ਪੜ੍ਹ-ਾਈ ਦਾ ਪੂਰਾ ਲਾਹਾ ਲਿਆ ਹੈ।

ਗੱਲਬਾਤ ਚ ਸਲੀਕਾ, ਗਿਣੇ ਚੁਣੇ ਬੋਲਾਂ 'ਚ ਠਰੰਮਾ, ਚਿਹਰੇ ਤੇ ਅਦਬੀ ਨਿਰਛਲ ਮੁਸਕਾਨ, ਨਿੱਘਾ ਸੁਭਾਅ, ਸ਼ਰਮੀਲਾ ਹਾਸਾ ਅਤੇ ਨਿਛਕਾਮ ਸੇਵਾ ਭਾਵਨਾ ਵਰਗੇ ਰੰਗਾਂ ਨਾ਼ਲ ਬਣੀ ਤਸਵੀਰ 'ਚੋ ਜਿਸ ਸਖਸ਼ੀਅਤ ਦਾ ਅਕਸ ਉਭਰਦਾ ਹੈ ਮੱਖਣ ਸਿੰਘ ਬੈਂਸ ਦਾ। ਇਹ ਅਮਰੀਕਾ ਦੇ ਕੈਲੇਫੋਰਨੀਆਂ ਸਟੇਟ ਦਾ ਜਾਣਿਆ ਪਛਾਣਿਆ ਤੇ ਸਥਾਪਿਤ ਨਾਮ ਹੈ। ਉਹਨਾਂ ਮੱਲ੍ਹਾ ਬੇਦੀਆ ਤੋਂ ਅਮਰੀਕਾ ਜਾ ਕੇ ਨਾਮ ਅਤੇ ਨਾਵਾਂ ਕਮਾਇਆ ਹੈ ਅਤੇ ਸੇਵਾ ਭਾਵਨਾ ਨਾਲ ਜਸ ਖੱਟਿਆ ਹੈ। ਪਿਤਾ ਸਰਦਾਰ ਮੇਜਰ ਸਿੰਘ ਬੈਂਸ ਦੇ ਹੋਣ-ਹਾਰ ਸਪੁੱਤਰ ਅਤੇ ਇੰਗਲੈਂਡ ਵਸਦੀ ਭੈਣ ਸੁਖਵਿੰਦਰ ਕੌਰ ਦੇ ਪਿਆਰੇ ਭਰਾ ਮੱਖਣ ਸਿੰਘ ਨੇ ਪਿੰਡ ਦੇ ਸਕੂਲ ਤੋਂ ਪੰਜਵੀਂ ਤੇ ਔੜ ਤੋਂ ਛੇਂਵੀ ਜਮਾਤ ਪਾਸ ਕੀਤੀ ਤੇ ਫਿਰ ਆਪਣੇ ਪਿਤਾ ਜੀ ਦੇ ਕਰਮ ਭੂਮੀ ਜੋਧਪੁਰ ਰਾਜਸਥਾਨ ਚ ਅਗਲੀ ਪੜ੍ਹਾਈ ਸ਼ੁਰੂ ਕੀਤੀ। ਮੱਖਣ ਬੈਂਸ ਦੇ ਪਿਤਾ ਸਰਦਾਰ ਮੇਜਰ ਸਿੰਘ ਜੋਧਪੁਰ ਵਿਚ ਹੀ ਰੇਲਵੇ ਡਰਾਇਵਰ ਵਜੋਂ ਤਾਇਨਾਤ ਸਨ। ਜੋਧਪੁਰ ਯੂਨੀਵਰਸਿਟੀ ਤੋਂ ਐਮ.ਬੀ.ਏ.ਕਰ ਕੇ ਕੰਪਿਊਟਰ ਪ੍ਰੋਗਰਾਮਿੰਗ ਦੀ ਪੜ੍ਹਾਈ ਕਰਦਿਆਂ ਮੱਖਣ ਸਿੰਘ ਬੈਂਸ ਦਾ ਵਿਆਹ ਬਲਜੀਤ ਕੌਰ ਦੇ ਨਾ਼ਲ ਹੋਇਆ ਅਤੇ ਇਸੇ ਬਿਨਾਅ ਤੇ ਉਹ 1985 ਵਿਚ ਅਮਰੀਕਾ ਚਲੇ ਗਏ। ਜਾਂਦਿਆ ਹੀ ਵਧੀਆ ਪਰਿਵਾਰਿਕ ਮਾਹੌਲ ਮਿਲ ਗਿਆ, ਕੋਈ ਮੁਸ਼ਕਿਲ ਨਹੀਂ ਆਈ। ਅਮਰੀਕਾ ਚ ਮੱਖਣ ਸਿੰਘ ਨੂੰ ਆਪਣੀ ਪੜ੍ਹਾਈ ਮੁਤਾਬਿਕ ਕੰਮ ਮਿਲ ਗਿਆ। ਉਹਨਾਂ ਬਤੌਰ ਫਾਂਇਨੈਂਸ ਡਾਇਰੈਕਟਰ ਨੌਕਰੀ ਸ਼ੁਰੂ ਕੀਤੀ। ਇਸ ਦੌਰਾਨ ਹੀ ਉਹਨਾਂ ਦਾ ਸਬੱਬੀਂ ਮੇਲ ਗਿਆਨੀ ਰਵਿੰਦਰ ਸਿੰਘ ਜੋ ਕੈਟਰਿੰਗ ਦਾ ਕੰਮ ਕਰਦੇ ਸਨ,ਨਾ਼ਲ ਹੋਇਆ। ਗਿਆਨੀ ਰਵਿੰਦਰ ਸਿੰਘ ਨੇ ਉਹਨਾਂ ਨੂੰ ਆਪਣੇ ਨਾਲ ਬਤੌਰ ਪ੍ਰਬੰਧਕ ਕੰਮ ਕਰਨ ਲਈ ਉਤਸ਼ਾਹਿਤ ਕੀਤਾ। ਉਹਨਾਂ ਆਪਣੀ ਨੌਕਰੀ ਦੌਰਾਨ ਹੀ ਰਵਿੰਦਰ ਸਿੰਘ ਨਾ਼ਲ ਛੇ ਮਹੀਨੇ ਕੰਮ ਕੀਤਾ। ਦਿਲਚਸਪੀ ਬਣਨ ਕਰਕੇ ਨੌਕਰੀ ਛੱਡ ਕੇ ਕੈਟਰਿੰਗ ਦੇ ਕੰਮ ਨੂੰ ਅਪਣਾਇਆ ਤੇ ਮੈਨੇਜਮੈਂਟ ਦੀ ਜ਼ਿ-ਮੇਵਾਰੀ ਸੰਭਾਲੀ ਵੱਡੇ-ਵੱਡੇ ਫਾਈਵ ਸਟਾਰ ਹੋਟਲਾਂ ਦੇ ਕੰਟਰੈਕਟ ਕੀਤੇ ਕੰਮ ਨੂੰ ਚੰਗਾ ਹੁੰਗਾਰਾ ਤੇ ਹੁਲਾਰਾ ਮਿਲਿਆ।

ਗਿਆਨੀ ਰਵਿੰਦਰ ਸਿੰਘ ਵੀ ਸ਼ਹੀਦ ਭਗਤ ਸਿੰਘ ਜਿਲ੍ਹੇ ਦੇ ਪਿੰਡ ਸੁੱਜੋਂ ਤੋਂ ਹਨ। ਉਹ ਪੰਜਾਬ ਵਿਚ ਵੀ ਬੰਗਾ ਅਤੇ ਨਵਾਂਸ਼ਹਿਰ ਵਿਚ ਕੈਟਰਿੰਗ ਦਾ ਕੰਮ ਕਰ ਚੁੱਕੇ ਸਨ। ਉਹ ਆਪਣੇ ਭਰਾ ਦੇ ਸੱਦੇ ਤੇ ਅਮਰੀਕਾ ਆਏ ਸਨ। ਰਵਿੰਦਰ ਸਿੰਘ ਦੇ ਪਰਿਵਾਰ ਚ ਪਤਨੀ ਪਰਵਿੰਦਰ ਕੌਰ, ਸਕੂਲ ਪੜ੍ਹਦੇ ਬੇਟੇ ਕਰਮਨਜੋਤ ਸਿੰਘ,ਬੇਟੀ ਹਰਪ੍ਰੀਤ ਕੌਰ ਹਨ। ਉਨ੍ਹਾਂ ਦੋਵਾਂ ਦੀ ਪਰਿਵਾਰਕ ਅਤੇ ਵਪਾਰਕ ਸਾਂਝ ਬੜੀ ਗੂੜੀ ਹੈ ਕਿ ਕਿਸੇ ਕੰਮ ਬਾਰੇ ਇੱਕ ਦੂਜੇ ਤੋਂ ਬਿਨ੍ਹਾਂ ਸੋਚਣਾ ਹੀ ਅਸੰਭਵ ਹੈ ਉਹ ਦੋਵੇਂ ਇੱਕ ਦੂਜੇ ਦੇ ਪੂਰਕ ਹਨ। ਇਸੇ ਤਾਲਮੇਲ ਕਰਕੇ ਉਨ੍ਹਾਂ ਕਾਰੋਬਾਰੀ ਸਿਖਰਾਂ ਛੋਹੀਆਂ ਹਨ।

ਕੈਲੇਫੋਰਨੀਆਂ ਵਿਚ ਹਰ ਵੱਡੇ ਅਤੇ ਦੂਰ ਦੂਰ ਤੱਕ ਹੋਣ ਵਾਲੇ ਸਮਾਗਮਾਂ ਦੀ ਕੈਟਰਿੰਗ ਦਾ ਪ੍ਰਬੰਧ ਅਕਸਰ ਰਾਜਾ ਸਵੀਟਸ ਕੋ਼ਲ ਹੁੰਦਾ ਹੈ। ਰਾਜਾ ਸਵੀਟਸ ਦਾ ਨਾਮਕਰਨ ਗਿਆਨੀ ਰਵਿੰਦਰ ਸਿੰਘ ਵਲੋਂ ਹੀ ਸ਼੍ਰੀ ਨਾਵ ਕੰਭਲ ਰਾਜਾ ਸਾਹਿਬ ਮਜਾਰਾ ਨੌ ਆਬਾਦ ਦੇ ਨਾਮ ਤੇ ਹੀ ਰੱਖਿਆ ਹੈ। ਉਹਨਾਂ ਦਾ ਕਹਿਣਾ ਹੈ ਕਿ ਰਾਜਾ ਸਾਹਿਬ ਦਾ ਹੀ ਪ੍ਰਤਾਪ ਹੈ ਜੋ ਅਸੀਂ ਕਾਮਯਾਬੀ ਪ੍ਰਾਪਤ ਕੀਤੀ ਹੈ। ਇੱਕ ਹੋਰ ਸਬੱਬ ਇਹ ਕਿ ਮੱਖਣ ਸਿੰਘ ਬੈਂਸ ਦਾ ਨਾਨਕਾ ਪਿੰਡ ਵੀ ਮਜ਼ਾਰਾ ਰਾਜਾ ਸਾਹਿਬ ਹੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਮਾਤਾ ਚਰਨ ਕੌਰ ਹੋਰਾਂ ਨੂੰ ਰਾਜਾ ਸਾਹਿਬ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੈ। ਰਾਜਾ ਸਵੀਟਸ ਦੇ ਲੋਗੋ ਚ ਬਣਿਆ ਕਰਾਊਨ ਉਨ੍ਹਾਂ ਦੀ ਮਠਿਆਈਆਂ ਅਤੇ ਕੈਟਰਿੰਗ'ਚ ਬਾਦਸ਼ਾਹੀ ਨੂੰ ਦਰਸਾਉਂਦਾ ਹੈ। ਉਨ੍ਹਾਂ ਦੀ ਚੰਗੀ ਬੋਲਚਾਲ, ਇਮਾਨਦਾਰੀ, ਸਮੰਬੱਧਤਾ, ਜਾਇਜ਼ ਕੀਮਤ ਦੇ ਨਾ਼ਲ ਨਾ਼ਲ ਵੱਡਿਆ ਦਾ ਸਤਿਕਾਰ ਸਭ ਨੂੰ ਪਿਆਰ ਸਾਹਿਤ ਜੀ ਆਇਆ ਹੀ ਚੰਗੇ ਕਾਰੋਬਾਰ ਦੀ ਸਫ਼ਲਤਾ ਦਾ ਸੂਝ ਮੰਤਰ ਹੈ।

ਸ਼ਾਇਰ ਸ਼ੌਕਤ ਢੰਡਵਾੜਵੀ ਦਾ ਸ਼ੇਅਰ ਹੈ :
ਤਾਂ ਹੀ ਤਾਂ ਚੱਲ ਰਹੀ ਹੈ ਚੰਗੀ ਦੁਕਾਨ ਉਸਦੀ।
ਮਿਰਚਾਂ ਉਹ ਵੇਚਦਾ ਹੈ ਮਿੱਠੀ ਜ਼ੁਬਾਨ ਉਸਦੀ।




ਪਰ ਇੱਥੇ ਤਾਂ ਗੱਲ ਹੋਰ ਵੀ ਸਿਰੇ ਦੀ ਹੈ ਕਿ ਕਾਰੋਬਾਰ ਹੀ ਮਠਿਆਈਆਂ ਹੈ,ਉਪਰੋਂ ਬੋਲਚਾਲ ਦੀ ਮਿਠਾਸ ਸੋਨੇ ਤੇ ਸੁਹਾਗਾ ਬਣਦੀ ਹੈ। ਰਾਜਾ ਸਵੀਟਸ ਦੇ ਪਕਵਾਨ ਅਤੇ ਮਠਿਆਈਆਂ ਹੋਰ ਕੌਮਾਂ ਦੇਸ਼ਾਂ ਦੇ ਲੋਕਾਂ ਚ ਵੀ ਹਰਮਨ ਪਿਆਰੀਆ ਹੋ ਰਹੀਆਂ ਹਨ। ਕੁਆਲਿਟੀ ਅਤੇ ਵਰਾਇਟੀ ਦਾ ਪਸਾਰ ਅਤੇ ਸ਼ੁੱਧਤਾ ਤੇ ਪੂਰਾ ਧਿਆਨ ਦਿੱਤਾ ਜਾਂਦਾ ਹੈ। ਉਹ ਇੰਡੀਆ ਤੋਂ ਮਠਿਆਈਆਂ ਨਹੀਂ ਮੰਗਵਾਉਂਦੇ ਸਗੋਂ ਉੱਥੇ ਹੀ ਤਿਆਰ ਕਰਦੇ ਹਨ।

ਅਮਰੀਕਾ ਵਰਗੇ ਦੇਸ਼ਾਂ ਪ੍ਰਤੀ ਉਨ੍ਹਾਂ ਦਾ ਵਿਚਾਰ ਹੈ ਕਿ ਇੱਥੇ ਮਿਹਨਤ ਕਰਦੇ ਜਾਉ ਤਾ ਫ਼ਲ ਆਪਣੇ ਆਪ ਮਿਲ ਜਾਂਦਾ ਹੈ ਕਿਉਂਕਿ ਇੱਥੇ ਕਿਸੇ ਸ਼ਾਰਟਕੱਟ ਦੀ ਗੁੰਜ਼ਾਇਸ਼ ਨਹੀਂ ਹੈ। ਭਾਰਤ ਵਾਂਗ ਰਿਸ਼ਵਤ ਖੋਰੀ ਨਹੀਂ ਹੈ। ਪਾਰਦਰਸ਼ਤਾ ਨਾਲ ਕੰਮ ਹੁੰਦੇ ਹਨ। ਆਪਣੇ ਦੇਸ਼ ਵਿਚ ਤਾਂ ਕਈ ਵਾਰ ਆਪਣੇ ਪੈਸੇ ਕਢਵਾਉਣ ਲਈ ਵੀ ਪੈਸੇ ਦੇਣੇ ਪੈਂਦੇ ਹਨ। ਹਰ ਕੰਮ ਵਿਚ ਸਿਫਾਰਿਸ਼ਾਂ ਭਾਲਣੀਆਂ ਪੈਂਦੀਆਂ ਹਨ। ਇਹ ਹੀ ਵੱਡਾ ਫ਼ਰਕ ਅਤੇ ਕਾਰਨ ਹੈ ਜੋ ਨੌਜਵਾਨਾਂ ਨੂੰ ਵਿਦੇਸ਼ਾਂ ਵਿਚ ਜਾਣ ਦੇ ਰੁਝਾਨ ਵਿਚ ਵਾਧਾ ਕਰਦਾ ਹੈ। ਵਿਦੇਸ਼ ਜਾ ਕੇ ਕੰਮ ਦੀ ਕਮੀ ਅਤੇ ਪੈਸੇ ਦੀ ਲੋੜ ਤਾਂ ਜ਼ਰੂਰ ਪੂਰੀ ਹੋ ਜਾਂਦੀ ਹੈ ਪਰ ਜਨਮ ਭੂਮੀ ਤੇ ਦੇਸ਼ ਨੂੰ ਛੱਡ ਕੇ ਜਾਣ ਦਾ ਝੋਰਾ ਜ਼ਰੂਰ ਕਾਇਮ ਰਹਿੰਦਾ ਹੈ। ਆਪਣੀ ਮਿੱਟੀ ਦੀ ਮਹਿਕ ਅਤੇ ਪਿੰਡ ਆ ਕੇ ਮਿਲਦਾ ਸਕੂਨ ਅਮਰੀਕਾ ਦੀ ਹੱਟੀਆ ਤੋਂ ਪੈਸੇ ਦੇ ਕੇ ਨਹੀ ਖਰੀਦਿਆ ਜਾ ਸਕਦਾ। ਰਿਸ਼ਤੇ ਨਾਤੇ ਭੁਲਾਏ ਨਹੀਂ ਜਾ ਸਕਦੇ। ਫਿਰ ਵੀ ਬੇਗਾਨੇ ਦੇਸ਼ ਚ ਆਪਣੇ ਦੇਸ਼ ਅਤੇ ਏਸ਼ੀਆ ਦੇ ਲੋਕਾ ਦੇ ਬਹੁਤਾਤ ਕਰਕੇ ਜ਼ਿਆਦਾ ਫਰਕ ਮਹਿਸੂਸ ਨਹੀਂ ਹੁੰਦਾ। ਆਪਣੇ ਦੇਸ਼ ਦੇ ਲੋਕਾਂ 'ਚ ਰਹਿੰਦਿਆਂ ਓਪਰਾ ਹੀ ਨਹੀਂ ਲੱਗਦਾ। ਮੱਖਣ ਬੈਂਸ ਹੋਰੀਂ ਦੱਸਦੇ ਹਨ ਕਿ ਉਹ ਆਪਣੇ ਪਿੰਡ ਰਹਿੰਦੇ ਚਾਚੇ, ਤਾਏ ਅਤੇ ਹੋਰ ਸਾਕਾਂ, ਸਬੰਧੀਆਂ, ਦੋਸਤਾਂ ਨੂੰ ਮਿਲਣ ਲਈ ਸਾਲ ਡੇਢ ਸਾਲ ਬਾਅਦ ਇੰਡੀਆ ਦਾ ਗੇੜਾ ਜ਼ਰੂਰ ਲਗਾ ਆਉਂਦੇ ਹਨ। ਕੰਪਿਊਟਰ ਯੁੱਗ ਵਿਚ ਦੋਸਤਾਂ ਸਬੰਧੀਆਂ ਨਾ਼ਲ ਮਿਲਾਪ ਹੁਣ ਤਾਂ ਵਰ੍ਹਿਆਂ ਬਾਅਦ ਵੀ ਸਮਾਜਿਕ ਨੈਟਵਰਕ ਰਾਹੀਂ ਸੰਭਵ ਹੋ ਗਿਆ ਹੈ। ਉਨ੍ਹਾਂ ਦੇ ਜੋਧਪੁਰ ਦੇ ਪੁਰਾਣੇ ਦੋਸਤ ਫੇਸਬੁੱਕ ਰਾਹੀਂ ਫਿਰ ਤੋਂ ਮਿਲ ਪਏ ਹਨ।

ਅਮਰੀਕਾਂ ਵਿਚ ਪੰਜਾਬੀ ਜਾਂ ਭਾਰਤੀ ਭਾਈਚਾਰੇ ਦੇ ਕਿਸੇ ਵੀ ਵੱਡੇ ਛੋਟੇ ਸਮਾਗਮਾਂ, ਸੰਸਥਾਵਾਂ ਦੇ ਪ੍ਰੋਗਰਾਮਾਂ ਚ ਉਨ੍ਹਾਂ ਦੀ ਕੈਟਰਿੰਗ ਦਾ ਤਿਆਰ ਖਾਣਾ ਹੀ ਅਕਸਰ ਮਿਲਦਾ ਹੈ। ਕਈਂ ਧਾਰਮਿਕ ਤੇ ਹੋਰ ਸਮਾਗਮਾਂ ਚ ਲੰਗਰ ਦੀ ਸੇਵਾ ਫਰੀ ਕੀਤੀ ਜਾਂਦੀ ਹੈ। ਇਹਨਾਂ ਸਮਾਗਮਾਂ ਦੇ ਲੰਗਰਾਂ ਵਿਚ ਰਾਜਾ ਸਵੀਟਸ ਦੁਆਰਾ ਵਰਤਾਈਆ ਜਾਂਦੀਆ ਜਲੇਬੀਆਂ ਖਾਸ ਖਿੱਚ ਦਾ ਕੇਂਦਰ ਬਣਦੀਆਂ ਹਨ ਲੰਗਰ ਦੀ ਸੇਵਾ ਅਤੇ ਧਾਰਮਿਕ ਕੰਮਾਂ ਲਈ ਗੁਰਦੁਆਰੇ, ਚਰਚ, ਮਸਜਿਦ, ਮੰਦਰ ਨੂੰ ਬਰਾਬਰ ਮਾਣ ਸਤਿਕਾਰ ਦਿੱਤਾ ਜਾਂਦਾ ਹੈ। ਬਿਨ੍ਹਾਂ ਕਿਸੇ ਭੇਦ ਭਾਵ ਤੋਂ ਸੇਵਾ ਚ ਵਧ ਚੜ ਕੇ ਯੋਗਦਾਨ ਪਾਉੱਣਾ ਉਨ੍ਹਾਂ ਦੀ ਸ਼ਰਧਾ ਦਾ ਪ੍ਰਤੱਖ ਪਰਮਾਣ ਹੈ। ਸੇਵਾ ਵਿਚ ਅੱਗੇ ਰਹਿਣ ਦੇ ਬਾਵਜੂਦ ਵੀ ਉਹ ਸਦਾ ਛਿਪੇ ਰਹਿਣ ਦੀ ਚਾਹ ਰੱਖਦੇ ਹਨ। ਪਰ ਮਠਿਆਈਆਂ ਦੀ ਮਹਿਕ ਵਾਂਗ ਉਹਨਾਂ ਦੇ ਸਮਾਜਿਕ ਧਾਰਮਿਕ ਯੋਗਦਾਨ ਨੂੰ ਛਿਪਾਇਆ ਨਹੀ ਜਾ ਸਕਦਾ। ਅਮਰੀਕਾ ਵਿਚ ਹੁੰਦੇ ਕਬੱਡੀ ਟੂਰਨਾਮੈਂਟਾਂ ਅਤੇ ਹੋਰ ਖੇਡਾਂ ਨੂੰ ਪਰਮੋਟ ਕਰਨ ਲਈ ਉਹਨਾਂ ਵਲੋਂ ਵਡਮੁੱਲਾ ਯੋਗਦਾਨ ਪਾਇਆ ਜਾਂਦਾ ਹੈ। ਪਿੰਡ ਦੇ ਵਿਕਾਸ ਪ੍ਰਤੀ ਗੰਭੀਰ ਮੱਖਣ ਬੈਂਸ ਦਾ ਵਿਚਾਰ ਹੈ ਕਿ ਜੇਕਰ ਸਰਕਾਰ ਐਨ.ਆਰ.ਆਈ. ਵੱਲੋ ਇੱਕਠੇ ਕੀਤੇ ਪੈਸਿਆਂ ਜਿੰਨੀ ਗ੍ਰਾਂਟ ਜਾਂ ਕੋਈ ਸਬਸਿਤੀ ਦੇਵੇ ਤਾਂ ਕੋਈ ਪਲਾਂਟ ਜਾਂ ਉਦਯੋਗਿਕ ਇਕਾਈ ਲਾ ਕੇ ਰੋਜ਼ਗਾਰ ਅਤੇ ਵਿਕਾਸ ਲਈ ਉਹ ਹੋਰ ਐਨ.ਆਰ.ਆਈ ਦੇ ਮੱਦਦ ਨਾਲ ਕੋਈ ਵੀ ਉੱਦਮ ਕਰਨ ਲਈ ਤਿਆਰ ਹਨ। ਉਨ੍ਹਾਂ ਦਾ ਪਿੰਡ ਸ਼ਹੀਦ ਭਗਤ ਸਿੰਘ ਨਗਰ ਜ਼ਿਲੇ ਚ ਪੈਦਾ ਹੋਣ ਦਾ ਵੀ ਉਨ੍ਹਾਂ ਨੂੰ ਫ਼ਖਰ ਹੈ। ਖਟਕੜ ਕਲਾਂ ਚ ਉਹ ਬਚਪਨ ਵਿਚ ਕਈ ਵਾਰ ਸ਼ਹੀਦ ਭਗਤ ਸਿੰਘ ਦਾ ਘਰ ਵੀ ਦੇਖ ਕੇ ਆਉਂਦੇ ਰਹੇ ਹਨ ਕਿਉਂਕਿ ਉਨ੍ਹਾਂ ਦੇ ਮਾਮਾ ਜੀ ਖੜਕੜ ਕਲਾਂ ਵਿਆਹੇ ਹੋਏ ਹਨ। ਆਪਣੇ ਜਿਲ੍ਹੇ ਦੀਆਂ ਸਖਸ਼ੀਅਤਾਂ ਨਾ਼ਲ ਮਿਲ ਕਿ ਨਵਾਂਸ਼ਹਿਰ ਨਾਇਟ ਦਾ ਆਯੋਜਨ ਵੀ ਸ਼ੁਰੂ ਕੀਤਾ ਗਿਆ ਹੈ ਤਾਂ ਕਿ ਜਿਲ੍ਹੇ ਦੇ ਸਾਰੇ ਲੋਕ ਇੱਕਠੇ ਹੋ ਕੇ ਕੋਈ ਉਸਾਰੂ ਆਗਾਜ਼ ਕਰ ਸਕਣ।

ਉਨ੍ਹਾਂ ਦਾ ਸੰਦੇਸ਼ ਹੈ ਕਿ ਉਹ ਚੰਗਾ ਮਾਹੌਲ ਸਿਰਜਣ ਅਤੇ ਨਸ਼ਾ ਰਹਿਤ ਸਮਾਜ ਬਣਾ ਕੇ ਪੜ੍ਹਾਈ ਵੱਲ ਪੂਰਾ ਧਿਆਨ ਦੇਣ ਤਾਂ ਜੋ ਚੰਗਾ ਰੋਜ਼ਗਾਰ ਮਿਲ ਸਕੇ। ਅਗਾਂਹਵਧੂ ਸਮਾਜ ਸਿਰਜਿਆ ਜਾ ਸਕੇ। ਵਿਦੇਸ਼ ਜਾਣ ਲਈ ਵੀ ਸਹੀ ਢੰਗ ਤਰੀਕੇ ਅਪਣਾਏ ਜਾਣ, ਆਪਣੇ ਆਪ ਨੂੰ ਜੋਖ਼ਮ ਵਿਚ ਪਾ ਕੇ ਨਹੀਂ ਜਾਣਾ ਚਾਹੀਦਾ। ਆਪਣੇ ਕਾਰੋਬਾਰ ਤੋਂ ਤਸੱਲੀ ਪ੍ਰਗਾਟਾਉਂਦੇ ਉਨ੍ਹਾਂ ਦੱਸਿਆ ਕਿ ਉਹ ਪਹਿਲਾਂ ਹਸਪਤਾਲ ਵਿੱਚ ਫਾਈਨੈਂਸ ਡਾਇਰੈਕਟਰ ਸਨ। ਉਸ ਵਿਚ ਮੁਨਾਫ਼ਾ ਕਮਾਉਣ ਦੀ ਪਹਿਲ ਹੁੰਦੀ ਸੀ ਜੋ ਮਰੀਜ਼ਾਂ ਤੋਂ ਆਉਣਾ ਹੁੰਦਾ ਸੀ ਉਸ ਨਾਲ ਦਿਲ ਖੁਸ਼ ਨਹੀਂ ਸੀ ਹੁੰਦਾ। ਪਰ ਹੁਣ ਦਾ ਬਿਜ਼ਨਸ ਤਾਂ ਜੁੜਿਆ ਹੀ ਖੁਸ਼ੀ ਨਾਲ ਹੈ। ਅਸੀਂ ਇਸ ਰਾਹੀ ਸਭ ਦੀਆਂ ਖੁਸ਼ੀਆਂ ਵਿਚ ਸ਼ਰੀਕ ਹੁੰਦੇ ਹਾਂ ਇਸ ਨਾਲ ਮਨ ਨੂੰ ਖੁਸ਼ੀ ਮਿਲਦੀ ਹੈ, ਸਕੂਨ ਮਿਲਦਾ ਹੈ।

ਇਹ ਖੁਸ਼ੀ ਉਸ ਵਕਤ ਦੁੱਗਣੀ ਹੋ ਜਾਂਦੀ ਹੈ ਜਦੋਂ ਆਪਣੇ ਭਾਈਚਾਰੇ ਤੇ ਦੇਸ਼ ਦੇ ਲੋਕਾਂ ਵੱਲੋਂ ਅਤੇ ਅਮਰੀਕਾ ਸਰਕਾਰ ਵੱਲੋਂ ਵੀ ਮਾਣ ਸਨਮਾਨ ਮਿਲਦਾ ਹੈ। ਬਹੁਤ ਸਾਰੀਆਂ ਪ੍ਰਬੰਧਕ ਕਮੇਟੀਆਂ,ਸੰਸਥਾਵਾਂ ਉਨ੍ਹਾਂ ਦਾ ਸਨਮਾਨ ਕਰ ਚੁੱਕੀਆ ਹਨ। ਦਸੰਬਰ 2011 ਮੱਖਣ ਸਿੰਘ ਬੈਂਸ ਨੂੰ ਕੈਲੇਫੋਰਨੀਆ ਸਟੇਟ ਅਸੰਬਲੀ ਵੱਲੋਂ ਮਤਾ ਪਾਸ ਕਰਕੇ ਹੀਰੋ ਆਫ਼ ਯੂਨੀਅਨ ਸਿਟੀ ਐਵਾਰਡ ਨਾਲ ਨਿਵਾਜ਼ਿਆ ਹੈ ਜੋ ਸਮੂਹ ਪੰਜਾਬੀ ਭਾਈਚਾਰੇ ਅਤੇ ਭਾਰਤ ਵਾਸਤੇ ਵੀ ਫਖ਼ਰ ਦੀ ਗੱਲ ਹੈ। ਮੱਖਣ ਸਿੰਘ ਇਸ ਐਵਾਰਡ ਤੇ ਖੁਸ਼ੀ ਮਹਿਸੂਸ ਕਰਦੇ ਕਹਿੰਦੇ ਹਨ ਕਿ ਇਹ ਉਹਨਾਂ ਦੇ ਸਮੁੱਚੀ ਮਿਹਨਤ ਤੇ ਸਾਂਝ ਦਾ ਸਿੱਟਾ ਹੈ। ਇਸ ਤਰ੍ਹਾਂ ਹੀ ਉਨ੍ਹਾਂ ਨੂੰ ਬੁਹਤ ਸਾਰੀਆਂ ਸੰਸਥਾਵਾਂ ਚ ਪ੍ਰਮੁੱਖ ਅਹੁਦਿਆਂ ਦਾ ਮਾਣ ਵੀ ਮਿਲਿਆ ਹੈ। ਉਹ ਐਲਮੀਡਾ ਕਾਉਂਟੀ ਵਿਚ ਹਾਊਸਿੰਗ ਐਂਡ ਕਮਿਊਨਿਟੀ ਡੀਵੈਲਪਮੈਂਟ ਦੇ ਕਮਿਸ਼ਨਰ ਵੀ ਹਨ। ਸਟੇਟ ਦੇ 90 ਹਜ਼ਾਰ ਤੋਂ ਵੱਧ ਰੈਸੋਰਟਾਂ ਦੀ ਐਸੋਸੀਏਸ਼ਨ ਦੇ ਬੋਰਡ ਆਫ਼ ਡਾਇਰੈਕਟਰਜ਼ 'ਚ ਸ਼ਾਮਿਲ ਹਨ। ਮੱਖਣ ਸਿੰਘ 6 ਸਾਲ ਤੱਕ ਚੈਂਬਰ ਕਮਰਸ ਦੇ ਵੀ ਡਾਇਰੈਕਟਰ ਰਹਿ ਚੁੱਕੇ ਹਨ।

ਇਸ ਮਾਣ ਮੱਤੀ ਸਖਸ਼ੀਅਤ ਦੀਆਂ ਪ੍ਰਾਪਤੀਆਂ ਦੀ ਬੜੀ ਲੰਬੀ ਤਫ਼ਸੀਲ ਹੈ ਜੋ ਉਨ੍ਹਾਂ ਦੇ ਸਮਾਜਿਕ ਕੱਦ ਨੂੰ ਬੁਲੰਦੀ ਪ੍ਰਦਾਨ ਕਰਦੀ ਹੈ। ਉਨ੍ਹਾਂ ਵਲੋਂ ਕੀਤੀ ਚੀਨ ਯਾਤਰਾ ਦੌਰਾਨ ਚੀਨ ਦੀ ਦੀਵਾਰ ਦੀ ਯਾਦ ਜ਼ਿੰਦਗੀ ਦੀਆਂ ਹੁਸੀਨ ਯਾਦਾਂ 'ਚ ਸ਼ਾਮਲ ਹੈ। ਅਖ਼ਬਾਰ "ਦੇਸ਼ ਦੁਆਬਾ", "ਅੰਬੇਦਕਰ ਟਾਈਮਜ਼" ਸੰਬੰਧੀ ਉਨ੍ਹਾਂ ਦਾ ਕਹਿਣਾ ਹੈ ਇਹ ਪੱਤਰਕਾਰੀ ਵਿਚ ਇੱਕ ਵਧੀਆ ਉਪਰਾਲਾ ਹੈ ਕਿਸੇ ਵੀ ਤਰ੍ਹਾਂ ਦੀ ਧੜੇਬੰਦੀ ਅਤੇ ਪੱਖਪਾਤ ਤੋਂ ਰਹਿਤ ਪੇਪਰ ਹੈ। ਇਸ ਦਾ ਹਰ ਅੰਕ ਸਾਂਭਣ ਯੋਗ ਬਣਦਾ ਜਾ ਰਿਹਾ ਹੈ। ਇਹ ਇਸ ਤਰ੍ਹਾਂ ਹੀ ਚੱਲਦਾ ਰਹਿਣਾ ਚਾਹੀਦਾ ਹੈ ਅਸੀਂ ਮੱਦਦ ਕਰਦੇ ਰਹਾਂਗੇ। ਇਸ ਦੇ ਵੀਕਲੀ ਹੋਣ ਤੇ ਉਨ੍ਹਾਂ ਵਿਸ਼ੇਸ਼ ਤੌਰ ਤੇ ਵਧਾਈ ਦਿੱਤੀ।

ਡਾਕਟਰ ਅੰਬੇਦਕਰ ਸੰਬੰਧੀ ਉਨ੍ਹਾਂ ਕਿਹਾ ਕਿ ਸਮੱਚੇ ਭਾਰਤ ਵਿਚ ਭਾਈਵਾਲਤਾ, ਸਿੱਖਿਆ, ਰਾਜਨੀਤੀ 'ਚ ਕਮਜ਼ੋਰ ਵਰਗਾਂ ਨੂੰ ਹੱਕ ਦਿਵਾ ਕੇ ਬਰਾਬਰਤਾ ਲਿਆਉਣ ਵਾਲੇ ਉਹ ਇੰਡੀਆ ਦੇ ਅਸਲ ਮਹਾਤਮਾ ਹੋਏ ਹਨ। ਮਠਿਆਈ ਦੇ ਵੱਡੇ ਕਾਰੋਬਾਰੀ ਮੱਖਣ ਬੈਂਸ ਨੂੰ ਉੱਦਾਂ ਤਾਂ ਆਪਣੀਆਂ ਸਾਰੀਆਂ ਮਠਿਆਈਆਂ ਪਸੰਦ ਹਨ ਪਰ ਉਹਨਾਂ ਦੀ ਪਹਿਲੀ ਪਸੰਦ ਦੇਸੀ ਵੇਸਣ ਅਤੇ ਗੁਲਾਬ ਜਾਮਣ ਹੈ। ਕਾਮਨਾ ਹੈ ਕਿ ਅਮਰੀਕਾ ਚ ਆਪਣੇ ਮਾਤਾ, ਪਿਤਾ ,ਪਤਨੀ ਬਲਜੀਤ ਕੌਰ, ਬੇਟੇ ਰਮਨਜੋਤ ਸਿੰਘ ਬੈਂਸ-ਜੋ ਬਾਇਓ ਸਾਇਕੋਲੋਜੀ ਦੀ ਡਿਗਰੀ ਕਰ ਚੁੱਕਾ ਹੈ, ਮੈਥ ਅਤੇ ਇਨਵਾਇਰਨਮੈਂਨਟਲ ਸਾਇੰਸ ਚ ਡਿਗਰੀ ਹਾਸਿਲ ਕਰ ਚੁੱਕੀ ਬੇਟੀ ਗੁਰਸ਼ਰਨ ਕੌਰ ਜੋ ਸੌਕਰ ਖਿਡਾਰਨ ਵੀ ਹੈ ਅਤੇ ਆਪਣੀ ਉਮਰ ਵਰਗ ਵਿਚ ਨੈਸ਼ਨਲ ਪੱਧਰ ਤੱਕ ਖੇਡ ਚੁੱਕੀ ਹੈ-ਸਮੇਤ ਰਹਿ ਰਹੇ ਹਨ। ਮੱਖਣ ਸਿੰਘ ਬੈਂਸ ਦੇ ਪਰਿਵਾਰਕ ਇਤਫ਼ਾਕ, ਭਰਾਵਾਂ ਵਰਗੇ ਕਾਰੋਬਾਰੀ ਭਾਗੀਦਾਰ ਗਿਆਨੀ ਰਵਿੰਦਰ ਸਿੰਘ ਦੇ ਸਾਥ, ਸ਼੍ਰੀ ਨਾਭ ਕੰਵਲ ਰਾਜਾ ਸਾਹਿਬ ਦੀ ਆਪਾਰ ਕ੍ਰਿਪਾ ਨਾਲ ਸਮਾਜ ਸੇਵਾ ਚ ਨਾ਼ਲ ਆਪਣੀ ਚੰਗੀ ਸਾਖ਼ ਹੈ ਕਾਮਨਾ ਹੈ ਉਹ ਆਪਣੇ ਕਾਰੋਬਾਰ 'ਚ ਵੱਡੀਆਂ ਮੱਲਾਂ ਮਾਰਨ ਤੇ ਹੋਰ ਵੀ ਬੁਲੰਦੀਆਂ ਸਰ ਕਰਨ।

*(ਦੇਸ਼ ਦੁਆਬਾ ਦਾ 4 ਮਈ 2016 ਦਾ ਇਕ ਪੁਰਾਣਾ ਲੇਖ)*

# ਸ.ਮੇਜ਼ਰ ਸਿੰਘ ਬੈਂਸ ਦਾ 80ਵਾਂ ਜਨਮ ਦਿਨ ਸੁੱਘੜ ਪਰਿਵਾਰਕ/ਸਮਾਜਿਕ ਸਬੰਧਾਂ ਦੀ ਮਿਸਾਲ















# ਸ.ਮੇਜ਼ਰ ਸਿੰਘ ਬੈਂਸ ਦਾ 80ਵਾਂ ਜਨਮ ਦਿਨ ਸੁੱਘੜ ਪਰਿਵਾਰਕ/ਸਮਾਜਿਕ ਸਬੰਧਾਂ ਦੀ ਮਿਸਾਲ
















ਦੇ ਸ਼ਬਦ ਅਤੇ ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

ਅਮਰੀਕਾ ਦੀ ਗੋਲਡਨ ਸਟੇਟ ਵਜੋਂ ਜਾਣੀ ਜਾਂਦੀ ਸਟੇਟ ਕੈਲੇਫੋਰਨੀਆ 'ਚ ਮਠਿਆਈਆਂ ਤੇ ਕੇਟਰਿੰਗ ਦੇ ਕਾਰੋਬਾਰ 'ਚ ਬਾਦਸ਼ਾਹੀ ਕਾਇਮ ਕਰਨ ਵਾਲੇ ਅਤੇ ਉਸ ਉਪਰੰਤ ਬੈਂਕਟ ਹਾਲ ਦੀ ਦੁਨੀਆਂ 'ਚ ਪੈਰਾਡਾਈਜ਼ ਬਾਲਰੂਮਜ਼ ਬੈਂਕਟ ਹਾਲ ਅਤੇ ਇਵੈਂਟ ਸੈਂਟਰ ਬਣਾ ਕੇ ਆਪਣੇ ਕਾਰੋਬਾਰ 'ਚ ਬੁਲੰਦੀਆਂ ਛੂਹਣ ਵਾਲੇ ਸ. ਮੱਖਣ ਸਿੰਘ ਬੈਂਸ ਅਤੇ ਗਿਆਨੀ ਰਵਿੰਦਰ ਸਿੰਘ ਜੀ ਦਾ ਨਾਂ ਪੰਜਾਬੀ/ ਭਾਰਤੀ ਭਾਈਚਾਰੇ ਤੋਂ ਇਲਾਵਾ ਏਸ਼ੀਅਨ ਅਤੇ ਨੌਨ ਏਸ਼ੀਅਨ ਭਾਈਚਾਰੇ ਦੇ ਲੋਕਾਂ 'ਚ ਵਿਸ਼ੇਸ਼ ਨਾਂ ਹੈ। ਇਹਨਾਂ ਦੋਹਾਂ ਦੀ ਆਪਣੇ ਕੰਮ ਪ੍ਰਤੀ ਲਗਨ, ਸਖਤ ਮਿਹਨਤ, ਅਨੁਸ਼ਾਸਨ, ਪਿਆਰ/ਸਤਿਕਾਰ ਤੇ ਇਤਫਾਕ ਹੀ ਕਿਹਾ ਜਾ ਸਕਦਾ ਹੈ। ਅਦਾਰਾ 'ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ' ਨੂੰ ਇਹਨਾਂ ਵੱਲੋਂ ਲੱਗਭੱਗ ਸ਼ੁਰੂ ਤੋਂ ਹੀ ਪੂਰਨ ਸਹਿਯੋਗ ਮਿਲਿਆ ਹੈ।

ਪਿਛਲੇ ਦਿਨੀਂ ਸ. ਮੱਖਣ ਸਿੰਘ ਬੈਂਸ ਵੱਲੋਂ ਸੱਦਾ ਪੱਤਰ ਮਿਲਿਆ ਕਿ ਅਸੀਂ ਆਪਣੇ ਪੂਜਨੀਕ ਪਿਤਾ ਸ. ਮੇਜ਼ਰ ਸਿੰਘ ਬੈਂਸ ਜੀ ਦਾ 80ਵਾਂ ਜਨਮ ਦਿਨ 1 ਜੂਨ ਨੂੰ ਮਨਾਉਣ ਜਾ ਰਹੇ ਹਾਂ। ਮਨ ਨੂੰ ਬੜੀ ਖੁਸ਼ੀ ਹੋਈ ਤੇ ਬੈਂਸ ਭਰਾ ਨੂੰ ਵਧਾਈਆਂ ਦੇ ਕੇ ਖੁਸ਼ੀ ਦੀ ਕੋਈ ਹੱਦ ਨਾ ਰਹੀ ਤੇ 1 ਜੂਨ ਨੂੰ ਪੈਰਾਡਾਈਜ਼ ਬਾਲਰੂਮਜ਼ ਬੈਂਕਟ ਹਾਲ ਐਂਡ ਇਵੈਂਟ ਸੈਂਟਰ ਪਹੁੰਚ ਕੇ ਖੁਸ਼ੀਆਂ ਹੀ ਖੁਸ਼ੀਆਂ ਦਾ ਪਰਿਵਾਰਕ ਤੇ ਸਮਾਜਿਕ ਅਤੀ ਸੁੰਦਰ ਮਾਹੌਲ ਦੇਖ ਕੇ ਕੈਮਰਾ ਕੋਲ ਨਾ ਹੋਣ ਦੇ ਬਾਵਜੂਦ ਵੀ ਖੁਸ਼ੀ ਦੇ ਪਲਾਂ ਨੂੰ ਆਪਣੇ ਆਈਫੋਨ ਦੇ ਕੈਮਰੇ 'ਚ ਸਮਾ ਲੈਣ ਤੋਂ ਰਿਹਾ ਨਾ ਗਿਆ।

ਇਸ ਸ਼ੁਭ ਮੌਕੇ ਮੱਖਣ ਸਿੰਘ ਬੈਂਸ ਦੇ ਪੂਜਨੀਕ ਪਿਤਾ ਸ. ਮੇਜ਼ਰ ਸਿੰਘ ਬੈਂਸ ਤੇ ਮਾਤਾ ਸਰਦਾਰਨੀ ਚਰਨ ਕੌਰ ਬੈਂਸ ਤੋਂ ਇਲਾਵਾ ਸੁਪਤਨੀ ਸਰਦਾਰਨੀ ਬਲਜੀਤ ਕੌਰ ਬੈਂਸ, ਸਪੁੱਤਰ ਰਮਨਜੋਤ ਸਿੰਘ ਬੈਂਸ ਤੇ ਬੇਟੀ ਗੁਰਸ਼ਰਨ ਕੌਰ ਬੈਂਸ, ਇੰਗਲੈਂਡ ਤੋਂ ਉਚੇਚੇ ਤੌਰ 'ਤੇ ਪਹੁੰਚੇ ਭੈਣ ਸੁੱਖੀ ਧਾਲੀਵਾਲ ਤੇ ਜੀਜਾ ਜੋਧਵੀਰ ਧਾਲੀਵਾਲ ਅਤੇ ਉਹਨਾਂ ਦੀ ਸਪੁੱਤਰੀ ਸੋਨਮ ਧਾਲੀਵਾਲ ਅਤੇ ਕੈਨੇਡਾ ਦੇ ਕੈਲਗਰੀ ਸ਼ਹਿਰ ਤੋਂ ਪ੍ਰਸ਼ੋਤਮ ਸਿੰਘ ਪਰਿਹਾਰ ਤੇ ਪਰਿਵਾਰ ਆਦਿ ਨੇ ਵਿਸ਼ੇਸ਼ ਤੌਰ 'ਤੇ ਖੁਸ਼ੀ ਦੇ ਪਲਾਂ 'ਚ ਸ਼ਿਰਕਤ ਕੀਤੀ।

ਸ. ਮੇਜ਼ਰ ਸਿੰਘ ਬੈਂਸ ਜੀ ਦੇ ਆਪਣੇ ਜੱਦੀ ਪਿੰਡ ਮੱਲਾਂ ਬੇਦੀਆਂ ਅਤੇ ਸਹੁਰੇ ਪਿੰਡ ਮਜ਼ਾਰਾ ਰਾਜਾ ਸਾਹਿਬ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਪੰਜਾਬ) ਦੇ ਪਰਿਵਾਰਕ ਮੈਂਬਰ ਤੇ ਦੋਵਾਂ ਪਿੰਡਾਂ ਤੋਂ ਸੱਜਣ-ਮਿੱਤਰ ਵੀ ਵਧਾਈਆਂ ਦੇਣ ਲਈ ਉਚੇਚੇ ਤੌਰ 'ਤੇ ਹਾਜ਼ਰ ਸਨ। ਇਹਨਾਂ ਦੋਹਾਂ ਪਾਸਿਆਂ ਤੋਂ ਆਉਣਾ, ਉਹ ਵੀ ਇੰਨੀ ਖੁਸ਼ੀ ਨਾਲ ਜਿਵੇਂ ਅੱਜ ਜਨਮ ਦਿਨ ਨਾ ਹੋ ਕੇ ਕਿਸੇ ਵਿਆਹ ਦੀ ਖੁਸ਼ੀ 'ਚ ਆਏ ਹੋਣ, ਜਿੱਡਾ ਚਾਅ ਸੀ।।

ਸੱਚ ਪੁੱਛੋ ਤਾਂ ਮੈਨੂੰ ਮੱਖਣ ਬੈਂਸ ਦੇ ਨਾਨਕਿਆਂ 'ਚ ਜ਼ਿਆਦਾ ਸਮਾਂ ਬੈਠਣ ਨੂੰ ਮਿਲਿਆ, ਉਹ ਵੀ ਦੋਸਤ ਜੱਗੀ ਜ਼ੈਲਾ ਜੋ ਪਿੰਡ ਮਜ਼ਾਰਾ ਰਾਜਾ ਸਾਹਿਬ ਦੇ ਹੀ ਰਹਿਣ ਵਾਲੇ ਅਤੇ ਹਾਲ ਹੀ ਵਿਚ ਪਿਟਸਬਰਗ ਰਹਿ ਰਹੇ ਹਨ, ਦੀ ਸੰਗਤ ਨਾਲ। ਇਸ ਖੁਸ਼ੀ ਨੂੰ ਮੇਰੇ ਲਈ ਬਿਆਨ ਕਰਨਾ ਮੁਸ਼ਕਿਲ ਹੈ ਕਿ ਜਦੋਂ ਮੱਖਣ ਬੈਂਸ ਦੇ ਨਾਨਕਿਆਂ ਨੂੰ ਮਾਤਾ ਚਰਨ ਕੌਰ ਬੈਂਸ ਜੀ ਨੂੰ ਮਿਲਦੇ ਵੇਖਿਆ ਤਾਂ ਮੈਨੂੰ ਆਪਣੇ ਨਾਨਕੇ ਯਾਦ ਆ ਗਏ।

ਅੱਜ ਦੇ ਸਮੇਂ 'ਚ ਮਾਤਾ ਚਰਨ ਕੌਰ ਬੈਂਸ ਦਾ ਆਪਣੇ ਪੇਕਿਆਂ ਨਾਲ ਪਿਆਰ ਤੇ ਪੇਕਿਆਂ ਦਾ ਆਪਣੀ ਧੀ ਨਾਲ ਇੰਨਾ ਜ਼ਿਆਦਾ ਇਸ ਉਮਰ 'ਚ ਵੀ ਮੋਹ, ਹੋਰ ਤਾਂ ਹੋਰ ਉਥੋਂ ਦੇ ਪਿੰਡ ਵਾਸੀਆਂ ਦਾ ਸੱਤ ਸਮੁੰਦਰ ਪਾਰ ਆ ਕੇ ਵੀ ਆਪਣੇ ਪਿੰਡ ਦੀ ਧੀ ਨਾਲ ਇੰਨਾ ਜ਼ਿਆਦਾ ਸਨੇਹ ਦਰਸਾਉਂਦਾ ਹੈ ਕਿ ਪੁਰਾਣੇ ਸਮੇਂ ਦੇ ਰਸਮੋ-ਰਿਵਾਜ ਕਿਸੇ ਲਾਲਚ ਨਾਲ ਨਾ ਹੋ ਕੇ ਪਿਆਰ ਦੇ ਬੰਧਨ ਸਨ, ਜੋ ਅੱਜ ਵੀ ਬੈਂਸ ਅਤੇ ਗਿੱਲ ਪਰਿਵਾਰਾਂ ਜਾਂ ਉਥੋਂ ਦੇ ਨਗਰ ਨਿਵਾਸੀਆਂ ਨੂੰ ਮਿਲ ਕੇ, ਅੱਖੀਂ ਦੇਖ ਕੇ ਅੱਜ ਦੇ ਮਾਹੌਲ ਨੂੰ ਉਸ ਪ੍ਰਵਰਦਗਾਰ ਪਾਸੋਂ ਕੁਝ ਮੰਗਣ ਨੂੰ ਦਿਲ ਕਰ ਆਇਆ ਕਿ ਹੇ! ਵਾਹਿਗੁਰੂ ਭੈਣ-ਭਰਾਵਾਂ ਤੇ ਪਰਿਵਾਰਾਂ- ਨਗਰ-ਨਿਵਾਸੀਆਂ 'ਚ ਪਿਆਰ/ਸਤਿਕਾਰ ਪਹਿਲਾਂ ਵਰਗਾ ਫਿਰ ਤੋਂ ਹਰ ਇਕ ਦੇ ਮਨ 'ਚ ਵਸਾ ਦੇ। ਅੱਜ ਦੇ ਇਸ ਸ਼ੁਭ ਮੌਕੇ ਜਿੱਥੇ ਸਭ ਨੇ ਸ. ਮੇਜਰ ਸਿੰਘ ਜੀ ਦਾ 80ਵਾਂ ਜਨਮ ਦਿਨ ਮਨਾਏ ਜਾਣ ਦੀਆਂ ਕਿਸੇ ਨਾ ਕਿਸੇ ਰੂਪ ਵਿਚ ਦਿਲੀ ਹਾਰਦਿਕ ਵਧਾਈਆਂ ਦਿੱਤੀਆਂ ਤੇ ਸ. ਬੈਂਸ ਦੀ ਲੰਮੀ ਉਮਰ ਤੇ ਤੰਦਰੁਸਤੀ ਦੀਆਂ ਸ਼ੁਭ ਕਾਮਨਾਵਾਂ ਕੀਤੀਆਂ, ਉਥੇ ਸ. ਅਮੋਲਕ ਸਿੰਘ ਗਾਖਲ ਦੀ ਸਰਪ੍ਰਸਤੀ 'ਚ ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਦੇ ਮੈਂਬਰਾਂ ਵੱਲੋਂ ਸ. ਮੇਜ਼ਰ ਸਿੰਘ ਬੈਂਸ ਜੀ ਨੂੰ ਇਕ ਵੱਡਾ ਸਾਰਾ ਸਪੋਰਟਸ ਕੱਪ ਭੇਂਟ ਕਰਦਿਆਂ ਦਿਲੀ ਹਾਰਦਿਕ ਵਧਾਈਆਂ ਦਿੱਤੀਆਂ, ਉਥੇ ਸ੍ਰੀ ਜਗਦੇਵ ਰਾਮ ਅਤੇ ਅਜੈਪਾਲ ਰਾਮ, ਸ੍ਰੀ ਸ਼ਰਮਾ ਨੇ ਵੀ ਸ਼ਿਰਕਤ ਕੀਤੀ। ਯਾਦ ਰਹੇ ਸ. ਮੱਖਣ ਸਿੰਘ ਬੈਂਸ ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਦੇ ਚੇਅਰਮੈਨ ਵੀ ਹਨ।

ਸ. ਮੇਜ਼ਰ ਸਿੰਘ ਬੈਂਸ ਜੀ ਦੇ 80ਵੇਂ ਜਨਮ ਦਿਨ 'ਤੇ ਇਕ ਵੱਡੇ ਆਕਾਰ ਦਾ ਕੇਕ ਕੱਟਿਆ ਗਿਆ ਤੇ ਸਭ ਨਾਲ ਸਾਂਝਾ ਕੀਤਾ। ਇਸ ਮੌਕੇ ਉਹਨਾਂ ਦੇ ਸਪੁੱਤਰ ਸ. ਮੱਖਣ ਸਿੰਘ ਬੈਂਸ ਅਤੇ ਸਪੁੱਤਰੀ ਸੁਖਵਿੰਦਰ ਧਾਲੀਵਾਲ (ਸੁੱਖੀ ਧਾਲੀਵਾਲ) ਨੇ ਆਪਣੇ ਪਿਤਾ ਜੀ ਦੇ ਜਨਮ ਦਿਨ 'ਤੇ ਸਾਰੇ ਸਕੇ-ਸਬੰਧੀ ਰਿਸ਼ਤੇਦਾਰ-ਮਹਿਮਾਨਾਂ ਨਾਲ ਖੁਸ਼ੀ ਸਾਂਝੀ ਕਰਦਿਆਂ ਆਪਣੇ ਬਚਪਨ ਦੀਆਂ ਪਰਿਵਾਰਕ ਅਭੁੱਲ ਯਾਦਾਂ, ਸ਼ਰਾਰਤਾਂ, ਪ੍ਰਾਪਤੀਆਂ ਤੇ ਮਾਤਾ-ਪਿਤਾ ਦਾ ਲਾਡ/ਪਿਆਰ ਤੇ ਉਹਨਾਂ ਦੀ ਸਮੂਹ ਪਰਿਵਾਰ ਨੂੰ ਦੇਣ ਆਦਿ ਨੂੰ ਸਾਂਝਾ ਕੀਤਾ।

ਅੱਜ ਦੇ ਪੂਰੇ ਸਮਾਗਮ ਦੀ ਸਟੇਜ ਦੀ ਸੇਵਾ ਸਟੇਜਾਂ ਦੀ ਮਲਿਕਾ ਬੀਬੀ ਆਸ਼ਾ ਸ਼ਰਮਾ ਜੀ ਨੇ ਨਿਭਾਉਂਦਿਆਂ ਜਿੱਥੇ ਬੈਂਸ-ਗਿੱਲ ਪਰਿਵਾਰਾਂ ਦੀ ਜਾਣ-ਪਹਿਚਾਣ ਕਰਵਾਈ, ਉਥੇ ਉਹਨਾਂ ਸਾਰੇ ਹਾਜ਼ਰੀਨ ਮਹਿਮਾਨਾਂ ਦਾ ਬੈਂਸ-ਗਿੱਲ ਪਰਿਵਾਰਾਂ ਵੱਲੋਂ ਦਿਲੀ ਹਾਰਦਿਕ ਧੰਨਵਾਦ ਕੀਤਾ।